JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 221 | Friday, November 18, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਇਹ ਵੀ ਪੜ੍ਹੋ

**ਐਕਸਪ੍ਰੈੱਸ ਐਂਟਰੀ ਵਿੱਚ ਕੈਨੇਡਾ ਨੇ ਸ਼ਾਮਲ ਕੀਤੇ 16 ਨਵੇਂ ਕਿੱਤੇ**



ਪੰਨਾ 02

**ਰੂਸ ਤੇ ਤੀਹ ਹੋਰ ਦੇਸ਼ਾਂ ਦਾ ਠੀਕ ਮਤਾ, ਭਾਰਤ ਵੱਲੋਂ ਠੀਕ ਹਮਾਇਤ, ਪਰ ਇਸ ਤੋਂ ਬਾਅਦ..**



ਜਤਿੰਦਰ ਪਨੂੰ ਦੀ ਕਲਮ ਤੋਂ

ਪੰਨਾ 06

# ਕਾਨੂੰਨ ਬਣ ਗਿਆ ਹੈ ਨੈਸ਼ਨਲ ਡੈਂਟਲ ਕੇਅਰ ਬੈਨੇਫਿਟ

ਓਟਵਾ, 17 ਨਵੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਜਲਦ ਹੀ ਨੈਸ਼ਨਲ ਡੈਂਟਲ ਕੇਅਰ ਕਵਰੇਜ ਸ਼ੁਰੂ ਹੋਣ ਜਾ ਰਹੀ ਹੈ। 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬੈਨੇਫਿਟ ਪ੍ਰੋਗਰਾਮ ਲਾਗੂ ਕਰਨ ਵਾਲਾ ਬਿੱਲ ਪਾਸ ਹੋ ਚੁੱਕਿਆ ਹੈ।

ਘੱਟ ਆਮਦਨ ਵਾਲੇ ਪਰਿਵਾਰਾਂ ਲਈ ਡੈਂਟਲ ਬੈਨੇਫਿਟ ਮੁਹੱਈਆ ਕਰਵਾਉਣ ਵਾਲੇ ਇਸ ਬਿੱਲ ਸੀ-31 ਨੂੰ ਸ਼ਾਹੀ ਮਨਜ਼ੂਰੀ ਮਿਲ ਚੁੱਕੀ ਹੈ ਤੇ ਹੁਣ ਇਹ ਕਾਨੂੰਨ ਬਣ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਹ ਡੈਂਟਲ ਬੈਨੇਫਿਟ ਅਸਲ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਐਨਡੀਪੀ ਆਗੂ ਜਗਮੀਤ ਸਿੰਘ ਦਰਮਿਆਨ ਹੋਏ ਸਮਝੌਤੇ ਦਾ ਹੀ ਨਤੀਜਾ ਹੈ। ਸਰਕਾਰ



ਵੱਲੋਂ ਇਸ ਪ੍ਰੋਗਰਾਮ ਲਈ ਅਰਜ਼ੀਆਂ ਸਵੀਕਾਰਨ ਵਾਸਤੇ ਪਹਿਲੀ ਦਸੰਬਰ ਤਰੀਕ ਤੈਅ ਕੀਤੀ ਗਈ ਹੈ।

ਹੁਣ ਤੋਂ ਇਹ ਬੈਨੇਫਿਟ ਉਨ੍ਹਾਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦਿੱਤੇ ਜਾਣਗੇ ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 90,000 ਡਾਲਰ ਤੋਂ ਘੱਟ ਹੈ। ਸਰਕਾਰ ਅਨੁਸਾਰ ਇਸ ਬੈਨੇਫਿਟ ਤਹਿਤ ਪਰਿਵਾਰ ਦੀ ਆਮਦਨ ਦੇ ਹਿਸਾਬ ਨਾਲ ਹਰ ਸਾਲ ਹਰ ਬੱਚੇ ਨੂੰ 650 ਡਾਲਰ ਦੇ ਬੈਨੇਫਿਟ ਮਿਲਣਗੇ। ਮਿਸਾਲ ਵਜੋਂ

- ਪਰਿਵਾਰ ਦੀ ਸਾਲਾਨਾ ਆਮਦਨ ਜੇ 70,000 ਡਾਲਰ ਤੋਂ ਘੱਟ ਹੈ ਤਾਂ ਪਰਿਵਾਰ ਦੇ ਹਰ ਬੱਚੇ ਨੂੰ 650 ਡਾਲਰ ਮਿਲਣਗੇ
- ਜੇ ਪਰਿਵਾਰ ਦੀ ਆਮਦਨ 70,000 ਡਾਲਰ ਤੋਂ 79,000 ਡਾਲਰ ਦਰਮਿਆਨ ਹੈ ਤਾਂ ਪਰਿਵਾਰ ਦੇ ਹਰ ਬੱਚੇ ਨੂੰ 390 ਡਾਲਰ ਮਿਲਣਗੇ।
- ਜਿਨ੍ਹਾਂ ਪਰਿਵਾਰਾਂ ਦੀ ਸਾਲਾਨਾ ਆਮਦਨ 80,000 ਡਾਲਰ ਤੋਂ 89,999 ਡਾਲਰ ਹੈ ਉਨ੍ਹਾਂ ਨੂੰ 260 ਡਾਲਰ ਪ੍ਰਤੀ ਬੱਚਾ ਮੁਹੱਈਆ ਕਰਵਾਏ ਜਾਣਗੇ।

# ਡੀਲ ਫਾਈਨਲ ਕਰਨ ਲਈ ਵੀਕੈਂਡ ਉੱਤੇ ਮੁੜ ਗੱਲਬਾਤ ਕਰੇਗੀ ਕੂਪ ਤੇ ਸਰਕਾਰ

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ) ਤੇ ਡੱਗ ਫੋਰਡ ਸਰਕਾਰ ਇੱਕ ਵਾਰੀ ਫਿਰ ਹੜਤਾਲ ਨੂੰ ਟਾਲਣ ਲਈ ਤੇ ਕੋਈ ਨਾ ਕੋਈ ਡੀਲ ਫਾਈਨਲ ਕਰਨ ਲਈ ਇਸ ਵੀਕੈਂਡ ਗੱਲਬਾਤ ਕਰਦੇ ਹੋਏ ਬਿਤਾਏਗੀ। ਇਸ ਜਾਣਕਾਰੀ ਵੀਰਵਾਰ ਨੂੰ ਕੂਪ ਦੀ ਸੈਂਟਰਲ ਬਾਰਗੇਨਿੰਗ ਕਮੇਟੀ ਨੇ ਦਿੱਤੀ।

ਇਸ ਬਿਆਨ ਵਿੱਚ ਸਰਕਾਰ ਨੂੰ ਇਹ ਅਪੀਲ ਵੀ ਕੀਤੀ ਗਈ ਕਿ ਉਹ ਵਿਦਿਆਰਥੀਆਂ, ਪਰਿਵਾਰਾਂ ਤੇ ਵਰਕਰਜ਼ ਲਈ ਡੀਲ ਸਿਰੇ ਚੜ੍ਹਾਉਣ ਦੇ ਇਰਾਦੇ ਨਾਲ ਗੱਲਬਾਤ ਲਈ ਪਹੁੰਚੇ। ਕੂਪ ਨੇ ਆਖਿਆ ਕਿ ਦੋਵੇਂ ਧਿਰਾਂ ਐਤਵਾਰ ਨੂੰ ਸ਼ਾਮੀਂ 5:00 ਵਜੇ



ਤੱਕ ਡੀਲ ਪੱਕੀ ਕਰਨ ਲਈ ਰਾਜ਼ੀ ਹੋਈਆਂ ਹਨ।

ਕੂਪ ਨੇ ਬੁੱਧਵਾਰ ਨੂੰ ਇੱਕ ਵਾਰੀ ਫਿਰ ਹੜਤਾਲ ਉੱਤੇ ਜਾਣ ਲਈ ਪੰਜ ਦਿਨਾਂ ਦਾ ਨੋਟਿਸ ਦੇ ਦਿੱਤਾ ਸੀ। ਕੂਪ ਨੇ ਆਖਿਆ ਕਿ ਜਦੋਂ ਤਨਖਾਹ ਦੀ ਗੱਲ ਆਉਂਦੀ ਹੈ ਤਾਂ ਦੋਵੇਂ ਧਿਰਾਂ ਵਿਚਲਾ ਰਾਹ ਲੱਭਣ ਦੇ ਸਮਰੱਥ ਹਨ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਦੋ ਦਿਨ ਪਹਿਲਾਂ ਉਹ ਵਿਚੋਲੇ ਨਾਲ ਗੱਲ ਕਰ ਰਹੇ ਸਨ ਤੇ ਮੁੱਖ ਮੁੱਦਾ ਹੀ ਭੱਤਿਆਂ ਵਿੱਚ ਵਾਧਾ ਸੀ। ਲਿਚੇ ਨੇ ਇਹ ਵੀ ਆਖਿਆ ਕਿ ਹਰ ਵਾਰੀ ਜਦੋਂ ਯੂਨੀਅਨ ਦੀ ਇੱਕ ਮੰਗ ਮੰਨ ਲਈ ਜਾਂਦੀ ਹੈ ਤਾਂ ਉਹ ਅਗਲੀ ਵਾਰੀ ਨਵੀਂ ਮੰਗ ਲੈ ਕੇ ਆ ਜਾਂਦੀ ਹੈ।

ਇਸ ਦੌਰਾਨ 55,000 ਐਜੂਕੇਸ਼ਨ ਦੀ ਸੰਭਾਵੀ ਹੜਤਾਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪ੍ਰੋਵਿੰਸ ਦੇ ਬਹੁਤੇ ਸਕੂਲ ਬੋਰਡਜ਼ ਵੱਲੋਂ ਸਕੂਲਾਂ ਨੂੰ ਬੰਦ ਰੱਖਣ ਤੇ ਰਿਮੋਟ ਲਰਨਿੰਗ ਦਾ ਫੈਸਲਾ ਕੀਤਾ ਗਿਆ ਹੈ।

# ਕੇਲਿਆ ਦੇ ਲੋਡ ਵਿਚੋਂ 43 ਕਿਲੋਗ੍ਰਾਮ ਕੋਕੀਨ ਦੀ ਬਰਾਮਦਗੀ, ਪੰਜਾਬੀ ਟਰੱਕ ਡਰਾਈਵਰ ਗ੍ਰਿਫਤਾਰ



ਕੈਲਗਰੀ , ਅਲਬਰਟਾ, 17 ਨਵੰਬਰ (ਪੋਸਟ ਬਿਊਰੋ): ਜਿੱਥੇ ਪੰਜਾਬ ਵਿਚ ਨਸ਼ਿਆਂ ਦੇ ਜਾਲ ਵਿਚ ਫਸਕੇ ਨੌਜਵਾਨਾਂ ਦੀ ਜ਼ਿੰਦਗੀ ਤਬਾਹ ਹੋ ਰਹੀ ਹੈ ਅਤੇ ਇਸ ਦੇ ਕਾਰੋਬਾਰੀਆਂ ਤੋਂ ਆਏ ਦਿਨ ਬਰਾਮਦੀ ਵੀ ਹੁੰਦੀ ਰਹਿੰਦੀ ਹੈ। ਉੱਥੇ ਹੀ ਕੈਨੇਡਾ ਵਰਗੇ ਦੇਸ਼ ਵਿਚ ਵੀ ਨਸ਼ਿਆਂ ਦਾ ਜਾਲ ਵਛਿਆ ਹੋਇਆ ਹੈ। ਬੀਤੇ ਦਿਨੀਂ ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਵੱਲੋ ਕੈਨੇਡੀਅਨ ਸੂਬੇ ਅਲਬਰਟਾ ਦੇ ਕਾਉਟਸ ਬਾਰਡਰ ਵਿਖੇ ਕੇਲਿਆ ਦੇ ਲੋਡ ਚ ਡਰੱਗ ਬਰਾਮਦਗੀ ਦੇ ਮਾਮਲੇ ਚ ਇੱਕ ਪੰਜਾਬੀ ਟਰੱਕ ਡਰਾਈਵਰ ਨੂੰ ਗ੍ਰਿਫਤਾਰ ਅਤੇ ਚਾਰਜ ਕੀਤਾ ਗਿਆ ਹੈ, ਗ੍ਰਿਫਤਾਰ ਅਤੇ ਚਾਰਜ ਹੋਣ ਵਾਲੇ ਦੀ ਸ਼ਨਾਖਤ ਕੈਲਗਰੀ ਵਾਸੀ ਗੁਰਕੀਰਤ ਸਿੰਘ (26) ਵਜੋਂ ਹੋਈ ਹੈ। ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਮੁਤਾਬਕ 6 ਨਵੰਬਰ ਨੂੰ ਕੇਲਿਆ ਦਾ ਲੋਡ ਲੈਕੇ ਇੱਕ ਕਮਰਸ਼ੀਅਲ ਵਹੀਕਲ ਕੂਟਜ਼ ਬਾਰਡਰ ਵਿਖੇ ਦਾਖਲ ਹੋਇਆ ਤੇ ਸੈਕੰਡਰੀ ਇੰਸਪੈਕਸ਼ਨ ਦੌਰਾਨ ਲੋਡ ਚੋਂ 43 ਕਿਲੋਗ੍ਰਾਮ ਕੋਕੀਨ ਦੀ ਬਰਾਮਦਗੀ ਹੋਈ ਹੈ। ਇਸ ਮਾਮਲੇ ਵਿਚ ਗ੍ਰਿਫਤਾਰ ਗੁਰਕੀਰਤ ਸਿੰਘ ਦੀ ਅਦਾਲਤ ਚ ਪੇਸ਼ੀ ਵੀਰਵਾਰ ਦੀ ਪਈ ਹੈ।

...ਬਾਕੀ ਪੰਨਾ 4 'ਤੇ

# ਟਰੂਡੋ ਨੇ ਯੂਕਰੇਨੀ ਸੈਨਿਕਾਂ ਨੂੰ ਕੈਨੇਡਾ ਵੱਲੋਂ ਦਿੱਤੀ ਜਾ ਰਹੀ ਮਿਲਟਰੀ ਟਰੇਨਿੰਗ ਦੀ ਮਿਆਦ ਵਧਾਈ

ਇੰਡੋਨੇਸ਼ੀਆ, 17 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਯੂਕਰੇਨ ਦੇ ਸੈਨਿਕਾਂ ਨੂੰ ਕੈਨੇਡਾ ਵੱਲੋਂ ਦਿੱਤੀ ਜਾ ਰਹੀ ਟਰੇਨਿੰਗ ਵਿੱਚ ਹੋਰ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਹੈ।

ਮੰਗਲਵਾਰ ਨੂੰ ਪੋਲੈਂਡ ਵਿੱਚ



ਮਿਜ਼ਾਈਲ ਨਾਲ ਕੀਤੇ ਹਮਲੇ ਵਿੱਚ ਦੋ ਵਿਅਕਤੀਆਂ ਦੀ ਹੋਈ ਮੌਤ ਤੋਂ ਬਾਅਦ ਟਰੂਡੋ ਵੱਲੋਂ ਇਹ ਐਲਾਨ ਅੱਜ ਇੰਡੋਨੇਸ਼ੀਆ ਵਿੱਚ ਕੀਤਾ ਗਿਆ। ਜੀ-20 ਸਿਖਰ ਵਾਰਤਾ ਦਰਮਿਆਨ ਟਰੂਡੋ ਨੇ ਆਖਿਆ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਇਹ ਮਿਜ਼ਾਈਲ ਹਮਲਾ ਕਿਸ ਤਰ੍ਹਾਂ ਹੋਇਆ। ਉਨ੍ਹਾਂ ਇਹ ਵੀ ਆਖਿਆ ਕਿ ਉਹ ਕਿਸੇ ਨੂੰ ਭੜਕਾ ਨਹੀਂ ਰਹੇ ਪਰ ਇਸ ਲੜਾਈ ਨੂੰ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਰੂਸ ਦੀ ਹੀ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ 2015 ਤੋਂ ਹੀ ਬ੍ਰਿਟੇਨ ਵਿੱਚ ਯੂਕਰੇਨੀ ਸੈਨਿਕਾਂ ਨੂੰ ਸਿਖਲਾਈ ਦੇ ਰਿਹਾ ਹੈ ਤੇ ਇਸ ਨੂੰ ਆਪਰੇਸ਼ਨ ਯੂਨੀਫਾਇਰ ਦਾ ਨਾਂ ਦਿੱਤਾ ਗਿਆ ਹੈ। ਪੋਲੈਂਡ ਵਿੱਚ ਵਾਪਰੀ ਤਾਜ਼ਾ ਘਟਨਾ ਨਾਲ ਕਿਸ ਤਰ੍ਹਾਂ ਨਜਿੱਠਿਆ ਜਾਵੇ ਇਸ ਬਾਰੇ ਟਰੂਡੋ ਨੇ ਅੱਜ ਸਵੇਰੇ ਜੀ-7 ਆਗੂਆਂ ਅਤੇ ਨਾਟੋ ਸੈਨਿਕ ਭਾਈਵਾਲ ਮੈਂਬਰਾਂ ਨਾਲ ਮੁਲਾਕਾਤ ਕੀਤੀ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

Pure Vegetarian MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA #6-8770 THE GORE RD, BRAMPTON, ON L6P 0B1
SPECIAL OFFER FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
UPGRADE LAUNDRY IN JUST $99*
PRICE $5199* NO TAX
KitchenAid Maytag LG Samsung Electrolux Jennair Bosch Whirlpool Moffat
416-551-5553
WWW.OURRHOMEAPPLIANCES.COM

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

# ਦੁਨੀਆਂ ਦੇ 100 ਬਿਹਤਰੀਨ ਸ਼ਹਿਰਾਂ ਵਿਚੋਂ ਪੰਜ ਕੈਨੇਡਾ ਦੇ

ਓਟਵਾ, 17 ਨਵੰਬਰ (ਪੋਸਟ ਬਿਊਰੋ) : 2023 ਲਈ ਇਸ ਹਫਤੇ ਜਾਰੀ ਹੋਈ ਦਰਜੇਬੰਦੀ ਦੇ ਹਿਸਾਬ ਨਾਲ ਕੈਨੇਡਾ ਦੇ ਪੰਜ ਸ਼ਹਿਰਾਂ ਨੂੰ ਦੁਨੀਆਂ ਭਰ ਦੇ ਸ਼ਹਿਰਾਂ ਵਿੱਚੋਂ ਬਿਹਤਰੀਨ ਦੱਸਿਆ ਗਿਆ ਹੈ।



ਜਿਨ੍ਹਾਂ ਸ਼ਹਿਰਾਂ ਦੀ ਇੱਥੇ ਗੱਲ ਕੀਤੀ ਜਾ ਰਹੀ ਹੈ ਉਨ੍ਹਾਂ ਦੀ ਆਬਾਦੀ ਇੱਕ ਮਿਲੀਅਨ ਤੋਂ ਜ਼ਿਆਦਾ ਹੈ। ਬੀਸੀ ਦੀ ਇੱਕ ਮਾਰਕਿਟਿੰਗ ਕੰਸਲਟੈਂਸੀ ਰੈਜ਼ੋਨੈਂਸ ਕੰਸਲਟੈਂਸੀ ਦੀ ਵਰਲਡਜ਼ ਬੈਸਟ ਸਿਟੀਜ਼ ਰਿਪੋਰਟ ਅਨੁਸਾਰ ਇਨ੍ਹਾਂ ਸ਼ਹਿਰਾਂ ਵਿੱਚ ਟੋਰਾਂਟੋ, ਮਾਂਟਰੀਅਲ, ਕੈਲਗਰੀ, ਵੈਨਕੂਵਰ ਤੇ ਓਟਵਾ ਪਹਿਲੇ 100 ਸ਼ਹਿਰਾਂ ਵਿੱਚ ਸ਼ਾਮਲ ਹਨ। ਇਸ ਸੂਚੀ ਨੂੰ ਜਾਰੀ ਕਰਨ ਵਾਲਿਆਂ ਨੇ ਦੱਸਿਆ ਕਿ ਇਹ ਦਰਜੇਬੰਦੀ ਵੱਡੀ ਪੱਧਰ ਉੱਤੇ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਇਨ੍ਹਾਂ ਲਈ ਮੁੱਖ ਤੌਰ ਉੱਤੇ ਰੋਜ਼ਗਾਰ ਮੁਹੱਈਆ ਕਰਵਾਉਣਾ, ਨਿਵੇਸ਼ ਤੇ ਟੂਰਿਜ਼ਮ ਆਦਿ ਵਰਗੇ ਕਾਰਕ ਜ਼ਿੰਮੇਵਾਰ ਹੁੰਦੇ ਹਨ। ਵੰਨ ਸੁਵੰਨਤਾ, ਐਜੂਕੇਸ਼ਨ ਤੇ ਵੱਡੀਆਂ ਕੰਪਨੀਆਂ ਦੇ ਹੈੱਡ ਆਫਿਸ ਦੀ ਵੱਡੀ ਗਿਣਤੀ ਇਨ੍ਹਾਂ ਸ਼ਹਿਰਾਂ ਵਿੱਚ ਹੋਣਾ ਵੀ ਇਸ ਦਾ ਵੱਡਾ ਕਾਰਨ ਹੈ ਕਿ ਟੋਰਾਂਟੋ ਨੂੰ ਕੈਨੇਡਾ ਦਾ ਬਿਹਤਰੀਨ ਤੇ ਦੁਨੀਆਂ ਦਾ 24ਵਾਂ ਬਿਹਤਰੀਨ ਸ਼ਹਿਰ ਦੱਸਿਆ ਗਿਆ ਹੈ। ਮਾਂਟਰੀਅਲ, ਜੋ ਕਿ ਕੈਨੇਡਾ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ, ਵਿੱਚ ਆਮਦਨ ਦੀ ਬਰਾਬਰੀ, ਸੱਭਿਆਚਾਰ ਤੇ ਮੈਕਗਿਲ ਯੂਨੀਵਰਸਿਟੀ ਦੇ ਨਾਲ ਨਾਲ ਟੈਕਨੀਕਲ ਪੱਖੋਂ ਮਹਾਰਤ ਵਿਦੇਸ਼ੀ ਨਿਵੇਸ਼ ਖਿੱਚਣ ਲਈ ਕਾਫੀ ਹੈ ਤੇ ਇਸ ਨੂੰ 56ਵਾਂ ਦਰਜਾ ਦਿੱਤਾ ਗਿਆ ਹੈ।

ਕੈਲਗਰੀ 65ਵੇਂ ਸਥਾਨ ਉੱਤੇ ਆਇਆ ਹੈ। ਇਸ ਪਿੱਛੇ ਇੱਥੋਂ ਦੀ ਨੌਜਵਾਨ ਆਬਾਦੀ, ਸਿੱਖਿਆ ਤੱਕ ਪਹੁੰਚ, ਆਮਦਨ ਵਿੱਚ ਸਮਾਨਤਾ ਤੇ ਜ਼ਿੰਦਗੀ ਦਾ ਬਿਹਤਰੀਨ ਮਿਆਰ ਜ਼ਿੰਮੇਵਾਰ ਹਨ। ਮੈਟਰੋ ਵੈਨਕੂਵਰ ਨੂੰ ਇਸ ਸੂਚੀ ਵਿੱਚ 69ਵੇਂ ਸਥਾਨ ਉੱਤੇ ਰੱਖਿਆ ਗਿਆ ਹੈ। ਇੱਥੇ ਆਮਦਨ ਦੀ ਬਰਾਬਰੀ, ਬਿਹਤਰੀਨ ਯੂਨੀਵਰਸਿਟੀ, ਸੇਫਟੀ ਤੇ ਕੁਦਰਤੀ ਨਜ਼ਾਰਿਆਂ ਕਾਰਨ ਵੈਨਕੂਵਰ 100 ਸੁਹਣੇ ਸ਼ਹਿਰਾਂ ਵਿੱਚ ਆਪਣੀ ਥਾਂ ਬਣਾ ਸਕਿਆ। ਕੈਨੇਡਾ ਦੀ ਰਾਜਧਾਨੀ ਓਟਵਾ ਨੂੰ ਸਿੱਖਿਆ, ਰਹਿਣੀ ਸਹਿਣੀ ਲਈ ਘੱਟ ਖਰਚੇ ਤੇ ਰੋਜ਼ਗਾਰ ਦੀ ਉਪਲਬਧਤਾ ਕਾਰਨ ਬਿਹਤਰੀਨ ਸ਼ਹਿਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਇਸ ਸੂਚੀ ਵਿੱਚ ਲੰਡਨ ਪਹਿਲਾ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਰਿਹਾ। ਇਸ ਤੋਂ ਬਾਅਦ ਦੁਨੀਆ ਦੇ ਪਹਿਲੇ 10 ਸ਼ਹਿਰਾਂ ਵਿੱਚ ਪੈਰਿਸ, ਨਿਊ ਯੌਰਕ, ਟੋਕੀਓ, ਦੁਬਈ, ਬਾਰਸਲੋਨਾ, ਰੋਮ, ਮੈਡਰਿਡ, ਸਿੰਗਾਪੁਰ ਤੇ ਐਮਸਟਰਡਮ ਸ਼ਾਮਲ ਹਨ।

# ਵਿਕਾਸਸ਼ੀਲ ਦੇਸ਼ਾਂ ਦੇ ਇਨਫਰਾਸਟ੍ਰਕਚਰ ਵਿੱਚ ਸੁਧਾਰ ਲਈ ਟਰੂਡੋ ਨੇ ਐਲਾਨੇ ਫੰਡ

ਬਡੂੰਗਾ, ਇੰਡੋਨੇਸ਼ੀਆ, 17 ਨਵੰਬਰ (ਪੋਸਟ ਬਿਊਰੋ) : ਵਿਕਾਸਸ਼ੀਲ ਦੇਸ਼ਾਂ ਦੇ ਇਨਫਰਾਸਟ੍ਰਕਚਰ ਵਿੱਚ ਸੁਧਾਰ ਕਰਨ ਤੇ ਕੋਵਿਡ-19 ਵੈਕਸੀਨ ਤਿਆਰ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਫੰਡ ਦੇਣ ਦਾ ਐਲਾਨ ਕੀਤਾ ਗਿਆ ਹੈ।




ਇੰਡੋਨੇਸ਼ੀਆ ਵਿੱਚ ਚੱਲ ਰਹੀ ਜੀ-20 ਸਿਖਰ ਵਾਰਤਾ ਵਿੱਚ ਟਰੂਡੋ ਨੇ ਆਖਿਆ ਕਿ ਵਿਦੇਸ਼ਾਂ ਵਿੱਚ ਪ੍ਰਾਈਵੇਟ ਸੈਕਟਰ ਨੂੰ ਸਕੂਲ ਤੇ ਹਸਪਤਾਲ ਬਣਾਉਣ ਵਿੱਚ ਸਰਕਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਟਰੂਡੋ ਨੇ ਕ੍ਰਾਊਨ ਕਾਰਪੋਰੇਸ਼ਨ ਰਾਹੀਂ ਏਸ਼ੀਆ ਵਿੱਚ ਬੁਨਿਆਦੀ ਢਾਂਚੇ ਸਬੰਧੀ ਪ੍ਰੋਜੈਕਟਾਂ ਲਈ 750 ਮਿਲੀਅਨ ਡਾਲਰ ਖਰਚਣ ਦਾ ਤਹੱਈਆ ਪ੍ਰਗਟਾਇਆ।

ਹੁਣ ਤੱਕ ਲਿਬਰਲਾਂ ਵੱਲੋਂ ਐਲਾਨੀ ਇਹ ਸਭ ਤੋਂ ਵੱਧ ਫੰਡਿੰਗ ਹੈ। ਲਿਬਰਲਾਂ ਵੱਲੋਂ ਹੌਲੀ ਹੌਲੀ ਆਪਣੀ ਇੰਡੋ-ਪੈਸੇਫਿਕ ਰਣਨੀਤੀ ਸਬੰਧੀ ਪੱਤੇ ਖੋਲ੍ਹੇ ਜਾ ਰਹੇ ਹਨ। ਇਸ ਤੋਂ ਇਲਾਵਾ ਟਰੂਡੋ ਵੱਲੋਂ ਗਲੋਬਲ ਹੈਲਥ ਸਿਸਟਮਜ਼ ਲਈ 80 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ। ਇਸ ਪੈਸੇ ਨਾਲ ਮਹਾਂਮਾਰੀਆਂ ਨੂੰ ਰੋਕਣ ਵਿੱਚ ਮਦਦ ਮਿਲੇਗੀ ਤੇ ਇਨ੍ਹਾਂ ਨਾਲ ਨਜਿੱਠਣ ਦਾ ਰਾਹ ਲੱਭੇਗਾ।

ਇਸ ਤੋਂ ਇਲਾਵਾ ਇਨ੍ਹਾਂ ਫੰਡਾਂ ਨਾਲ ਵਿਕਾਸਸ਼ੀਲ ਦੇਸ਼ਾਂ ਨੂੰ ਕੋਵਿਡ-19 ਦੀ ਐਮਆਰਐਨਏ ਵੈਕਸੀਨ ਤਿਆਰ ਕਰਨ ਵਿੱਚ ਮਦਦ ਮਿਲੇਗੀ।

# ਐਕਸਪ੍ਰੈੱਸ ਐਂਟਰੀ ਵਿੱਚ ਕੈਨੇਡਾ ਨੇ ਸ਼ਾਮਲ ਕੀਤੇ 16 ਨਵੇਂ ਕਿੱਤੇ

ਓਟਵਾ, 17 ਨਵੰਬਰ (ਪੋਸਟ ਬਿਊਰੋ) : ਇਮੀਗ੍ਰੇਸ਼ਨ ਨਾ ਸਿਰਫ ਸਾਡੀਆਂ ਕਮਿਊਨਿਟੀਜ਼ ਲਈ ਹੀ ਚੰਗੀ ਹੈ ਸਗੋਂ ਸਾਡੇ ਅਰਥਚਾਰੇ ਲਈ ਵੀ ਬਹੁਤ ਵਧੀਆ ਹੈ। ਇਹ ਬੇਹੱਦ ਜ਼ਰੂਰੀ ਹੈ। ਇਸੇ ਲਈ ਕੈਨੇਡਾ ਸਰਕਾਰ ਨੇ ਦੇਸ਼ ਵਿੱਚ ਚੱਲ ਰਹੀ ਲੇਬਰ ਦੀ ਘਾਟ ਨੂੰ ਖ਼ਤਮ ਕਰਨ ਲਈ ਨਵੇਂ ਇਮੀਗ੍ਰੈਂਟਸ ਦਾ ਸਵਾਗਤ ਕਰਨ ਦਾ ਫੈਸਲਾ ਕੀਤਾ ਹੈ ਜਿਹੜੇ ਸਾਡੇ ਅਰਥਚਾਰੇ ਦੀ ਮਦਦ ਲਈ ਆਪਣੇ ਨਾਲ ਹੁਨਰ ਦਾ ਪਿਟਾਰਾ ਵੀ ਲਿਆਉਣਗੇ। ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਵੱਲੋਂ ਨੈਸ਼ਨਲ ਓਕਿਊਪੇਸ਼ਨਲ ਕਲਾਸੀਫਿਕੇਸ਼ਨ (ਐਨਓਸੀ) 2021 ਲਾਗੂ ਕਰਨ ਦਾ ਐਲਾਨ ਕੀਤਾ ਗਿਆ। ਇਹ ਇਮੀਗ੍ਰੇਸ਼ਨ



ਪ੍ਰੋਗਰਾਮ ਐਕਸਪ੍ਰੈੱਸ ਐਂਟਰੀ ਸਿਸਟਮ ਤਹਿਤ ਮੈਨੇਜ ਕੀਤੇ ਜਾਣਗੇ। ਐਨਓਸੀ ਦੀਆਂ ਨਵੀਆਂ ਵੰਨਗੀਆਂ ਦੀ ਵਰਤੋਂ ਕਰਨ ਨਾਲ ਕੈਨੇਡਾ ਨੂੰ ਹੈਲਥ ਕੇਅਰ, ਕੰਸਟ੍ਰਕਸ਼ਨ ਤੇ ਟਰਾਂਸਪੋਰਟੇਸ਼ਨ ਵਰਗੇ ਸੈਕਟਰਜ਼ ਲਈ ਗਲੋਬਲ ਟੇਲੈਂਟ ਹਾਸਲ ਹੋ ਸਕੇਗਾ।

ਐਕਸਪ੍ਰੈੱਸ ਐਂਟਰੀ ਵਿੱਚ 16 ਨਵੇਂ ਕਿੱਤੇ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿੱਚ ਨਰਸ ਏਡਜ਼, ਲਾਂਗ ਟਰਮ ਕੇਅਰ ਏਡਜ਼, ਹਸਪਤਾਲ ਅਟੈਂਡੈਂਟਸ, ਐਲੀਮੈਂਟਰੀ ਤੇ ਸੈਕੰਡਰੀ ਸਕੂਲ ਟੀਚਰ ਅਸਿਸਟੈਂਟਸ ਤੇ ਟਰਾਂਸਪੋਰਟ ਟਰੱਕ ਡਰਾਈਵਰ ਆਦਿ ਮੁੱਖ ਹਨ।

ਐਨਓਸੀ ਸਿਸਟਮ ਦੀ ਵਰਤੋਂ ਕੈਨੇਡੀਅਨ ਲੇਬਰ ਮਾਰਕਿਟ ਵਿੱਚ ਹਰ ਕਿਸਮ ਦੀ ਜੌਬ ਤਲਾਸ਼ਣ ਤੇ ਉਸ ਦਾ ਟਰੈਕ ਰੱਖਣ ਲਈ ਕੀਤੀ ਜਾ ਸਕਦੀ ਹੈ। ਇਹ ਅਰਚਥਾਰੇ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਨਾਲ ਨਾਲ ਕੰਮ ਦੀ ਤਫਸੀਲ ਬਾਰੇ ਵੀ ਜਾਣਕਾਰੀ ਦਿੰਦਾ ਹੈ।

# ਮਾਸਕ ਪਾਉਣਾ ਜਾਂ ਨਾ ਪਾਉਣਾ ਹਰ ਵਿਅਕਤੀ ਦੀ ਨਿਜੀ ਚੋਣ : ਸਿਲਵੀਆ ਜੋਨਜ਼

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਸਿਹਤ ਮੰਤਰੀ ਨੇ ਮੰਗਲਵਾਰ ਨੂੰ ਆਖਿਆ ਕਿ ਮਾਸਕ ਪਾਉਣਾ ਹਰ ਕਿਸੇ ਦੀ ਨਿਜੀ ਚੋਣ ਹੈ। ਉਨ੍ਹਾਂ ਦਾ ਇਹ ਬਿਆਨ ਪ੍ਰੋਵਿੰਸ ਦੇ ਉੱਘੇ ਡਾਕਟਰ ਵੱਲੋਂ ਇੰਡੋਰ ਥਾਂਵਾਂ ਉੱਤੇ ਮਾਸਕ ਪਾ ਕੇ ਰੱਖਣ ਦੀ ਕੀਤੀ ਗਈ ਸਿਫਾਰਸ਼ ਤੋਂ ਇੱਕ ਦਿਨ ਬਾਅਦ ਆਇਆ।



ਸਿਹਤ ਮੰਤਰੀ ਸਿਲਵੀਆ ਜੋਨਜ਼, ਜਿਨ੍ਹਾਂ ਨੇ ਖੁਦ ਮਾਸਕ ਪਾਇਆ ਹੋਇਆ ਸੀ, ਨੇ ਵਿਧਾਨਸਭਾ ਵਿੱਚ ਆਪਣੇ ਬਹੁਗਿਣਤੀ ਪ੍ਰੋਗਰੈਸਿਵ ਕੰਜ਼ਰਵੇਟਿਵ ਕੁਲੀਗਜ਼ ਦਾ ਪੱਖ ਪੂਰਦਿਆਂ ਇਹ ਗੱਲ ਆਖੀ। ਜ਼ਿਕਰਯੋਗ ਹੈ ਕਿ ਡੱਗ ਫੋਰਡ ਸਮੇਤ ਪੀਸੀ ਪਾਰਟੀ ਦੇ ਬਹੁਤੇ ਮੈਂਬਰਾਂ ਨੇ ਮਾਸਕ ਨਹੀਂ ਸਨ ਪਾਏ ਹੋਏ। ਟੋਰੀਜ਼ ਵਿੱਚੋਂ 12 ਹੋਰਨਾਂ ਨੇ ਮਾਸਕ ਪਾਇਆ ਹੋਇਆ ਸੀ, ਇਨ੍ਹਾਂ ਵਿੱਚੋਂ ਹਾਊਸ ਦੇ ਸਪੀਕਰ ਵੀ ਇੱਕ ਸਨ। ਬਾਕੀ ਵਿਰੋਧੀ ਧਿਰਾਂ ਦੇ ਸਾਰੇ ਮੈਂਬਰਾਂ ਨੇ ਮਾਸਕ ਪਾਏ ਹੋਏ ਸਨ। ਜ਼ਿਕਰਯੋਗ ਹੈ ਕਿ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਓਨਟਾਰੀਓ ਵਾਸੀਆਂ ਨੂੰ ਸੋਮਵਾਰ ਨੂੰ ਇਹ ਸਿਫਾਰਸ਼ ਕੀਤੀ ਸੀ ਕਿ ਬੱਚਿਆਂ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਵੱਧ ਰਹੀ ਤਾਦਾਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇੰਡੋਰ ਥਾਂਵਾਂ ਉੱਤੇ ਮਾਸਕ ਜ਼ਰੂਰ ਲਾ ਕੇ ਰੱਖਣੇ ਚਾਹੀਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮੇਂ ਇਨਫਲੂਐਂਜ਼ਾ ਤੇ ਸਾਹ ਸਬੰਧੀ ਵਾਇਰਸ (ਆਰਐਸਵੀ) ਕਾਰਨ ਵੱਡੀ ਮਾਤਰਾ ਵਿੱਚ ਬੱਚੇ ਢਿੱਲੇ ਹੋ ਰਹੇ ਹਨ ਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪੈ ਰਿਹਾ ਹੈ। ਪ੍ਰੋਵਿੰਸ ਭਰ ਦੇ ਪੀਡੀਐਟ੍ਰਿਕ ਹਸਪਤਾਲ ਬਿਮਾਰ ਬੱਚਿਆਂ ਨਾਲ ਭਰੇ ਹੋਏ ਹਨ।

# ਇਰਾਨ ਸਬੰਧੀ ਵਿਵਾਦਗ੍ਰਸਤ ਟਵੀਟ ਨੂੰ ਟਰੂਡੋ ਨੇ ਕੀਤਾ ਡਲੀਟ

ਓਟਵਾ, 17 ਨਵੰਬਰ (ਪੋਸਟ ਬਿਊਰੋ) : ਸੋਸ਼ਲ ਮੀਡੀਆ ਉੱਤੇ ਜਾਅਲੀ ਖਬਰ ਵਾਇਰਲ ਹੋਣ ਤੋਂ ਬਾਅਦ ਇਰਾਨ ਵਿੱਚ 15,000 ਮੁਜ਼ਾਹਰਾਕਾਰੀਆਂ ਨੂੰ ਮਾਰਨ ਦੀ ਸਜ਼ਾ ਦੇਣ ਵਾਲੇ ਕੀਤੇ ਗਏ ਟਵੀਟ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਡਲੀਟ ਕਰ ਦਿੱਤਾ ਗਿਆ।

ਸੈਲੇਬ੍ਰਿਟੀਜ਼ ਤੇ ਯੂਜ਼ਰਜ਼ ਵੱਲੋਂ ਇੰਸਟਾਗ੍ਰਾਮ ਉੱਤੇ ਇੱਕ ਤਸਵੀਰ ਸਾਂਝੀ ਕੀਤੀ ਗਈ ਸੀ ਜਿਸ ਵਿੱਚ ਇੱਕ ਮਹਿਲਾ ਇਰਾਨੀ ਝੰਡੇ ਨਾਲ ਨਜ਼ਰ ਆ ਰਹੀ ਹੈ ਤੇ ਉਸ ਕੋਲ ਇੱਕ ਕੈਪਸ਼ਨ ਵੀ ਫੜ੍ਹੀ ਹੋਈ ਹੈ ਜਿਸ ਉੱਤੇ ਲਿਖਿਆ ਹੈ ਕਿ ਇਰਾਨ ਵਿੱਚ 15,000 ਮੁਜ਼ਾਹਰਾਕਾਰੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਬਾਗੀਆਂ ਲਈ ਸਖ਼ਤ ਸਬਕ। ਇਸ ਤੋਂ ਬਾਅਦ ਇੰਸਟਾਗ੍ਰਾਮ ਵੱਲੋਂ ਇਸ ਨੂੰ ਜਾਅਲੀ ਜਾਣਕਾਰੀ ਕਰਾਰ ਦਿੱਤਾ ਗਿਆ ਤੇ ਆਖਿਆ ਗਿਆ ਕਿ ਇਸ ਜਾਣਕਾਰੀ ਦਾ ਕੋਈ ਸਿਰ ਪੈਰ ਨਹੀਂ ਹੈ ਤੇ ਇਹ ਤੱਥਾਂ ਉੱਤੇ ਆਧਾਰਤ ਨਹੀਂ ਹੈ।

ਇਸ ਪੋਸਟ ਨੂੰ ਸੋਫੀ ਟਰਨਰ ਤੇ ਵਿਓਲਾ ਡੇਵਿਸ ਵਰਗੀਆਂ ਅਦਾਕਾਰਾਂ ਵੱਲੋਂ ਵੀ ਸਾਂਝਾ ਕੀਤਾ ਗਿਆ। ਸੋਮਵਾਰ ਦੇਰ ਰਾਤ ਟਰੂਡੋ ਨੇ ਟਵੀਟ ਕਰਕੇ ਆਖਿਆ ਕਿ 15,000 ਮੁਜ਼ਾਹਰਾਕਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਉਣ ਵਰਗਾ ਫੈਸਲਾ ਬੱਜਰ ਫੈਸਲਾ ਹੈ ਤੇ ਉਹ ਇਰਾਨੀ ਹਕੂਮਤ ਦੇ ਇਸ ਫੈਸਲੇ ਦੀ ਨਿਖੇਧੀ ਕਰਦੇ ਹਨ। ਪਰ ਹਕੀਕਤ ਪਤਾ ਲੱਗਣ ਤੋਂ ਬਾਅਦ ਭਾਵੇਂ ਇਸ ਟਵੀਟ ਨੂੰ ਹਟਾਅ ਲਿਆ ਗਿਆ ਪਰ ਇਹ 12 ਘੰਟੇ ਤੱਕ ਸੋਸ਼ਲ ਮੀਡੀਆ ਉੱਤੇ ਰਿਹਾ।

ਇਹ ਵੀ ਪਤਾ ਲੱਗਿਆ ਹੈ ਕਿ ਇਰਾਨੀ ਨੀਤੀਘਾੜਿਆਂ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਦੇਸ਼ ਦੀ ਨਿਆਂਪਾਲਿਕਾ ਮੁਜ਼ਾਹਰਾਕਾਰੀਆਂ ਨਾਲ ਕਿਸੇ ਕਿਸਮ ਦੀ ਨਰਮੀ ਨਾ ਵਰਤੇ। ਪਰ ਅਜੇ ਤੱਕ ਸਿਰਫ ਇੱਕ ਵਿਅਕਤੀ ਨੂੰ ਹੀ ਇਸ ਹਫਤੇ ਮੌਤ ਦੀ ਸਜ਼ਾ ਸੁਣਾਈ ਗਈ ਹੈ। ਪਰ ਸੰਯੁਕਤ ਰਾਸ਼ਟਰ ਵੱਲੋਂ ਪਿਛਲੇ ਹਫਤੇ ਇਹ ਚੇਤਾਵਨੀ ਦਿੱਤੀ ਗਈ ਕਿ ਇਸ ਤਰ੍ਹਾਂ ਦੀਆਂ ਸਜ਼ਾਵਾਂ ਹੋਰਨਾਂ ਮੁਜ਼ਾਹਰਾਕਾਰੀਆਂ ਨੂੰ ਵੀ ਮਿਲ ਸਕਦੀਆਂ ਹਨ।

ਜ਼ਿਕਰਯੋਗ ਹੈ ਕਿ 22 ਸਾਲਾ ਲੜਕੀ ਮਾਹਸ਼ਾ ਆਮਿਨੀ ਦੀ ਮੌਤ ਤੋਂ ਬਾਅਦ ਇਰਾਨ ਭਰ ਵਿੱਚ ਮੁਜ਼ਾਹਰਿਆਂ ਦਾ ਅਜਿਹਾ ਸਿਲਸਿਲਾ ਚੱਲਿਆ ਕਿ ਜਿਹੜਾ ਪਿਛਲੇ ਕਈ ਸਾਲਾਂ ਵਿੱਚ ਵੇਖਣ ਨੂੰ ਨਹੀਂ ਮਿਲਿਆ। ਲੱਗਭਗ 2,000 ਦੇ ਨੇੜੇ ਤੇੜੇ ਵਿਅਕਤੀਆਂ ਨੂੰ ਕਥਿਤ ਤੌਰ ਉੱਤੇ ਚਾਰਜ ਕੀਤਾ ਗਿਆ ਹੈ। ਇਨ੍ਹਾਂ ਮਾਮਲਿਆਂ ਦੀ ਸੁਣਵਾਈ ਜਨਤਕ ਕੀਤੀ ਜਾ ਰਹੀ ਹੈ ਤੇ ਇਹ ਦੋ ਹਫਤੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਹਨ। ਮੁਜ਼ਾਹਰਿਆਂ ਦੌਰਾਨ 326 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ।

# ਬਰੈਂਪਟਨ ਸਿਟੀ ਕਾਊਂਸਲ ਵੱਲੋਂ ਹਰਕੀਰਤ ਸਿੰਘ ਨੂੰ ਨਿਯੁਕਤ ਕੀਤਾ ਗਿਆ ਡਿਪਟੀ ਮੇਅਰ

ਬਰੈਂਪਟਨ, 17 ਨਵੰਬਰ (ਪੋਸਟ ਬਿਊਰੋ) : ਅੱਜ ਹੋਈ ਵਿਸ਼ੇਸ਼ ਮੀਟਿੰਗ ਵਿੱਚ ਬਰੈਂਪਟਨ ਸਿਟੀ ਕਾਊਂਸਲ ਵੱਲੋਂ ਸਿਟੀ ਕਾਊਂਸਲਰ ਹਰਕੀਰਤ ਸਿੰਘ ਨੂੰ 2022 ਤੋਂ 2026 ਦੇ ਕਾਰਜਕਾਲ ਲਈ ਡਿਪਟੀ ਮੇਅਰ ਨਿਯੁਕਤ ਕੀਤਾ ਗਿਆ ਹੈ। ਉਹ ਵਾਰਡ ਨੰ 9 ਤੇ 10 ਤੋਂ ਕਾਊਂਸਲਰ ਹਨ।



ਡਿਪਟੀ ਮੇਅਰ ਨੇ ਕਾਊਂਸਲ ਤੇ ਕਮੇਟੀ ਮੀਟਿੰਗਾਂ ਦੀ ਪ੍ਰਧਾਨਗੀ ਕਰਨੀ ਹੁੰਦੀ ਹੈ ਤੇ ਮੇਅਰ ਦੀ ਗੈਰਹਾਜ਼ਰੀ ਜਾਂ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੇ ਪੱਖ ਉੱਤੇ ਸੈਰੇਮੋਨੀਅਲ ਤੇ ਸਿਵਿਕ ਈਵੈਂਟ ਡਿਊਟੀਜ਼ ਪੂਰੀਆਂ ਕਰਨੀਆਂ ਹੁੰਦੀਆਂ ਹਨ। ਕਾਊਂਸਲਰ ਹਰਕੀਰਤ ਸਿੰਘ ਨੇ 2018 ਤੋਂ 2022 ਦਰਮਿਆਨ ਵਾਰਡ ਨੰ 9 ਤੇ 10 ਲਈ ਸਿਟੀ ਕਾਊਂਸਲਰ ਵਜੋਂ ਬਰੈਂਪਟਨ ਕਾਊਂਸਲ ਵਿੱਚ ਸੇਵਾ ਨਿਭਾਈ। ਇਸ ਤੋਂ ਇਲਾਵਾ ਸਿਟੀ ਕਾਊਂਸਲਰ ਦੀ ਭੂਮਿਕਾ ਤੋਂ ਪਹਿਲਾਂ ਉਹ ਚਾਰ ਸਾਲ ਲਈ ਪੀਲ ਡਿਸਟ੍ਰਿਕਟ ਸਕੂਲ ਬੋਰਡ ਵਿਖੇ ਸਕੂਲ ਟਰਸਟੀ ਰਹਿ ਚੁੱਕੇ ਹਨ।

ਅਪਰੈਲ 2022 ਵਿੱਚ ਸਿਟੀ ਆਫ ਬਰੈਂਪਟਨ ਵੱਲੋਂ ਡਿਪਟੀ ਮੇਅਰ ਦਾ ਅਹੁਦਾ ਕਾਇਮ ਕੀਤਾ ਗਿਆ ਤੇ ਜਿਸ ਨੂੰ ਦੋ ਹਿੱਸਿਆਂ ਪੂਰਬੀ ਤੇ ਪੱਛਮੀਂ ਵਿੱਚ ਵੰਡ ਦਿੱਤਾ ਗਿਆ। ਰੀਜਨਲ ਕਾਊਂਸਲਰ ਪੈਟ ਫੋਰਟਿਨੀ ਵਾਰਡ 7 ਤੇ 8 ਨੇ ਪੂਰਬੀ ਬਰੈਂਪਟਨ ਦੀ ਨੁਮਾਇੰਦਗੀ ਕਰਦੇ ਹਨ ਤੇ ਰੀਜਨਲ ਕਾਊਂਸਲਰ ਮਾਰਟਿਨ ਮੈਡੇਰੌਸ ਵਾਰਡ 3 ਤੇ 4 ਵੱਲੋਂ ਪੱਛਮੀਂ ਬਰੈਂਪਟਨ ਦੀ ਨੁਮਾਇੰਦਗੀ ਕਰਦੇ ਹਨ।

# ਜ਼ਿਨਪਿੰਗ ਨੇ ਟਰੂਡੋ ਉੱਤੇ ਡਿਪਲੋਮੈਟਿਕ ਸਬੰਧ ਖ਼ਰਾਬ ਕਰਨ ਦਾ ਲਾਇਆ ਦੋਸ਼

ਇੰਡੋਨੇਸ਼ੀਆ, 17 ਨਵੰਬਰ (ਪੋਸਟ ਬਿਊਰੋ) : ਜੀ-20 ਸਿਖਰ ਵਾਰਤਾ ਦੌਰਾਨ ਹੋਈ ਮੁਲਾਕਾਤ ਵਿੱਚ ਚੀਨ ਦੇ ਰਾਸ਼ਟਰਪਤੀ ਜ਼ੀ-ਜ਼ਿਨਪਿੰਗ ਨੇ ਉਲਾਂਭਾ ਦਿੰਦਿਆਂ ਟਰੂਡੋ ਉੱਤੇ ਨਿਜੀ ਗੱਲਾਂ ਮੀਡੀਆ ਸਾਹਮਣੇ ਲੀਕ ਕਰਨ ਦਾ ਦੋਸ਼ ਲਗਾਇਆ। ਜ਼ੀ-ਜ਼ਿਨਪਿੰਗ ਨੇ ਟਰੂਡੋ ਉੱਤੇ ਡਿਪਲੋਮੈਟਿਕ ਸਬੰਧਾਂ ਨੂੰ ਖਰਾਬ ਕਰਨ ਦਾ ਦੋਸ਼ ਵੀ ਲਾਇਆ।



ਜੀ-20 ਸਿਖਰ ਵਾਰਤਾ ਦੌਰਾਨ ਇੱਕ ਈਵੈਂਟ ਵਿੱਚ ਬੁੱਧਵਾਰ ਨੂੰ ਦੋਵਾਂ ਆਗੂਆਂ ਵਿਚਾਲੇ ਗੱਲਬਾਤ ਚੱਲ ਰਹੀ ਸੀ ਤੇ ਮੀਡੀਆ ਵੀ ਇਸ ਨਿੱਕੀ ਜਿਹੀ ਮੁਲਾਕਾਤ ਨੂੰ ਕਵਰ ਕਰਨ ਲਈ ਮੌਜੂਦ ਸੀ। ਇਸੇ ਮੌਕੇ ਜ਼ੀ ਨੇ ਆਪਣੇ ਦੁਭਾਸ਼ੀਏ ਜ਼ਰੀਏ ਟਰੂਡੋ ਨੂੰ ਆਖਿਆ ਕਿ ਜਿਹੜੀ ਵੀ ਗੱਲ ਆਪਾਂ ਇੱਕ ਦੂਜੇ ਨਾਲ ਸਾਂਝੀ ਕਰਦੇ ਹਾਂ ਉਹ ਮੀਡੀਆ ਕੋਲ ਪਹੁੰਚ ਜਾਂਦੀ ਹੈ, ਇਹ ਸਹੀ ਨਹੀਂ ਹੈ। ਇਸ ਤਰ੍ਹਾਂ ਗੱਲਬਾਤ ਨਹੀਂ ਹੁੰਦੀ। ਜੇ ਤੁਸੀਂ ਦੋਵਾਂ ਧਿਰਾਂ ਦਰਮਿਆਨ ਗੱਲਬਾਤ ਨੂੰ ਲੈ ਕੇ ਐਨੇ ਸੰਜੀਦਾ ਹੋ ਤਾਂ ਅਜਿਹਾ ਨਹੀਂ ਹੋਣਾ ਚਾਹੀਦਾ।

ਇਸ ਉੱਤੇ ਟਰੂਡੋ ਨੇ ਆਖਿਆ ਕਿ ਅਸੀਂ ਖੁੱਲ੍ਹੀ ਗੱਲਬਾਤ ਦੇ ਹਮਾਇਤੀ ਹਾਂ ਤੇ ਅਸੀਂ ਅੱਗੇ ਵੀ ਇਹੋ ਕਰਨਾ ਜਾਰੀ ਰੱਖਾਂਗੇ। ਅਸੀਂ ਉਸਾਰੂ ਢੰਗ ਨਾਲ ਗੱਲਬਾਤ ਕਰਨੀ ਜਾਰੀ ਰੱਖਣੀ ਚਾਹੁੰਦੇ ਹਾਂ ਪਰ ਕਈ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਨਾਲ ਅਸੀਂ ਸਹਿਮਤ ਨਹੀਂ ਹੋਵਾਂਗੇ। ਇਸ ਦਾ ਜਵਾਬ ਦਿੰਦਿਆਂ ਜ਼ੀ ਨੇ ਆਖਿਆ ਕਿ ਗੱਲਬਾਤ ਲਈ ਪਹਿਲਾਂ ਆਪਾਂ ਸ਼ਰਤਾਂ ਤੈਅ ਕਰ ਲੈਂਦੇ ਹਾਂ। ਇਸ ਨਿੱਕੀ ਜਿਹੀ ਗੱਲਬਾਤ ਤੋਂ ਬਾਅਦ ਦੋਵਾਂ ਆਗੂਆਂ ਨੇ ਹੱਥ ਮਿਲਾਏ ਤੇ ਵੱਖ ਹ' ਗਏ।

# ਟੋਰਾਂਟੋ ਦੀ ਡਿਸਪੈਂਸਰੀ ਤੋਂ ਮਿਲੇ ਮੈਜਿਕ ਮਸ਼ਰੂਮ, ਨਸ਼ੀਲੇ ਪਦਾਰਥ, ਦੋ ਗ੍ਰਿਫਤਾਰ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਮੈਜਿਕ ਮਸ਼ਰੂਮ ਤੇ ਇਸ ਤਰ੍ਹਾਂ ਦੇ ਹੋਰ ਉਤਪਾਦ ਵੇਚਣ ਵਾਲੇ ਸਟੋਰ ਦੀ ਜਾਂਚ ਕੀਤੇ ਜਾਣ ਤੋਂ ਬਾਅਦ ਬੀਤੇ ਦਿਨੀਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਟੋਰਾਂਟੋ ਪੁਲਿਸ ਨੇ ਸ਼ੁੱਕਰਵਾਰ ਨੂੰ ਆਖਿਆ ਕਿ ਸ਼ਰੂਮਿਜ਼ ਨਾਂ ਦੀ ਇੱਕ ਥਾਂ ਦੀ ਤਲਾਸ਼ੀ ਲੈਣ ਲਈ ਉਨ੍ਹਾਂ ਵੱਲੋਂ ਅਪਲਾਈ ਕੀਤਾ ਗਿਆ ਸੀ ਤੇ ਉਨ੍ਹਾਂ ਨੂੰ ਕੰਟਰੋਲਡ ਡਰੱਗ ਐਂਡ ਸਬਸਟਾਂਸਿਜ਼ ਐਕਟ ਤਹਿਤ ਇਹ ਸਰਚ ਵਾਰੰਟ ਮਿਲ ਗਏ। ਇਹ ਪਤਾ ਲੱਗਿਆ ਸੀ ਕਿ ਇਸ ਸਟੋਰ ਉੱਤੇ ਸਿਲੋਸਿਬਿਨ ਤੇ ਇਸ ਤੋਂ ਤਿਆਰ ਖਾਣਯੋਗ ਵਸਤਾਂ ਵੇਚੀਆਂ ਜਾਂਦੀਆਂ ਹਨ। ਇਹ ਡਿਸਪੈਂਸਰੀ ਕੁਈਨ ਸਟਰੀਟ ਵੈਸਟ ਤੇ ਡੈਨੀਸਨ ਐਵਨਿਊ ਨੇੜੇ ਸਥਿਤ ਹੈ। ਪੁਲਿਸ ਵੱਲੋਂ ਸ਼ਨਿੱਚਰਵਾਰ ਨੂੰ ਸ਼ਰੂਮੀਜ਼ ਉੱਤੇ ਛਾਪਾ ਮਾਰਿਆ ਗਿਆ ਤੇ ਇੱਥੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਵਿਅਕਤੀ ਹੈਮਿਲਟਨ ਦਾ 20 ਸਾਲਾ ਫੈਬਰੀਸੀਓ ਓਸਰਸ ਤੇ ਟੋਰਾਂਟੋ ਦਾ 23 ਸਾਲਾ ਸਿਓਨ ਥਾਰਮਾਥਾਸੈਨ ਹਨ। ਦੋਵਾਂ ਵਿਅਕਤੀਆਂ ਉੱਤੇ ਪਾਬੰਦੀਸ਼ੁਦਾ ਪਦਾਰਥ ਸਮਗਲਿੰਗ ਦੇ ਇਰਾਦੇ ਨਾਲ ਕੋਲ ਰੱਖਣ ਤੇ 5,000 ਡਾਲਰ ਤੋਂ ਵੱਧ ਦੇ ਜੁਰਮ ਕਰਨ ਦੇ ਦੋਸ਼ ਲੱਗੇ ਤੇ ਇਸ ਮਾਮਲੇ ਵਿੱਚ ਉਨ੍ਹਾਂ ਨੂੰ ਚਾਰਜ ਵੀ ਕੀਤਾ ਗਿਆ। ਉਨ੍ਹਾਂ ਨੂੰ 12 ਜਨਵਰੀ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

ਸਰਚ ਵਾਰੰਟ ਦੌਰਾਨ ਪੁਲਿਸ ਨੂੰ ਵੱਡੀ ਮਾਤਰਾ ਵਿੱਚ ਸਿਲੋਸਿਬਿਨ, ਸਿਲੋਸਿ-ਬਿਨ ਤੋਂ ਤਿਆਰ ਖਾਣ ਵਾਲੀਆਂ ਚੀਜ਼ਾਂ, ਜਿਨ੍ਹਾ ਨੂੰ ਮੈਜਿਕ ਮਸ਼ਰੂਮ ਵੀ ਆਖਿਆ ਜਾਂਦਾ ਹੈ, ਵੀ ਮਿਲੀ।

# 2022-26 ਦੇ ਕਾਰਜਕਾਲ ਲਈ ਬਰੈਂਪਟਨ ਸਿਟੀ ਕਾਊਂਸਲ ਨੇ ਨਿਯੁਕਤ ਕੀਤੇ ਵਾਧੂ ਰੀਜ਼ਨਲ ਕਾਊਂਸਲਰਜ਼

ਬਰੈਂਪਟਨ, 17 ਨਵੰਬਰ (ਪੋਸਟ ਬਿਊਰੋ) : ਅੱਜ ਕੀਤੀ ਗਈ ਸਪੈਸ਼ਲ ਮੀਟਿੰਗ ਵਿੱਚ ਬਰੈਂਪਟਨ ਸਿਟੀ ਕਾਊਂਸਲ ਨੇ ਵਾਰਡਜ਼ 1 ਤੇ 5 ਤੋਂ ਰੋਵੀਨਾ ਸੈਂਟੋਸ, ਵਾਰਡ 3 ਤੇ 4 ਤੋਂ ਡੈਨਿਸ ਕੀਨਨ, ਵਾਰਡ 2 ਤੇ 6 ਤੋਂ ਨਵਜੀਤ ਕੌਰ ਬਰਾੜ ਨੂੰ ਪੀਲ ਰੀਜਨਲ ਕਾਊਂਸਲ ਲਈ ਬਰੈਂਪਟਨ ਤੋਂ ਵਾਧੂ ਰੀਜਨਲ ਕਾਊਂਸਲਰ ਨਿਯੁਕਤ ਕੀਤਾ ਗਿਆ ਹੈ। ਇਹ ਸਾਰੇ 2022 ਤੋਂ 2026 ਦੇ ਕਾਰ-ਜਕਾਲ ਲਈ ਆਪਣੇ ਅਹੁਦੇ ਉੱਤੇ ਰਹਿਣਗੇ।



ਕਾਊਂਸਲਰ ਸੈਂਟੋਸ, ਕੀਨਨ ਤੇ ਬਰਾੜ ਦੇ ਨਾਲ ਨਾਲ ਸਿਟੀ ਦੇ ਚੁਣੇ ਹੋਏ ਰੀਜਨਲ ਕਾਊਂਸਲਰ 17 ਨਵੰਬਰ ਨੂੰ ਸਵੇਰੇ 9:30 ਵਜੇ ਪੀਲ ਰੀਜਨਲ ਕਾਊਂਸਲ ਦੀ ਮੀਟਿੰਗ ਵਿੱਚ ਆਪਣੇ ਅਹੁਦੇ ਦੀ ਸੰਹੁ ਚੁੱਕਣਗੇ। ਪੀਲ ਰੀਜਨ ਨੇ ਬਾਇ ਲਾਅ 83-2020 ਵਿੱਚ ਤਬਦੀਲੀ ਕਰਕੇ ਸਿਟੀ ਆਫ ਬਰੈਂਪਟਨ ਲਈ ਨੌਂ ਹੋਰ ਰੀਜਨਲ ਕਾਊਂਸਲਰਜ਼ ਨਿਯੁਕਤ ਕੀਤੇ ਹਨ। ਇਨ੍ਹਾਂ ਨੌਂ ਰੀਜਨਲ ਕਾਊਂਸਲਰਜ਼ ਵਿੱਚ

- ਮੇਅਰ
- ਪੰਜ ਚੁਣੇ ਹੋਏ ਰੀਜਨਲ ਕਾਊਂਸਲਰਜ਼
- ਬਰੈਂਪਟਨ ਸਿਟੀ ਕਾਊਂਸਲ ਵੱਲੋਂ ਤਿੰਨ ਚੁਣੇ ਹੋਏ ਸਿਟੀ ਕਾਊਂਸਲਰਜ਼ ਦੀ ਰੀਜਨਲ ਕਾਊਂਸਲਰਜ਼ ਵਜੋਂ ਚੋਣ

ਮਿਊਂਸਪਲ ਚੋਣਾਂ ਤੋਂ ਬਾਅਦ ਚੁਣੇ ਗਏ ਪੰਜ ਸਿਟੀ ਕਾਊਂਸਲਰਜ਼ ਵਿੱਚੋਂ ਸਿਟੀ ਕਾਊਂਸਲ ਵੱਲੋਂ ਵਾਧੂ ਰੀਜਨਲ ਕਾਊਂਸਲਰ ਨਿਯੁਕਤ ਕੀਤੇ ਗਏ ਹਨ। ਇਹ ਵਿਅਕਤੀ ਸਿਟੀ ਤੇ ਰੀਜਨਲ ਕਾਊਂਸਲ ਦੇ ਮੈਂਬਰਾਂ ਵਜੋਂ ਸੇਵਾ ਨਿਭਾਉਣਗੇ।

# ਅਪਾਰਟਮੈਂਟ ਵਿੱਚ ਲੱਗੀ ਅੱਗ ਤੋਂ ਬਾਅਦ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੀ ਬਹੁਮੰਜ਼ਿਲਾ ਇਮਾਰਤ ਦ ਜੰਕਸ਼ਨ ਦੀ 14ਵੀਂ ਮੰਜ਼ਿਲ ਉੱਤੇ ਅੱਗ ਲੱਗ ਜਾਣ ਤੋਂ ਬਾਅਦ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਬੁੱਧਵਾਰ ਸ਼ਾਮੀਂ 7:00 ਵਜੇ ਤੋਂ ਠੀਕ ਪਹਿਲਾਂ ਲੈਂਡਜ਼ਡਾਊਨ ਐਵਨਿਊ ਤੇ ਡੂਪੌਂਟ ਸਟਰੀਟ ਏਰੀਆ ਵਿੱਚ ਸਥਿਤ ਇਸ ਬਿਲਡਿੰਗ ਵਿੱਚ ਲੱਗੀ ਅੱਗ ਉੱਤੇ ਕਾਬੂ ਪਾਉਣ ਲਈ ਟੋਰਾਂਟੋ ਫਾਇਰ ਅਧਿਕਾਰੀਆਂ ਨੂੰ ਅਪਾਰਟਮੈਂਟ ਵਿੱਚ ਸੱਦਿਆ ਗਿਆ। ਟੋਰਾਂਟੋ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਅੱਗ ਲੱਗਣ ਸਮੇਂ ਇਸ ਅਪਾਰਟਮੈਂਟ




ਵਿੱਚ ਇੱਕ ਵਿਅਕਤੀ ਮੌਜੂਦ ਸੀ। ਉਸ ਵਿਅਕਤੀ ਨੂੰ ਜਲਦ ਹੀ ਬਾਹਰ ਕੱਢ ਲਿਆ ਗਿਆ ਤੇ ਉਸ ਦੇ ਇਲਾਜ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ।

ਇਸ ਵਿਅਕਤੀ ਦੀ ਹਾਲਤ ਬਾਰੇ ਹਾਲ ਦੀ ਘੜੀ ਕੋਈ ਸਪਸ਼ਟ ਜਾਣਕਾਰੀ ਹਾਸਲ ਨਹੀਂ ਹੋਈ ਹੈ। ਇਸ ਸਮੇਂ ਲੈਂਡਜ਼ਡਾਊਨ ਏਰੀਏ ਨੂੰ ਬੰਦ ਕੀਤਾ ਗਿਆ ਹੈ ਤੇ ਲੋਕਾਂ ਨੂੰ ਬਦਲਵੇਂ ਰੂਟ ਤੋਂ ਗੱਡੀਆਂ ਲਿਜਾਣ ਦੀ ਹਦਾਇਤ ਕੀਤੀ ਗਈ ਹੈ।

# ਗੱਲਬਾਤ ਕਿਸੇ ਤਣ-ਪੱਤਣ ਨਾ ਲੱਗਣ ਉੱਤੇ ਮੁੜ ਹੜਤਾਲ ਕਰਨਗੇ ਓਨਟਾਰੀਓ ਦੇ ਐਜੂਕੇਸ਼ਨ ਵਰਕਰਜ਼

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : 55,000 ਓਨਟਾਰੀਓ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਮੁੜ ਹੜਤਾਲ ਉੱਤੇ ਜਾਣ ਲਈ ਪੰਜ ਦਿਨਾਂ ਦਾ ਨੋਟਿਸ ਦਿੱਤਾ ਗਿਆ ਹੈ। ਇਸ ਤੋਂ ਭਾਵ ਹੈ ਕਿ ਸੋਮਵਾਰ ਤੋਂ ਸਕੂਲ ਬੰਦ ਹੋ ਸਕਦੇ ਹਨ।




ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੋਈਜ਼ (ਕੂਪ) ਨੇ ਦੱਸਿਆ ਕਿ ਕਈ ਘੰਟਿਆਂ ਤੱਕ ਗੱਲਬਾਤ ਕਰਨ ਦੇ ਬਾਵਜੂਦ ਸਰਕਾਰ ਨਾਲ ਕੋਈ ਡੀਲ ਸਿਰੇ ਨਹੀਂ ਚੜ੍ਹ ਸਕੀ ਹੈ ਤੇ ਇੱਕ ਵਾਰੀ ਫਿਰ ਗੱਲਬਾਤ ਟੁੱਟ ਗਈ ਹੈ। ਕੂਪ ਦੀ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਬੁੱਧਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਉਨ੍ਹਾਂ ਵੱਲੋਂ ਫੋਰਡ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਜਿਨਾਂ ਵੀ ਸਮਾਂ ਸਾਡੇ ਕੋਲ ਹੈ ਉਸ ਦਾ ਲਾਹਾ ਲੈਂਦਿਆਂ ਹੋਇਆਂ ਡੀਲ ਸਿਰੇ ਚੜ੍ਹਾਉਂਦੇ ਹਾਂ। ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਸਰਕਾਰ ਯੂਨੀਅਨ ਦੇ ਗੈਰ ਲੋੜੀਂਦੇ ਹੜਤਾਲ ਦੇ ਫੈਸਲੇ ਤੋਂ ਬਹੁਤ ਨਿਰਾਸ਼ ਹੈ।

ਕੁਈਨਜ਼ ਪਾਰਕ ਵਿਖੇ ਸੱਦੀ ਅਚਨਚੇਤੀ ਪ੍ਰੈੱਸ ਕਾਨਫਰੰਸ ਵਿੱਚ ਲਿਚੇ ਨੇ ਆਖਿਆ ਕਿ ਅਸੀਂ ਵਿਸ਼ਵਾਸ ਕਰਕੇ ਦੁਬਾਰਾ ਗੱਲਬਾਤ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਅਸੀਂ ਚਾਹੁੰਦੇ ਹਾਂ ਕਿ ਘੱਟ ਆਮਦਨ ਵਾਲੇ ਵਰਕਰਜ਼ ਨੂੰ ਵੀ ਫਾਇਦਾ ਹੋ ਸਕੇ ਤੇ ਬੱਚਿਆਂ ਦੀ ਪੜ੍ਹਾਈ ਦਾ ਵੀ ਹਰਜਾ ਨਾ ਹੋਵੇ। ਪਰ ਇੱਕ ਵਾਰੀ ਫਿਰ ਯੂਨੀਅਨ ਨੇ ਪ੍ਰੋਵਿੰਸ ਨੂੰ ਹੜਤਾਲ ਲਈ ਪੰਜ ਦਿਨਾਂ ਦਾ ਨੋਟਿਸ ਦੇ ਦਿੱਤਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਕੂਪ ਦੇ ਐਜੂਕੇਸ਼ਨ ਵਰਕਰ ਅਜੇ ਵੀ ਕਾਨੂੰਨੀ ਤੌਰ ਉੱਤੇ ਹੜਤਾਲ ਕਰਨ ਦੀ ਸਥਿਤੀ ਵਿੱਚ ਹਨ।

ਬੰਦ ਦਰਵਾਜ਼ਿਆਂ ਪਿੱਛੇ ਦੋਵਾਂ ਧਿਰਾਂ ਦਰਮਿਆਨ ਕੀ ਗੱਲਬਾਤ ਹੋਈ ਇਸ ਬਾਰੇ ਕੋਈ ਵੀ ਮੂੰਹ ਨਹੀਂ ਖੋਲ੍ਹ ਰਿਹਾ। ਪਰ ਲਿਚੇ ਨੇ ਆਖਿਆ ਕਿ ਸਰਕਾਰ ਵੱਲੋਂ ਯੂਨੀਅਨ ਨੂੰ ਕਈ ਤਰ੍ਹਾਂ ਦੀਆਂ ਸੋਧੀਆਂ ਹੋਈਆਂ ਪੇਸ਼ਕਸ਼ਾਂ ਕੀਤੀਆਂ ਗਈਆਂ।

# 671 ਕਿੱਲੋ ਗੈਰਕਾਨੂੰਨੀ ਡਰੱਗਜ਼ ਬਰਾਮਦ ਕਰਨ ਵਿੱਚ ਟੋਰਾਂਟੋ ਪੁਲਿਸ ਨੂੰ ਮਿਲੀ ਸਫਲਤਾ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਸਰਵਿਸ ਨੂੰ 671 ਕਿੱਲੋ ਗੈਰਕਾਨੂੰਨੀ ਡਰੱਗਜ਼ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਹੋਈ ਹੈ। ਇਨ੍ਹਾਂ ਵਿੱਚ 520 ਕਿੱਲੋ ਕ੍ਰਿਸਟਲ ਮੈਥਾਮਫੈਟਾਮਾਈਨ ਤੇ 151 ਕਿੱਲੋ ਕੋਕੀਨ ਸ਼ਾਮਲ ਹੈ। ਇੱਕ ਦਿਨ ਵਿੱਚ ਨਸ਼ਿਆਂ ਦੀ ਐਨੀ ਵੱਡੀ ਖੇਪ ਫੜ੍ਹਨ ਦਾ ਸਰਵਿਸ ਦੇ ਇਤਿਹਾਸ ਦਾ ਇਹ ਸੱਭ ਤੋਂ ਵੱਡਾ ਮਾਮਲਾ ਹੈ।



ਅੱਜ ਇੱਕ ਨਿਊਜ਼ ਕਾਨਫਰੰਸ ਵਿੱਚ ਸਪੈਸ਼ਲਾਈਜ਼ਡ ਆਪਰੇਸ਼ਨਜ਼ ਦੇ ਡਿਪਟੀ ਚੀਫ ਪੌਲੀਨ ਗ੍ਰੇਅ ਤੇ ਯੂਨਿਟ ਕਮਾਂਡਰ ਆਫ ਦਾ ਡਰੱਗ ਸਕੁਐਡ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਨਸ਼ਿਆਂ ਦੀ ਕੀਮਤ 58 ਮਿਲੀਅਨ ਡਾਲਰ ਹੈ। ਟੋਰਾਂਟੋ ਪੁਲਿਸ ਵੱਲੋਂ ਟੋਰਾਂਟੋ ਦੇ ਅਜਿਹੇ ਦੋ ਘਰਾਂ ਦੀ ਸ਼ਨਾਖ਼ਤ ਕੀਤੀ ਗਈ ਜਿੱਥੇ ਇਹ ਨਸ਼ੇ ਰੱਖੇ ਜਾ ਰਹੇ ਸਨ। ਚਾਰ ਹਫਤਿਆਂ ਦੀ ਜਾਂਚ ਤੋਂ ਬਾਅਦ ਇਨ੍ਹਾਂ ਦੋ ਥਾਂਵਾਂ ਲਈ ਸਰਚ ਵਾਰੰਟ ਜਾਰੀ ਕੀਤੇ ਗਏ। ਤਿੰਨ ਗੱਡੀਆਂ ਲੈ ਕੇ 5 ਅਕਤੂਬਰ, 2022 ਨੂੰ ਇਨ੍ਹਾਂ ਥਾਂਵਾਂ ਉੱਤੇ ਛਾਪੇ ਮਾਰੇ ਗਏ ਤੇ ਨਸ਼ਿਆਂ ਦੀ ਵੱਡੀ ਖੇਪ ਬਰਾਮਦ ਕੀਤੀ ਗਈ।

ਇਨ੍ਹਾਂ ਨਸ਼ਿਆਂ ਦੀ ਸਮਗਲਿੰਗ ਦੇ ਸਬੰਧ ਵਿੱਚ ਤਿੰਨ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ। ਇੱਕ ਵਾਰੀ ਇਨ੍ਹਾਂ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਇਨ੍ਹਾਂ ਨੂੰ ਸਮਗਲਿੰਗ ਦੇ ਇਰਾਦੇ ਨਾਲ ਕੋਕੀਨ ਤੇ ਕ੍ਰਿਸਟਲ ਮੈਥਾਮਫੈਟਾਮਾਈਨ ਰੱਖਣ ਲਈ ਚਾਰਜ ਕੀਤਾ ਜਾਵੇਗਾ ਤੇ ਇਨ੍ਹਾਂ ਦੇ ਨਾਂ ਵੀ ਉਦੋਂ ਜਾਰੀ ਕੀਤੇ ਜਾਣਗੇ।

ਟੋਰਾਂਟੋ ਪੁਲਿਸ ਸਰਵਿਸ ਦੇ ਨਾਲ ਡਰੱਗ ਸਕੁਐਡ ਮੇਜਰ ਪ੍ਰੋਜੈਕਟ ਸੈਕਸ਼ਨ ਤੇ ਏਸ਼ੀਅਨ ਆਰਗੇਨਾਈਜ਼ਡ ਕ੍ਰਾਈਮ ਟਾਸਕ ਫੋਰਸ ਵੱਲੋਂ ਰਲ ਕੇ ਇਨ੍ਹਾਂ ਨਸ਼ਿਆਂ ਨੂੰ ਬਰਾਮਦ ਕੀਤਾ ਗਿਆ। ਓਨਟਾਰੀਓ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਫੰਡਾਂ ਸਦਕਾ ਕ੍ਰਿਮੀਨਲ ਇੰਟੈਲੀਜੈਂਸ ਸਰਵਿਸ ਆਫ ਓਨਟਾਰੀਓ ਨੇ ਵੀ ਜਾਂਚ ਵਿੱਚ ਟੋਰਾਂਟੋ ਪੁਲਿਸ ਸਰਵਿਸ ਦੀ ਮਦਦ ਕੀਤੀ।

# 8 ਸਾਲਾ ਬੱਚੀ ਨੂੰ ਮਾਰਨ ਤੋਂ ਬਾਅਦ ਪਿਤਾ ਨੇ ਕੀਤੀ ਖੁਦਕੁਸ਼ੀ




ਓਸ਼ਵਾ, 17 ਨਵੰਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਓਸ਼ਵਾ ਵਿੱਚ ਕਤਲ ਤੇ ਖੁਦਕੁਸ਼ੀ ਦੇ ਸਾਹ-ਮਣੇ ਆਏ ਮਾਮਲੇ ਵਿੱਚ ਪਿਤਾ ਵੱਲੋਂ ਅੱਠ ਸਾਲਾ ਬੱਚੀ ਦੀ ਜਾਨ ਲੈਣ ਤੋਂ ਬਾਅਦ ਖੁਦਕੁਸ਼ੀ ਕਰ ਲਈ ਗਈ।

ਸ਼ਨਿੱਚਰਵਾਰ ਨੂੰ ਸਵੇਰੇ 8:00 ਵਜੇ ਵਿਨਲੌਰਡ ਪਲੇਸ ਉੱਤੇ ਸਥਿਤ ਇੱਕ ਘਰ ਵਿੱਚ ਦਰਹਾਮ ਪੁਲਿਸ ਨੂੰ ਸੱਦਿਆ ਗਿਆ। ਇਸ ਘਰ ਵਿੱਚ ਪੁਲਿਸ ਨੂੰ ਇੱਕ 38 ਸਾਲਾ ਵਿਅਕਤੀ ਤੇ ਉਸ ਦੀ ਲੜਕੀ ਦੀਆਂ ਲਾਸ਼ਾਂ ਮਿਲੀਆਂ। ਜਾਂਚਕਾਰਾਂ ਨੇ ਆਖਿਆ ਕਿ ਮੌਕੇ ਉੱਤੇ ਮਿਲੇ ਸਬੂਤ ਕਤਲ ਤੋਂ ਬਾਅਦ ਖੁਦਕੁਸ਼ੀ ਵੱਲ ਇਸ਼ਾਰਾ ਕਰਦੇ ਹਨ ਤੇ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕੀਤੀ ਜਾ ਰਹੀ।

ਪਰਿਵਾਰ ਦੇ ਕਹਿਣ ਉੱਤੇ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ।

# ਓਨਟਾਰੀਓ ਦੇ ਉੱਘੇ ਡਾਕਟਰ ਨੇ ਇੰਡੋਰ ਸੈਟਿੰਗਜ਼ ਵਿੱਚ ਮਾਸਕ ਪਾ ਕੇ ਰੱਖਣ ਦੀ ਕੀਤੀ ਸਿਫਾਰਸ਼

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਬੱਚਿਆਂ ਵਿੱਚ ਸਾਹ ਸਬੰਧੀ ਫੈਲ ਰਹੀਆਂ ਬਿਮਾਰੀਆਂ ਕਾਰਨ ਓਨਟਾਰੀਓ ਦੇ ਉੱਘੇ ਡਾਕਟਰ ਵੱਲੋਂ ਇੱਕ ਵਾਰੀ ਫਿਰ ਸਾਰੇ ਓਨਟਾਰੀਓ ਵਾਸੀਆਂ ਨੂੰ ਇੰਡੋਰ ਸੈਟਿੰਗਜ਼, ਜਿਨ੍ਹਾਂ ਵਿੱਚ ਸਕੂਲ ਤੇ ਚਾਈਲਡਕੇਅਰ ਸੈਂਟਰ ਵੀ ਸ਼ਾਮਲ ਹਨ, ਵਿੱਚ ਮਾਸਕ ਪਾ ਕੇ ਰੱਖਣ ਦੀ ਸਲਾਹ ਦਿੱਤੀ ਹੈ।

ਡਾ. ਕੀਰਨ ਮੂਰ ਨੇ ਮਾਸਕ ਲਾਜ਼ਮੀ ਕਰਨ ਦਾ ਤਾਂ ਐਲਾਨ ਨਹੀਂ ਕੀਤਾ ਪਰ ਉਨ੍ਹਾਂ ਪਹਿਲਾਂ ਆਖਿਆ ਸੀ ਕਿ ਜੇ ਹਸਪਤਾਲਾਂ ਵੱਲੋਂ ਸਰਜਰੀਜ਼ ਰੱਦ ਕਰਨ ਦਾ ਸਿਲਸਿਲਾ ਸ਼ੁਰੂ ਹੋਵੇਗਾ ਤਾਂ ਉਹ ਕੁੱਝ ਇੰਡੋਰ ਸੈਟਿੰਗਜ਼ ਵਿੱਚ ਮਾਸਕ ਲਾਉਣਾ ਲਾਜ਼ਮੀ ਕਰ ਦੇਣਗੇ। ਸੋਮਵਾਰ ਸਵੇਰੇ ਇੱਕ ਨਿਊਜ਼ ਕਾਨਫਰੰਸ ਵਿੱਚ ਡਾ. ਮੂਰ ਨੇ ਆਖਿਆ ਕਿ ਇਸ ਸਮੇਂ ਸਾਨੂੰ ਤੀਹਰੀ ਚੁਣੌਤੀ ਦਾ ਸਾਹ-



ਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚ ਕੋਵਿਡ-19 ਇਨਫਲੂਐਂਜ਼ਾ ਤੇ ਆਰਐਸਵੀ ਵੀ ਸ਼ਾਮਲ ਹਨ। ਇਹ ਤਿੰਨੇ ਚੀਜ਼ਾਂ ਸਾਡੀਆਂ ਕਮਿਊਨਿਟੀਜ਼ ਵਿੱਚ ਪੂਰੀ ਸਰਗਰਮੀ ਨਾਲ ਸਰਕੂਲੇਟ ਹੋ ਰਹੀਆਂ ਹਨ।

ਇਹ ਪੁੱਛੇ ਜਾਣ ਉੱਤੇ ਕਿ ਉਹ ਮਾਸਕ ਲਾਜ਼ਮੀ ਕਿਉਂ ਨਹੀਂ ਕਰ ਦਿੰਦੇ ਤਾਂ ਡਾ. ਮੂਰ ਨੇ ਆਖਿਆ ਕਿ ਇਹ ਹਾਲਾਤ ਕੋਵਿਡ ਨਾਲੋਂ ਵੱਖਰੇ ਹਨ। ਇਹ ਸਾਡੇ ਬੱਚਿਆਂ ਨੂੰ ਬਚਾਉਣ ਦੀ ਗੱਲ ਹੈ। ਉਨ੍ਹਾਂ ਮਾਪਿਆਂ, ਗ੍ਰੈਂਡਪੇਰੈਂਟਸ, ਭੈਣ-ਭਰਾਵਾਂ ਨੂੰ ਆਖਿਆ ਕਿ ਜੇ ਤੁਹਾਨੂੰ ਸਾਹ ਸਬੰਧੀ ਕੋਈ ਦਿੱਕਤ ਹੈ ਤਾਂ ਤੁਹਾਨੂੰ ਉਨ੍ਹਾਂ ਦੁਆਲੇ ਮਾਸਕ ਲਾ ਕੇ ਰੱਖਣੇ ਚਾਹੀਦੇ ਹਨ ਜਿਹੜੇ ਕਮਜ਼ੋਰ ਹਨ। ਮੂਰ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਸੱਭ ਤੋਂ ਵੱਧ ਕਮਜ਼ੋਰਾਂ ਨੂੰ ਬਚਾਉਣ ਲਈ ਸਾਨੂੰ ਸਾਂਝੇ ਤੌਰ ਉੱਤੇ ਕਦਮ ਚੁੱਕਣ ਦੀ ਲੋੜ ਹੈ।

ਡਾ. ਮੂਰ ਨੇ ਆਖਿਆ ਕਿ ਸਾਡੇ ਬੱਚਿਆਂ ਨੂੰ ਕੋਵਿਡ ਪ੍ਰਭਾਵਿਤ ਨਹੀਂ ਕਰ ਰਿਹਾ। ਆਰਐਸਵੀ ਤੇ ਇਨਫਲੂਐਂਜ਼ਾ ਰਲ ਕੇ ਬੱਚਿਆਂ ਨੂੰ ਹਸਪਤਾਲ ਵਿੱਚ ਦਾਖਲ ਹੋਣ ਲਈ ਮਜਬੂਰ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਆਈਸੀਯੂ ਵਿੱਚ ਦਾਖਲ ਅੱਧੇ ਬੱਚਿਆਂ ਨੂੰ ਆਰਐਸਵੀ ਹੈ ਤੇ ਦੂਜਿਆਂ ਨੂੰ ਇਨਫਲੂਐਂਜ਼ਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਕੂਲਾਂ ਵਿੱਚ ਮਾਸਕ ਲਾਜ਼ਮੀ ਕਰਨੇ ਹਨ ਜਾਂ ਨਹੀਂ ਇਸ ਦਾ ਫੈਸਲਾ ਸਕੂਲ ਬੋਰਡਜ਼ ਉੱਤੇ ਨਿਰਭਰ ਕਰਦਾ ਹੈ। ਪ੍ਰੋਵਿੰਸ ਵੱਲੋਂ ਹਸਪਤਾਲਾਂ ਵਿੱਚ ਪੀਡੀਐਟ੍ਰਿਕ ਸਮਰੱਥਾ ਨੂੰ ਵਧਾ ਕੇ 150 ਫੀ ਸਦੀ ਕੀਤਾ ਜਾ ਰਿਹਾ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ 14 ਸਾਲ ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ, ਜਿਨ੍ਹਾਂ ਨੂੰ ਤੁਰੰਤ ਮੈਡੀਕਲ ਸਹਾਇਤਾ ਚਾਹੀਦੀ ਹੈ, ਦਾ ਇਲਾਜ ਐਡਲਟ ਕ੍ਰਿਟੀਕਲ ਕੇਅਰ ਬੈੱਡਜ਼ ਉੱਤੇ ਹੀ ਕੀਤਾ ਜਾਵੇ।

# ਹੈਲਥ ਕੈਨੇਡਾ ਨੇ ਵਿਦੇਸ਼ ਤੋਂ ਮੰਗਵਾਈਆਂ ਬੱਚਿਆਂ ਦੀਆਂ ਦਰਦ ਨਿਵਾਰਕ ਦਵਾਈਆਂ

ਓਟਵਾ, 17 ਨਵੰਬਰ (ਪੋਸਟ ਬਿਊਰੋ) : ਸਾਹ ਸਬੰਧੀ ਬਿਮਾਰੀਆਂ ਵਿੱਚ ਹੋਏ ਵਾਧੇ ਦੇ ਚੱਲਦਿਆਂ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਦਰਦ ਤੇ ਬੁਖਾਰ ਸਬੰਧੀ ਦਵਾਈਆਂ ਲੱਭਣ ਵਾਸਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਪਰ ਇਸ ਦੌਰਾਨ ਸੋਮਵਾਰ ਨੂੰ ਹੈਲਥ ਕੈਨੇਡਾ ਨੇ ਐਲਾਨ ਕੀਤਾ ਕਿ ਉਸ ਵੱਲੋਂ ਬੱਚਿਆਂ ਦੀ ਐਸੇਟਾਮੀਨੋਫੈਨ ਦਵਾਈ ਦੀ ਸਪਲਾਈ ਵਿਦੇਸ਼ ਤੋਂ ਮੰਗਵਾਉਣ ਦਾ ਪ੍ਰਬੰਧ ਕਰ ਲਿਆ ਗਿਆ ਹੈ।

ਆਉਣ ਵਾਲੇ ਹਫਤਿਆਂ ਵਿੱਚ ਇਹ ਸਪਲਾਈ ਰੀਟੇਲ ਖਰੀਦ ਲਈ ਉਪਲਬਧ ਹੋਵੇਗੀ ਤੇ ਮਾਪੇ ਕਮਿਊਨਿਟੀ ਫਾਰਮੇਸੀਜ਼ ਤੋਂ ਵੀ ਇਸ ਨੂੰ ਹਾਸਲ ਕਰ ਸਕਣਗੇ। ਇਸ ਸਪਲਾਈ ਤੋਂ ਇਲਾਵਾ ਹੈਲਥ ਕੈਨੇਡਾ ਵੱਲੋਂ ਪਿੱਛੇ ਜਿਹੇ ਨਵਜੰਮੇਂ ਬੱਚਿਆਂ ਤੇ ਨਿੱਕੇ ਬੱਚਿਆਂ ਲਈ ਇਬੂਪ੍ਰੋਫਨ ਤੇ




ਐਸੇਟਾਮੀਨੋਫੈਨ ਦਵਾਈਆਂ ਦੀ ਸਪਲਾਈ ਕੈਨੇਡਾ ਦੇ ਹਸਪਤਾਲਾਂ ਲਈ ਉਪਲਬਧ ਕਰਵਾਉਣ ਸਬੰਧੀ ਇਸ ਨੂੰ ਇੰਪੋਰਟ ਕਰਨ ਦੀ ਵੀ ਮਨਜ਼ੂਰੀ ਦੇ ਦਿੱਤੀ ਹੈ। ਏਜੰਸੀ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਇਬੂਪ੍ਰੋਫਨ ਦੀ ਸਪਲਾਈ ਇੰਪੋਰਟ ਕਰ ਲਈ ਗਈ ਹੈ ਤੇ ਇਸ ਦੀ ਵੰਡ ਕੀਤੀ ਜਾ ਰਹੀ ਹੈ। ਇਸ ਦੌਰਾਨ ਹੈਲਥ ਕੈਨੇਡਾ ਵੱਲੋਂ ਮਾਪਿਆਂ ਨੂੰ ਇਹ ਵੀ ਅਪੀਲ ਕੀਤੀ ਗਈ ਹੈ ਕਿ ਸਟੋਰ ਦੀਆਂ ਸ਼ੈਲਫਾਂ ਉੱਤੇ ਦਵਾਈਆਂ ਦੀ ਸਪਲਾਈ ਨਜ਼ਰ ਆਉਣ ਤੋਂ ਬਾਅਦ ਉਸ ਨੂੰ ਇੱਕਠਾ ਨਾ ਕਰਨ ਲੱਗ ਜਾਣ ਕਿਉਂਕਿ ਅਜੇ ਵੀ ਇਨ੍ਹਾਂ ਦਵਾਈਆਂ ਦੀ ਕਮੀ ਪਾਈ ਜਾ ਰਹੀ ਹੈ ਤੇ ਇਸ ਨਾਲ ਹੋਰਨਾਂ ਲੋੜਵੰਦ ਮਾਪਿਆਂ ਨੂੰ ਪਰੇਸ਼ਾਨੀ ਹੋ ਸਕਦੀ ਹੈ। ਏਜੰਸੀ ਦਾ ਇਹ ਵੀ ਕਹਿਣਾ ਹੈ ਕਿ ਜੇ ਕੋਈ ਦਵਾਈ ਕੇਅਰਗਿਵਰਜ਼ ਨੂੰ ਨਹੀਂ ਮਿਲਦੀ ਹੈ ਤਾਂ ਫਾਰਮਾਸਿਸਟਸ ਤੋਂ ਉਸ ਦਵਾਈ ਦਾ ਬਦਲ ਮੰਗਿਆ ਜਾਵੇ।

# ਹਾਈ ਸਕੂਲ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ 17 ਸਾਲਾ ਵਿਦਿਆਰਥੀ ਜ਼ਖ਼ਮੀ




ਸਕਾਰਬਰੋ, 17 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਬਰਚਮਾਊਂਟ ਪਾਰਕ ਕਾਲਜੀਏਟ ਇੰਸਟੀਚਿਊਟ ਵਿੱਚ ਚਾਕੂ ਮਾਰੇ ਜਾਣ ਕਾਰਨ ਇੱਕ 17 ਸਾਲਾ ਵਿਦਿਆਰਥੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਡੈਨਫੋਰਥ ਐਵਨਿਊ ਤੇ ਬਰਚਮਾਊਂਟ ਰੋਡ ਏਰੀਆ ਵਿੱਚ ਸਥਿਤ ਇਸ ਹਾਈ ਸਕੂਲ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਅਧਿਕਾਰੀਆਂ ਨੂੰ ਦੁਪਹਿਰੇ 3:00 ਵਜੇ ਦੇ ਨੇੜੇ ਤੇੜੇ ਜਾਣੂ ਕਰਵਾਇਆ ਗਿਆ। ਟੋਰਾਂਟੋ ਪੈਰਾਮੈਡਿਕਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇੱਕ ਵਿਦਿਆਰਥੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇਹ ਛੁਰੇਬਾਜ਼ੀ ਦੀ ਘਟਨਾ ਬਿਲਡਿੰਗ ਦੇ ਅੰਦਰ ਹੀ ਵਾਪਰੀ ਤੇ ਇਸ ਵਿੱਚ ਬਰਚਮਾਊਂਟ ਕਾਲਜੀਏਟ ਸੀ•ਆਈ ਵਿੱਚ 12ਵੀਂ ਕਲਾਸ ਦੇ 17 ਸਾਲਾ ਵਿਦਿਆਰਥੀ ਨੂੰ ਨਿਸ਼ਾਨਾ ਬਣਾਇਆ ਗਿਆ।

ਸਕੂਲ ਨੂੰ ਲਾਕਡਾਊਨ ਕਰ ਦਿੱਤਾ ਗਿਆ ਤੇ ਫਿਰ ਥੋੜ੍ਹੀ ਦੇਰ ਬਾਅਦ ਵਿਦਿਆਰਥੀਆਂ ਤੇ ਸਟਾਫ ਨੂੰ ਸੁਰੱਖਿਅਤ ਢੰਗ ਨਾਲ ਸਕੂਲ ਤੋਂ ਬਾਹਰ ਕੱਢ ਲਿਆ ਗਿਆ। ਪਬਲਿਕ ਸੇਫਟੀ ਨੂੰ ਕੋਈ ਖਤਰਾ ਨਹੀਂ ਦੱਸਿਆ ਜਾ ਰਿਹਾ ਤੇ ਨਾ ਹੀ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ ਹੈ। ਮਸ਼ਕੂਕਾਂ ਬਾਰੇ ਵੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

ਬਰਚਮਾਊਂਟ ਪਾਰਕ ਕਾਲਜੀਏਟ ਇੰਸਟੀਚਿਊਟ ਵਿੱਚ ਛੁਰੇਬਾਜ਼ੀ ਦੀ ਇਹ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ 25 ਅਪਰੈਲ ਨੂੰ ਵੀ ਇੱਥੇ ਇੱਕ 14 ਸਾਲਾ ਲੜਕੇ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ। ਉਸ ਘਟਨਾ ਤੋਂ ਕੁੱਝ ਦਿਨ ਬਾਅਦ 15 ਤੇ 16 ਸਾਲਾਂ ਦੇ ਦੋ ਲੜਕਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਉਨ੍ਹਾਂ ਉੱਤੇ ਕਈ ਚਾਰਜਿਜ਼ ਲੱਗੇ ਸਨ।

# ਵਾਅਨ ਬੱਸ ਹਾਦਸੇ ਵਿੱਚ 2 ਜ਼ਖ਼ਮੀ



ਵਾਅਨ, 17 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਵਾਅਨ ਵਿੱਚ ਵੀਵਾ ਟਰਾਂਜ਼ਿਟ ਬੱਸ ਦੇ ਕਾਰ ਨਾਲ ਟਕਰਾ ਜਾਣ ਕਾਰਨ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।

ਬੱਸ ਤੇ ਇੱਕ ਹੋਰ ਵਾਹਨ ਵਿੱਚ ਹੋਈ ਟੱਕਰ ਤੋਂ ਬਾਅਦ ਪੁਲਿਸ ਨੂੰ ਦੁਪਹਿਰੇ 1:00 ਵਜੇ ਬਾਥਰਸਟ ਸਟਰੀਟ ਤੇ ਐਟਕਿੰਸਨ ਐਵਨਿਊ ਸੱਦਿਆ ਗਿਆ। ਇੱਕ ਚਸ਼ਮਦੀਦ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਸ ਉੱਤਰ ਵਾਲੇ ਪਾਸੇ ਆਪਣੀ ਲੇਨ ਵਿੱਚ ਜਾ ਰਹੀ ਸੀ ਜਦੋਂ ਉਸ ਨੇ ਆਪਣੀ ਲੇਨ ਵਿੱਚ ਪਹੁੰਚੀ ਇੱਕ ਕਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਹਾਦਸਾ ਵਾਪਰ ਗਿਆ।

ਇਸ ਕਾਰਨ ਬੱਸ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਪੁਲਿਸ ਨੇ ਦੱਸਿਆ ਕਿ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਓਡੀਐਸਪੀ ਨਾਲ ਜੁੜੇ ਲੋਕਾਂ ਦੀ ਇਨਕਮ ਕੈਪ ਵਿੱਚ ਓਨਟਾਰੀਓ ਨੇ ਕੀਤਾ ਵਾਧਾ

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਡਿਸਐਬਿਲਿਟੀ ਸਪੋਰਟ ਪ੍ਰੋਗਰਾਮ (ਓਡੀਐਸਪੀ) ਨਾਲ ਜੁੜੇ ਵਿਅਕਤੀਆਂ ਲਈ ਪ੍ਰੋਵਿੰਸ ਵੱਲੋਂ ਰਕਮ ਵਿੱਚ ਵਾਧਾ ਕੀਤਾ ਗਿਆ ਹੈ। ਪਰ ਜਿਹੜੇ ਵਰਕਫੋਰਸ ਵਿੱਚ ਦਾਖਲ ਨਹੀਂ ਹੋ ਸਕਦੇ ਉਨ੍ਹਾਂ ਲਈ ਫੰਡਿੰਗ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

ਇਸ ਸਬੰਧੀ ਐਲਾਨ ਸੋਮਵਾਰ ਨੂੰ ਪ੍ਰੋਵਿੰਸ ਵੱਲੋਂ ਜਾਰੀ ਕੀਤੇ ਗਏ ਆਪਣੇ ਆਰਥਿਕ ਬਿਆਨ ਵਿੱਚ ਕੀਤਾ ਗਿਆ। ਇਸ ਦਸਤਾਵੇਜ਼ ਵਿੱਚ ਸਰਕਾਰ ਨੇ ਆਖਿਆ ਕਿ ਓਡੀਐਸਪੀ ਨਾਲ ਜੁੜਿਆ ਵਿਅਕਤੀ ਮਹੀਨੇ ਵਿੱਚ ਜਿੰਨੀ ਰਕਮ ਕਮਾ ਸਕਦਾ ਹੈ ਉਸ ਦੇ 200 ਡਾਲਰ ਘਟਾ ਕੇ 1000 ਡਾਲਰ ਕਰਨ ਤੋਂ ਪਹਿਲਾਂ ਨਾਲੋਂ ਉਹ ਉਸ



ਨਾਲੋਂ ਇਹ ਰਕਮ ਵਧਾਉਣ ਜਾ ਰਹੇ ਹਨ। ਇਸ ਤੋਂ ਬਾਅਦ ਓਡੀਐਸਪੀ ਜਿਹੜਾ ਇੱਕ ਵੀ ਡਾਲਰ ਹਾਸਲ ਕਰੇਗਾ, ਉਨ੍ਹਾਂ ਦੇ ਬੈਨੇਫਿਟਸ 25 ਸੈਂਟ ਦੇ ਹਿਸਾਬ ਨਾਲ ਘਟਦੇ ਜਾਣਗੇ।

ਇਸ ਤਬਦੀਲੀ ਤੋਂ ਪਹਿਲਾਂ 200 ਡਾਲਰ ਤੋਂ ਬਾਅਦ ਹਰੇਕ ਹਾਸਲ ਕੀਤੇ ਜਾਣ ਵਾਲੇ ਡਾਲਰ ਉੱਤੇ ਪੇਅਮੈਂਟਸ 50 ਸੈਂਟ ਤੱਕ ਘਟ ਜਾਵੇਗੀ। ਇਕਨੌਮਿਕ ਸਟੇਟਮੈਂਟ ਵਿੱਚ ਆਖਿਆ ਗਿਆ ਕਿ ਇਨ੍ਹਾਂ ਤਬਦੀਲੀਆਂ ਨਾਲ ਵਰਕਫੋਰਸ ਵਿੱਚ ਇਸ ਸਮੇਂ ਮੌਜੂਦ 25,000 ਵਿਅਕਤੀਆਂ ਨੂੰ ਆਪਣੀ ਕਮਾਈ ਸਹੇਜ ਕੇ ਰੱਖਣ ਦੀ ਖੁੱਲ੍ਹ ਮਿਲੇਗੀ ਤੇ 25000 ਹੋਰਨਾਂ ਨੂੰ ਵਰਕਫੋਰਸ ਵਿੱਚ ਹਿੱਸਾ ਲੈਣ ਦਾ ਮੌਕਾ ਮਿਲ ਸਕੇਗਾ। ਇਨ੍ਹਾਂ ਅੰਕੜਿਆਂ ਦੇ ਆਧਾਰ ਉੱਤੇ ਇਨ੍ਹਾਂ ਨਵੀਆਂ ਤਬਦੀਲੀਆਂ ਨਾਲ ਓਡੀਐਸਪੀ ਹਾਸਲ ਕਰਨ ਵਾਲੇ ਪ੍ਰੋਵਿੰਸ ਦੇ ਅੱਧਾ ਮਿਲੀਅਨ ਲੋਕਾਂ ਵਿੱਚੋਂ 10 ਫੀ ਸਦੀ ਪ੍ਰਭਾਵਿਤ ਹੋਣਗੇ।

# ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਗੰਭੀਰ ਜ਼ਖ਼ਮੀ



ਬਰੈਂਪਟਨ, 17 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਇਸ ਸਮੇਂ ਉਹ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਅੱਧੀ ਰਾਤ ਤੋਂ ਬਾਅਦ ਪੁਲਿਸ ਨੂੰ ਹਾਰਟ ਲੇਕ ਰੋਡ ਤੇ ਸੈਂਡਲਵੁੱਡ ਪਾਰਕਵੇਅ ਇਲਾਕੇ ਵਿੱਚ ਸੱਦਿਆ ਗਿਆ। ਪੈਰਾਮੈਡਿਕਸ ਵੱਲੋਂ ਕੀਤੀ ਗਈ ਪੁਸ਼ਟੀ ਵਿੱਚ ਆਖਿਆ ਗਿਆ ਕਿ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਆਖਿਆ ਕਿ ਸਿਆਲਾਂ ਕਾਰਨ ਤੇ ਬਰਫਬਾਰੀ ਕਾਰਨ ਵੀ ਇਹ ਹਾਦਸਾ ਵਾਪਰਿਆ ਹੋ ਸਕਦਾ ਹੈ। ਜਾਂਚ ਲਈ ਹਾਰਟ ਲੇਕ ਰੋਡ ਨੂੰ ਕੰਟਰੀਸਾਈਡ ਡਰਾਈਵ ਦੇ ਉੱਤਰ ਵੱਲ ਬੰਦ ਕਰ ਦਿੱਤਾ ਗਿਆ ਹੈ।

# ਜੀਟੀਏ ਵਿੱਚ ਕਾਰਜੈਕਿੰਗ ਨੈੱਟਵਰਕ ਚਲਾਉਣ ਵਾਲੇ ਗਿਰੋਹ ਦਾ ਪਰਦਾਫਾਸ਼, 1.4 ਮਿਲੀਅਨ ਡਾਲਰ ਮੁੱਲ ਦੀਆਂ ਗੱਡੀਆਂ ਬਰਾਮਦ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ ਕਾਰਜੈਕਿੰਗ ਨੈੱਟਵਰਕ ਚਲਾਉਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਨ ਮਗਰੋਂ ਪੁਲਿਸ ਵੱਲੋਂ 16 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਉੱਤੇ 116 ਚਾਰਜਿਜ਼ ਲਾਏ ਗਏ ਤੇ ਪੁਲਿਸ ਨੂੰ 1.4 ਮਿਲੀਅਨ ਡਾਲਰ ਮੁੱਲ ਦੀਆਂ ਚੋਰੀ ਦੀਆਂ ਗੱਡੀਆਂ ਮਿਲੀਆਂ।

ਗ੍ਰੇਟਰ ਟੋਰਾਂਟੋ ਏਰੀਆ ਵਿੱਚ ਹਿੰਸਕ ਕਾਰਜੈਕਿੰਗ ਦੀਆਂ ਘਟਨਾਵਾਂ ਵਿੱਚ ਹੋਏ ਵਾਧੇ ਦੇ ਮੱਦੇਨਜ਼ਰ ਇਸ ਸਾਲ ਜੂਨ ਵਿੱਚ ਆਪਰੇਸ਼ਨ ਜੀਟੀਏ ਸ਼ੁਰੂ ਕੀਤਾ ਗਿਆ। ਇਹ ਇੱਕ ਜੁਆਇੰਟ ਫੋਰਸਿਜ਼ ਆਪਰੇਸ਼ਨ ਸੀ, ਜਿਹੜਾ ਇਹ ਪਤਾ ਲਾਉਣ ਲਈ ਕੀਤਾ ਗਿਆ ਕਿ ਇਨ੍ਹਾਂ ਸਾਰੀਆਂ ਕਾਰਜੈਕਿੰਗ ਦੀਆਂ ਘਟਨਾਵਾਂ ਨੂੰ




ਫੰਡ ਕਰਨ ਤੇ ਇਨ੍ਹਾਂ ਵਿੱਚ ਵਾਧਾ ਕਰਵਾਉਣ ਲਈ ਕਿਹੜਾ ਮੁਜਰਮਾਨਾ ਨੈੱਟਵਰਕ ਕੰਮ ਕਰ ਰਿਹਾ ਸੀ।

ਇਸ ਟਾਸਕ ਫੋਰਸ ਦੀ ਅਗਵਾਈ ਯੌਰਕ ਰੀਜਨਲ ਪੁਲਿਸ ਵੱਲੋਂ ਕੀਤੀ ਗਈ ਤੇ ਉਨ੍ਹਾਂ ਦੇ ਨਾਲ ਟੋਰਾਂਟੋ ਪੁਲਿਸ ਸਰਵਿਸ, ਦਰਹਾਮ ਰੀਜਨਲ ਪੁਲਿਸ ਸਰਵਿਸ, ਹਾਲਟਨ ਰੀਜਨਲ ਪੁਲਿਸ ਸਰਵਿਸ, ਪੀਲ ਰੀਜਨਲ ਪੁਲਿਸ ਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਵੀ ਅਹਿਮ ਯੋਗਦਾਨ ਪਾਇਆ ਗਿਆ। ਇੱਕ ਪ੍ਰੈੱਸ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਦੌਰਾਨ ਤੇ ਇਸ ਤੋਂ ਬਾਅਦ ਕਾਰਜੈਕਿੰਗ ਦੇ ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਕਈ ਮਾਮਲਿਆਂ ਵਿੱਚ ਤਾਂ ਮਸ਼ਕੂਕਾਂ ਵੱਲੋਂ ਹਥਿਆਰਾਂ ਦੀ ਵੀ ਵਰਤੋਂ ਕੀਤੀ ਗਈ, ਜੋ ਕਿ ਪਬਲਿਕ ਸੇਫਟੀ ਲਈ ਗੰਭੀਰ ਖਤਰਾ ਹੈ।

ਪੁਲਿਸ ਨੇ ਦੱਸਿਆ ਕਿ ਇਸ ਸਾਲ 11 ਤੇ 12 ਅਕਤੂਬਰ ਨੂੰ ਕਈ ਸਰਚ ਵਾਰੰਟ ਕਢਵਾ ਕੇ ਤਲਾਸ਼ੀਆਂ ਲਈਆਂ ਗਈਆਂ ਤਾਂ ਕਈ ਲੋਕਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਹੋਈ। ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਚੋਰੀ ਦੀਆਂ 19 ਗੱਡੀਆਂ ਮਿਲੀਆਂ ਜਿਨ੍ਹਾਂ ਦੀ ਅੰਦਾਜ਼ਨ ਕੀਮਤ 1•4 ਮਿਲੀਅਨ ਡਾਲਰ ਹੈ ਤੇ ਇਸ ਤੋਂ ਇਲਾਵਾ 5 ਮਿਲੀਅਨ ਡਾਲਰ ਮੁੱਲ ਦੀਆਂ 50 ਗੱਡੀਆਂ ਅਜਿਹੀਆਂ ਵੀ ਮਿਲੀਆਂ ਜਿਨ੍ਹਾਂ ਦਾ ਰੂਪ ਰੰਗ ਬਦਲ ਦਿੱਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਇਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਕੈਨੇਡਾ ਵਿਚ ਪੀ ਆਰ ਭਾਰਤੀ ਨਿਵਾਸੀ ਹੁਣ ਕੈਨੇਡੀਅਨ ਫੌਜ ਦਾ ਹਿੱਸਾ ਬਣ ਸਕਦੇ ਹਨ

ਟੋਰਾਂਟੋ, 17 ਨਵੰਬਰ (ਸੁਰਜੀਤ ਸਿੰਘ ਫਲੋਰਾ): ਕੈਨੇਡੀਅਨ ਆਰਮਡ ਫੋਰਸਿਜ਼ ਨੇ ਘੋਸ਼ਣਾ ਕੀਤੀ ਹੈ ਕਿ ਸਥਾਈ ਨਿਵਾਸੀ, ਜਿਸ ਵਿੱਚ ਭਾਰਤੀਆਂ ਦਾ ਇੱਕ ਵੱਡਾ ਹਿੱਸਾ ਸ਼ਾਮਲ ਹੈ, ਹੁਣ ਫੌਜ ਵਿੱਚ ਭਰਤੀ ਹੋਣ ਦੇ ਯੋਗ ਹਨ। ਇਹ ਘੋਸ਼ਣਾ ਯਾਦਗਾਰੀ ਦਿਵਸ ਦੇ ਨੇੜੇ ਆਈ, ਰਿਪੋਰਟਾਂ ਦੇ ਵਿਚਕਾਰ ਕਿ ਕੈਨੇਡੀਅਨ ਫੌਜ ਹਜ਼ਾਰਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਨਵੇਂ ਮੈਂਬਰਾਂ ਦੀ ਭਰਤੀ ਕਰਨ ਲਈ ਸੰਘਰਸ਼ ਕਰ ਰਹੀ ਹੈ।



2021 ਤੱਕ, ਕੈਨੇਡਾ ਵਿੱਚ ਸਥਾਈ ਨਿਵਾਸ ਦੇ ਨਾਲ 80 ਲੱਖ ਤੋਂ ਵੱਧ ਪ੍ਰਵਾਸੀ ਸਨ - ਕੁੱਲ ਕੈਨੇਡੀਅਨ ਆਬਾਦੀ ਦਾ ਲਗਭਗ 21.5 ਪ੍ਰਤੀਸ਼ਤ। ਉਸੇ ਸਾਲ, ਲਗਭਗ 100,000 ਭਾਰਤੀ ਕੈਨੇਡਾ ਦੇ ਪੱਕੇ ਨਿਵਾਸੀ ਬਣ ਗਏ ਕਿਉਂਕਿ ਦੇਸ਼ ਨੇ ਆਪਣੇ ਇਤਿਹਾਸ ਵਿੱਚ ਰਿਕਾਰਡ 405,000 ਨਵੇਂ ਪ੍ਰਵਾਸੀਆਂ ਨੂੰ ਦਾਖਲ ਕੀਤਾ।

ਕੜਿਆਂ ਦੇ ਅਨੁਸਾਰ, ਕੈਨੇਡਾ ਵਿੱਚ 2022 ਅਤੇ 2024 ਦੇ ਵਿਚਕਾਰ ਇੱਕ ਮਿਲੀਅਨ ਤੋਂ ਵੱਧ ਨਵੇਂ ਸਥਾਈ ਨਿਵਾਸੀਆਂ ਦਾ ਸਵਾਗਤ ਕਰਨ ਦੀ ਸੰਭਾਵਨਾ ਹੈ, ਜੋ ਕਿ ਫੌਜ ਦੁਆਰਾ ਚੁਣੇ ਜਾਣ ਵਾਲੇ ਉਮੀਦਵਾਰਾਂ ਦੇ ਪੂਲ ਨੂੰ ਭਾਰੀ ਰੂਪ ਵਿੱਚ ਹਿਸਾ ਬਣਾਏਗਾ।

ਸਥਾਈ ਨਿਵਾਸੀ ਪਹਿਲਾਂ ਸਿਰਫ ਹੁਨ-ਰਮੰਦ ਫੌਜੀ ਵਿਦੇਸ਼ੀ ਬਿਨੈਕਾਰ ਐਂਟਰੀ ਪ੍ਰੋਗਰਾਮ ਦੇ ਤਹਿਤ ਯੋਗ ਸਨ, ਜੋ ਕਿ "ਵਿਅਕਤੀਆਂ ਲਈ ਖੁੱਲ੍ਹਾ ਸੀ... ਜੋ ਸਿਖਲਾਈ ਦੇ ਖਰਚਿਆਂ ਨੂੰ ਘਟਾਉਂਦਾ ਸੀ ਜਾਂ ਇੱਕ ਵਿਸ਼ੇਸ਼ ਲੋੜ ਨੂੰ ਪੂਰਾ ਕਰਦਾ ਸੀ... ਜਿਵੇਂ ਕਿ ਇੱਕ ਸਿਖਲਾਈ ਪ੍ਰਾਪਤ ਪਾਇਲਟ ਜਾਂ ਡਾਕਟਰ," ਰਾਇਲ ਦੇ ਅਨੁਸਾਰ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ ਆਫ਼ ਨੋਵਾ ਸਕੋਸ਼ੀਆ।

ਮਾਰਚ ਵਿੱਚ, ਕੈਨੇਡੀਅਨ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਕਿਹਾ ਸੀ ਕਿ ਰੂਸ ਦੇ ਯੂਕਰੇਨ ਉੱਤੇ ਹਮਲੇ ਕਾਰਨ ਪੈਦਾ ਹੋਏ ਬਦਲਦੇ ਗਲੋਬਲ ਭੂ-ਰਾਜਨੀਤਿਕ ਲੈਂਡਸਕੇਪ ਵਿੱਚ ਵਧਣ ਦੀ ਲੋੜ ਹੈ। ਸਤੰਬਰ ਵਿੱਚ, ਸੀਏਐਫ ਨੇ ਹਜ਼ਾਰਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਭਰਤੀਆਂ ਦੀ ਭਾਰੀ ਘਾਟ ਨੂੰ ਲੈ ਕੇ ਅਲਾਰਮ ਵਜਾਇਆ ਸੀ।

ਔਰਤਾਂ ਕੈਨੇਡੀਅਨ ਫੌਜੀ ਜਨਸੰਖਿਆ ਦਾ 16.3 ਪ੍ਰਤੀਸ਼ਤ ਬਣਾਉਂਦੀਆਂ ਹਨ; 2.7 ਫੀਸਦੀ 'ਤੇ ਆਦਿਵਾਸੀ ਲੋਕ ਆਉਂਦੇ ਹਨ; ਅਤੇ ਦਿਖਾਈ ਦੇਣ ਵਾਲੀਆਂ ਘੱਟ ਗਿਣਤੀਆਂ ਕੈਨੇਡੀਅਨ ਫੌਜ ਦੇ 12 ਪ੍ਰਤੀਸ਼ਤ ਤੋਂ ਵੀ ਘੱਟ ਹਨ। ਇਸ ਦੇ ਤਿੰਨ ਚੌਥਾਈ ਰੈਂਕ ਗੋਰੇ ਹਨ।

ਹਾਲ ਹੀ ਵਿੱਚ, ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਘੋਸ਼ਣਾ ਕੀਤੀ ਕਿ ਉਹ ਆਪਣੀ "ਪੁਰਾਣੀ ਭਰਤੀ ਪ੍ਰਕਿਰਿਆ" ਨੂੰ ਬਦਲ ਰਹੇ ਹਨ ਤਾਂ ਜੋ ਸਥਾਈ ਨਿਵਾਸੀਆਂ, ਜੋ 10 ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਹਨ, ਨੂੰ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਜਾ ਸਕੇ।

ਕੈਨੇਡਾ ਵਿੱਚ ਇਮੀਗ੍ਰੇਸ਼ਨ ਦੇ ਟੀਚਿਆਂ ਵਿੱਚ ਵਾਧਾ ਹੋਇਆ ਹੈ ਕਿਉਂਕਿ 2030 ਤੱਕ ਆਬਾਦੀ ਦਾ ਇੱਕ ਚੌਥਾਈ ਹਿੱਸਾ ਕਰਮਚਾਰੀਆਂ ਤੋਂ ਬਾਹਰ ਹੋ ਜਾਵੇਗਾ। ਕੈਨੇਡਾ ਵਿੱਚ ਮੌਤਾਂ ਦੀ ਸੰਖਿਆ ਵਿੱਚ ਹੌਲੀ-ਹੌਲੀ ਵਾਧੇ ਅਤੇ ਮੁਕਾਬਲਤਨ ਘੱਟ ਜਣਨ ਪੱਧਰ ਦੇ ਕਾਰਨ ਇਹ ਘਾਟ ਹੋਰ ਗੰਭੀਰ ਹੋ ਗਈ ਹੈ।

ਅਜਿਹੀ ਸਥਿਤੀ ਵਿੱਚ, ਪ੍ਰਵਾਸੀ ਫੌਜ ਲਈ ਪ੍ਰਮੁੱਖ ਉਮੀਦਵਾਰ ਬਣ ਜਾਂਦੇ ਹਨ ਕਿਉਂਕਿ ਉਹ ਆਮ ਤੌਰ 'ਤੇ ਆਪਣੀ ਛੋਟੀ ਉਮਰ ਦੇ ਸਾਲਾਂ ਦੌਰਾਨ ਕੈਨੇਡਾ ਪਹੁੰਚਦੇ ਹਨ ਜਿੱਥੇ ਉਨ੍ਹਾਂ ਦੇ ਸਰੀਰਕ ਤੌਰ 'ਤੇ ਵਧੇਰੇ ਸਰਗਰਮ ਹੋਣ ਦੀ ਸੰਭਾਵਨਾ ਹੁੰਦੀ ਹੈ, ਇਮੀਗ੍ਰੇਸ਼ਨ ਮਾਹਰਾਂ ਅਨੁਸਾਰ।

## ਵੈਨ ਨੂੰ ਪੇਸ਼ ਆਏ ਹਾਦਸੇ ਵਿੱਚ ਇੱਕ ਗੰਭੀਰ ਜ਼ਖ਼ਮੀ

ਇਟੋਬੀਕੋ, 17 ਨਵੰਬਰ (ਪੋਸਟ ਬਿਊਰੋ) : ਇਟਬੀਕੋ ਵਿੱਚ ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਲਾਜ ਲਈ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਸ਼ਾਮੀਂ 5:00 ਵਜੇ ਤੋਂ ਪਹਿਲਾਂ ਬਲੂਅਰ ਸਟਰੀਟ ਦੇ ਦੱਖਣ ਵੱਲ ਰੌਇਲ ਯੌਰਕ ਰੋਡ ਉੱਤੇ ਇੱਕ ਵੈਨ ਗਾਰਡਰੇਲ ਨਾਲ ਟਕਰਾ ਕੇ ਖੱਡ ਵਿੱਚ ਜਾ ਡਿੱਗੀ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਜਿੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।




ਪੀਲ ਸਕੂਲ ਬੋਰਡ ਵਿਚ ਬਰੈਂਪਟਨ ਦੇ ਵਾਰਡ 9-10 ਤੋਂ ਸਕੂਲ ਟੱਰਸਟੀ ਵਜੋਂ ਸਤਪਾਲ ਸਿੰਘ ਜੌਹਲ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 107ਵਾਂ ਬਰਸੀ ਸਮਾਗ਼ਮ ਡਿਕਸੀ ਗੁਰੂਘਰ ਵਿਖੇ 26 ਨਵੰਬਰ ਨੂੰ ਮਨਾਇਆ ਜਾਏਗਾ

ਬਰੈਂਪਟਨ, (ਡਾ. ਝੰਡ) - ਜਸਵੀਰ ਸਿੰਘ ਪਾਸੀ ਤੋਂ ਪ੍ਰਾਪਤ ਸੂਚਨਾ ਅਨੁਸਾਰ ਪਿੰਡ ਸਰਾਭਾ (ਜ਼ਿਲਾ ਲੁਧਿਆਣਾ) ਦੇ ਵਾਸੀਆਂ ਅਤੇ ਇਲਾਕੇ ਦੀ ਸੰਗਤ ਵੱਲੋਂ ਮਿਲ਼ ਕੇ ਨੌਜੁਆਨ ਸ਼ਹੀਦ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਖ਼ਾਤਰ ਮਹਿਜ਼ ਪੌਣੇ ਉੱਨੀਂ ਸਾਲ ਦੀ ਉਮਰ ਵਿਚ ਫ਼ਾਸੀ ਦਾ ਰੱਸਾ ਚੁੰਮਿਆਂ, ਦਾ 107'ਵਾਂ ਬਰਸੀ ਸਮਾਗ਼ਮ ਗੁਰਦੁਆਰਾ ਸਾਹਿਬ ਡਿਕਸੀ ਵਿਖੇ 26 ਨਵੰਬਰ ਦਿਨ ਸਨਿਚਰਵਾਰ ਨੂੰ ਮਨਾਇਆ ਜਾ ਰਿਹਾ ਹੈ।

ਉਸ ਦਿਨ ਗੁਰਦੁਆਰਾ ਸਾਹਿਬ ਦੇ ਮੇਨ-ਹਾਲ ਵਿਚ ਸਵੇਰੇ 10.00 ਵਜੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਆਰੰਭ ਹੋਵੇਗਾ। ਉਪਰੰਤ, 12.00 ਵਜੇ ਰਾਗੀ ਸਿੰਘਾਂ



ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਹੋਵੇਗਾ ਅਤੇ ਢਾਡੀ ਸਿੰਘਾਂ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਗ਼ਦਰੀ ਬਾਬਿਆਂ ਦੇ ਗੌਰਵਮਈ ਇਤਿਹਾਸ ਨਾਲ ਜੁੜੀਆਂ ਕੁਰਬਾਨੀਆਂ ਦੀਆਂ ਵਾਰਾਂ ਸੁਣਾਈਆਂ ਜਾਣਗੀਆਂ।

ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਇਸ ਸ਼ਹੀਦੀ ਸਮਾਗ਼ਮ ਵਿਚ ਹਾਜ਼ਰੀ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਜਸਵੀਰ ਸਿੰਘ ਪਾਸੀ (416—843-5330), ਕਰਮਜੀਤ ਸਿੰਘ (647-300-3001) ਜਾਂ ਮਨਦੀਪ ਸਿੰਘ (647-504-4949) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਟੋਰਾਂਟੋ ਵਿੱਚ ਚੱਲੀ ਗੋਲੀ, 1 ਹਲਾਕ, 3 ਜ਼ਖ਼ਮੀ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਪਾਰਕਡੇਲ ਇਲਾਕੇ ਵਿੱਚ ਗੋਲੀ ਚੱਲਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਮੰਗਲਵਾਰ ਸ਼ਾਮੀਂ 5:30 ਵਜੇ ਦੇ ਨੇੜੇ ਤੇੜੇ ਡੰਨ ਐਵਨਿਊ ਤੇ ਕੁਈਨ ਸਟਰੀਟ ਵੈਸਟ ਏਰੀਆ ਵਿੱਚ ਵਾਪਰੀ ਇਸ ਘਟਨਾ ਦਾ ਪਤਾ ਲੱਗਣ ਉੱਤੇ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਮੁੱਢਲੀਆਂ ਰਿਪੋਰਟਾਂ ਅਨੁਸ-ਾਰ ਇਸ ਘਟਨਾ ਵਿੱਚ ਇੱਕ ਵਿਅਕਤੀ ਨੂੰ ਗੋਲੀ ਲੱਗਣ ਬਾਰੇ ਪਤਾ ਲੱਗਿਆ ਪਰ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਮੌਕੇ ਉੱਤੇ ਪਹੁੰਚਣ ਉਪਰੰਤ ਇੱਕ ਰਿਹਾਇਸ਼ੀ ਬਿਲਡਿੰਗ ਵਿੱਚੋਂ ਇੱਕ ਹੋਰ ਜ਼ਖ਼ਮੀ ਵਿਅਕਤੀ ਮਿਲਿਆ ਜਿਸ




ਨੂੰ ਗੋਲੀਆਂ ਲੱਗੀਆਂ ਸੀ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਦੂਜੇ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਅਧਿਕਾਰੀਆਂ ਨੂੰ ਤੀਜਾ ਜ਼ਖ਼ਮੀ ਵਿਅਕਤੀ ਟੀਟੀਸੀ ਬੱਸ ਦੇ ਨੇੜੇ ਮਿ-ਲਿਆ। ਉਹ ਵੀ ਗੋਲੀਆਂ ਲੱਗਣ ਕਾਰਨ ਹੀ ਜ਼ਖ਼ਮੀ ਸੀ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਚੌਥਾ ਜ਼ਖ਼ਮੀ ਵਿਅਕਤੀ ਆਪਣੇ ਆਪ ਹੀ ਹਸਪਤਾਲ ਪਹੁੰਚ ਗਿਆ। ਦੋਵਾਂ ਦੀ ਹਾਲਤ ਸਪਸ਼ਟ ਨਹੀਂ ਹੈ। ਜਾਂਚਕਾਰ ਇੱਕ ਮਸ਼ਕੂਕ ਦੀ ਭਾਲ ਕਰ ਰਹੇ ਹਨ ਜਿਹੜਾ ਆਪਣੇ 30ਵਿਆਂ ਵਿੱਚ ਹੈ ਤੇ ਜਿਸ ਨੂੰ ਆਖਰੀ ਵਾਰੀ ਕਾਲੇ ਰੰਗ ਦੇ ਕੱਪੜੇ ਪਾਈ ਵੇਖਿਆ ਗਿਆ ਸੀ।

## ਕੇਲਿਆ ਦੇ ਲੋਡ ਵਿਚੋਂ 43 ਕਿਲੋਗ੍ਰਾਮ ਕੋਕੀਨ ਦੀ ਬਰਾਮਦਗੀ, ਪੰਜਾਬੀ ਟਰੱਕ ਡਰਾਈਵਰ ਗ੍ਰਿਫਤਾਰ

...ਪੰਨਾ 1 ਦਾ ਬਾਕੀ

ਟਰਾਂਟੋ ਪੁਲਿਸ ਵੱਲੋ ਪ੍ਰੋਜੈਕਟ ਜ਼ਫੀਰੋ ਤਹਿਤ 58 ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ ਹਨ, ਇਸ ਬਰਾਮਦਗੀ ਚ 520 ਕਿਲੋ ਮੈਥਾਮਫੇਟਾਮਾਈਨ ਅਤੇ 151 ਕਿਲੋ ਕੋਕੀਨ ਦੱਸੀ ਜਾ ਰਹੀ ਹੈ। ਟਰਾਂਟੋ ਪੁਲਿਸ ਦੀ ਇਹ ਡਰੱਗ ਬਾਬਤ ਸਭ ਤੋਂ ਵੱਡੀ ਬਰਾਮਦਗੀ ਦੱਸੀ ਜਾ ਰਹੀ ਹੈ। ਟਰਾਂਟੋ ਪੁਲਿਸ ਇੰਸਪੈਕਟਰ ਮਨਦੀਪ ਮਾਨ ਮੁਤਾਬਕ ਇਸ ਮਾਮਲੇ ਚ ਤਿੰਨ ਸ਼ਕੀ ਵਿਅਕਤੀਆ ਦੇ ਨਾਵਾਂ ਬਾਰੇ ਕਾਨੂੰਨੀ ਕਾਰਵਾਈ ਤੋਂ ਬਾਅਦ ਐਲਾਨ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਗ੍ਰੇਟਰ ਟਰਾਂਟੋ ਖੇਤਰ ਚ ਜਿੱਥੇ ਕ੍ਰਾਇਮ ਚ ਵਾਧਾ ਹੋਇਆ ਹੈ ਉਥੇ ਬੀਤੇ ਸਮੇਂ ਚ ਵੱਡੀ ਪੱਧਰ ਤੇ ਡਰੱਗਜ਼ ਦੀਆਂ ਬਰਾਮਦਗੀਆਂ ਵੀ ਹੋਈਆਂ ਹਨ।

# ਐਲਨ ਮਸਕ ਦੇ ਅਲਟੀਮੇਟਮ ਤੋਂ ਬਾਅਦ ਸੈਂਕੜੇ ਟਵਿੱਟਰ ਕਰਮਚਾਰੀਆਂ ਨੇ ਅਸਤੀਫਾ ਦਿੱਤਾ, ਕਈ ਦਫਤਰ ਬੰਦ

ਸੈਂਨ ਫਰਾਂਸਿਸਕੋ, 17 ਨਵੰਬਰ (ਪੋਸਟ ਬਿਊਰੋ)- ਨਵੇਂ ਬੌਸ ਐਲਨ ਮਸਕ ਦੇ ਅਲਟੀਮੇਟਮ ਤੋਂ ਬਾਅਦ ਸੈਂਕੜੇ ਟਵਿੱਟਰ ਕਰਮਚਾਰੀਆਂ ਨੇ ਪਰੇਸ਼ਾਨ ਸੋਸ਼ਲ ਮੀਡੀਆ ਕੰਪਨੀ ਨੂੰ ਛੱਡ ਦਿੱਤਾ ਹੈ। ਰਿਪੋਰਟ ਮੁਤਾਬਕ ਅਸਤੀਫ਼ਿਆਂ ਤੋਂ ਬਾਅਦ ਸੋਮਵਾਰ ਤੱਕ ਕਈ ਟਵਿਟਰ ਦਫ਼ਤਰ ਬੰਦ ਕਰ ਦਿੱਤੇ ਗਏ ਹਨ ਅਤੇ ਲੇਖਕਾਂ ਦੇ ਅਨੁਸਾਰ, ਵਰਕਪਲੇਸ ਐਪ ਬਲਾਇੰਡ 'ਤੇ ਇੱਕ ਸਰਵੇਖਣ ਵਿੱਚ, 180 ਵਿੱਚੋਂ 42% ਲੋਕਾਂ ਨੇ "ਛੱਡਣ ਲਈ ਚੁਣਿਆ"। 25% ਪੋਲ ਭਾਗੀਦਾਰਾਂ ਨੇ "ਝਿਜਕਦੇ ਹੋਏ ਹਾਂ 'ਤੇ ਕਲਿੱਕ ਕੀਤਾ।" ਸਿਰਫ਼ 7% ਨੇ "ਰਹਿਣ ਲਈ ਹਾਂ 'ਤੇ ਕਲਿੱਕ ਕੀਤਾ ਅਤੇ ਕਿਹਾ - ਮੈਂ ਹਾਰਡਕੋਰ ਹਾਂ।" ਤੁਹਾਨੂੰ ਦੱਸ ਦੇਈਏ ਕਿ ਵਰਕਪਲੇਸ ਐਪ ਬਲਾਇੰਡ ਦੁਨੀਆ ਭਰ ਦੇ ਕਰਮਚਾਰੀਆਂ ਦੀ ਪੁਸ਼ਟੀ ਕਰਦੀ ਹੈ। ਉਹ ਉਹਨਾਂ ਦੇ ਕੰਮ ਦੇ ਈਮੇਲ ਪਤਿਆਂ ਦੁਆਰਾ ਪੁਸ਼ਟੀ ਕਰਦਾ ਹੈ ਅਤੇ ਉਹਨਾਂ ਨੂੰ ਗੁਮਨਾਮ ਰੂਪ ਵਿੱਚ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਦਿੰਦਾ ਹੈ।

ਇੱਕ ਮੌਜੂਦਾ ਕਰਮਚਾਰੀ ਅਤੇ ਇੱਕ ਜਿਸ ਨੇ ਹਾਲ ਹੀ ਵਿੱਚ ਕੰਪਨੀ ਛੱਡੀ ਹੈ, ਨੇ ਕਿਹਾ, "ਮਸਕ ਕੁਝ ਚੋਟੀ ਦੇ ਕਰਮਚਾਰੀਆਂ ਨੂੰ ਮਿਲ ਰਿਹਾ ਸੀ ਅਤੇ ਉਨ੍ਹਾਂ ਨੂੰ ਰਹਿਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।" ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਕਿੰਨੇ ਕਰਮਚਾਰੀਆਂ ਨੇ ਰਹਿਣ ਦਾ ਫੈਸਲਾ ਕੀਤਾ ਹੈ। ਪਰ ਗਿਣਤੀ ਕੰਪਨੀ ਛੱਡਣ ਵਾਲੇ ਲੋਕਾਂ ਦੀ ਸਿਰਫ ਝਿਜਕ ਨੂੰ ਉਜਾਗਰ ਕਰਦਾ ਹੈ।" ਮਸਕ ਨੇ ਟਵਿਟਰ ਦੇ ਟਾਪ ਮੈਨੇਜਮੈਂਟ ਸਮੇਤ ਆਪਣੇ ਅੱਧੇ ਕਰਮਚਾਰੀਆਂ ਨੂੰ ਬਰਖਾਸਤ ਕਰਨ ਦੀ ਜਲਦਬਾਜ਼ੀ ਦੇ ਨਾਲ-ਨਾਲ ਕੰਪਨੀ ਦੀ ਕਾਰਜਸ਼ੈਲੀ ਵੀ ਬਦਲ ਦਿੱਤੀ ਹੈ। ਦੋ ਸੂਤਰਾਂ ਦੇ ਅਨੁਸਾਰ, ਕੰਪਨੀ ਨੇ ਕਰਮਚਾਰੀਆਂ ਨੂੰ ਸੂਚਿਤ ਕੀਤਾ ਕਿ ਉਹ ਸੋਮਵਾਰ ਤੱਕ ਆਪਣੇ ਦਫਤਰ ਬੰਦ ਕਰ ਦੇਵੇਗੀ ਅਤੇ ਬੈਜ ਤੱਕ ਪਹੁੰਚ ਨੂੰ ਕੱਟ ਦੇਵੇਗੀ। ਇਕ ਸੂਤਰ ਨੇ ਦੱਸਿਆ ਕਿ ਸੁਰੱਖਿਆ ਅਧਿਕਾਰੀਆਂ ਨੇ ਵੀਰਵਾਰ ਸ਼ਾਮ ਨੂੰ ਕਰਮਚਾਰੀਆਂ ਨੂੰ ਦਫਤਰ ਤੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਹੈ।

ਟਵਿੱਟਰ ਨੇ ਆਪਣੀ ਸੰਚਾਰ ਟੀਮ ਦੇ ਕਈ ਮੈਂਬਰਾਂ ਨੂੰ ਗੁਆ ਦਿੱਤਾ ਹੈ। ਇਨ੍ਹਾਂ ਲੋਕਾਂ ਨੇ ਇਸ ਮਾਮਲੇ 'ਤੇ ਟਿੱਪਣੀ ਲਈ ਬੇਨਤੀਆਂ ਦਾ ਜਵਾਬ ਨਹੀਂ ਦਿੱਤਾ। ਸਾਬਕਾ ਕਰਮਚਾਰੀ ਦੇ ਅਨੁਸਾਰ, ਸਿਗਨਲ 'ਤੇ ਲਗਭਗ 50 ਟਵਿੱਟਰ ਕਰਮਚਾਰੀਆਂ ਨਾਲ ਇੱਕ ਨਿੱਜੀ ਗੱਲਬਾਤ ਵਿੱਚ, ਲਗਭਗ 40 ਨੇ ਕਿਹਾ ਕਿ ਉਨ੍ਹਾਂ ਨੇ ਨੌਕਰੀ ਛੱਡਣ ਦਾ ਫੈਸਲਾ ਕੀਤਾ ਹੈ। ਲਗਭਗ 360 ਲੋਕ "ਸਵੈ-ਇੱਛਤ-ਛੇਤੀ" ਨਾਮਕ ਇੱਕ ਨਵੇਂ ਚੈਨਲ ਵਿੱਚ ਸ਼ਾਮਲ ਹੋਏ ਹਨ, ਮੌਜੂਦਾ ਅਤੇ ਸਾਬਕਾ ਟਵਿੱਟਰ ਕਰਮਚਾਰੀਆਂ ਦੇ ਇੱਕ ਨਿੱਜੀ ਸਲੈਕ ਸਮੂਹ, ਸਲੈਕ ਸਮੂਹ ਦੇ ਗਿਆਨ ਵਾਲੇ ਇੱਕ ਵਿਅਕਤੀ ਨੇ ਕਿਹਾ। ਬਲਾਇੰਡ 'ਤੇ ਇੱਕ ਵੱਖਰੇ ਸਰਵੇਖਣ ਨੇ ਕਰਮਚਾਰੀਆਂ ਨੂੰ ਅੰਦਾਜ਼ਾ ਲਗਾਉਣ ਲਈ ਕਿਹਾ ਕਿ ਕਿੰਨੇ ਪ੍ਰਤੀਸ਼ਤ ਕਰਮਚਾਰੀ ਟਵਿੱਟਰ ਛੱਡਣਗੇ। ਅੱਧੇ ਤੋਂ ਵੱਧ ਉੱਤਰਦਾਤਾਵਾਂ ਦਾ ਅੰਦਾਜ਼ਾ ਹੈ ਕਿ ਘੱਟੋ-ਘੱਟ 50% ਕਰਮਚਾਰੀ ਛੱਡ ਜਾਣਗੇ।

ਵੀਰਵਾਰ ਨੂੰ ਟਵਿੱਟਰ ਅਤੇ ਇਸਦੇ ਅੰਦਰੂਨੀ ਚੈਟਰੂਮਾਂ ਵਿੱਚ ਨੀਲੇ ਦਿਲਾਂ ਅਤੇ ਸਲਾਮ ਇਮੋਜੀਆਂ ਦਾ ਹੜ੍ਹ ਆ ਗਿਆ।

# ਗੈਸ ਟੈਕਸ ਕੱਟ ਵਿੱਚ ਇੱਕ ਸਾਲ ਲਈ ਹੋਰ ਵਾਧੇ ਦਾ ਫੋਰਡ ਨੇ ਕੀਤਾ ਐਲਾਨ

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਪੰਪ ਉੱਤੇ ਪੈਸੇ ਬਚਾਉਣ ਲਈ ਓਨਟਾਰੀਓ ਵਾਸੀਆਂ ਨੂੰ ਜਿਸ ਟੈਕਸ ਕੱਟ ਦੀ ਲੋੜ ਸੀ ਉਸ ਆਰਜ਼ੀ ਟੈਕਸ ਕੱਟ ਨੂੰ ਇੱਕ ਸਾਲ ਲਈ ਹੋਰ ਵਧਾ ਦਿੱਤਾ ਗਿਆ ਹੈ। ਇਸ ਸਬੰਧੀ ਐਲਾਨ ਐਤਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੀਤਾ ਗਿਆ।

ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਅਜਿਹਾ ਬਿੱਲ ਲਿਆਉਣਾ ਚਾਹੁੰਦੀ ਹੈ ਜਿਸ ਰਾਹੀਂ ਗੈਸ ਦੀਆਂ ਕੀਮਤਾਂ ਨੂੰ 5.7 ਸੈਂਟ ਪ੍ਰਤੀ ਲੀਟਰ ਤੱਕ ਘਟਾਉਣ ਵਾਲੀ ਟੈਕਸ ਬ੍ਰੇਕ ਨੂੰ 2023 ਦੇ ਅੰਤ ਤੱਕ ਜਾਰੀ ਰੱਖਿਆ ਜਾ ਸਕੇ। ਇਹ ਕਟੌਤੀ ਸੱਭ ਤੋਂ ਪਹਿਲਾਂ ਪਹਿਲੀ ਜੁਲਾਈ ਨੂੰ ਪ੍ਰਭਾਵੀ ਹੋਈ ਸੀ ਤੇ ਇਸ ਦੀ ਮਿਆਦ 31 ਦਸੰਬਰ ਨੂੰ ਮੁੱਕਣ ਵਾਲੀ ਸੀ।ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਇੱਕ ਗੈਸ ਸਟੇਸ਼ਨ ਉੱਤੇ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਸਾਨੂੰ ਪਤਾ ਹੈ ਕਿ ਹਰ ਡਾਲਰ ਮਦਦ ਕਰਦਾ ਹੈ। ਇਹ ਗੈਸ ਟੈਕਸ ਕਟੌਤੀ ਓਨਟਾਰੀਓ ਵਾਸੀਆਂ ਦੇ



ਪੈਸੇ ਬਚਾਉਣ ਲਈ ਕੀਤਾ ਜਾਣ ਵਾਲਾ ਸਾਡੀ ਸਰਕਾਰ ਦਾ ਇੱਕ ਹੋਰ ਉਪਰਾਲਾ ਹੈ।

ਫੋਰਡ ਨੇ ਆਖਿਆ ਕਿ ਇਹ ਫੈਸਲਾ ਲੈਣ ਪਿੱਛੇ ਵੱਡਾ ਕਾਰਨ ਮਹਿੰਗਾਈ ਵਿੱਚ ਹੋਇਆ ਵਾਧਾ ਤੇ ਗਲੋਬਲ ਪੱਧਰ ਉੱਤੇ ਅਰਥਚਾਰੇ ਵਿੱਚ ਚੱਲ ਰਹੀ ਅਸਥਿਰਤਾ ਹੈ। ਇਸ ਨਾਲ ਡੀਜ਼ਲ ਦੀਆਂ ਕੀਮਤਾਂ ਵਿੱਚ 5.3 ਸੈਂਟ ਪ੍ਰਤੀ ਲੀਟਰ ਦੇ ਘਾਟੇ ਨੂੰ ਵੀ ਬਰਕਰਾਰ ਰੱਖਿਆ ਜਾਵੇਗਾ।ਫੋਰਡ ਦੇ ਅੰਦਾਜ਼ੇ ਮੁਤਾਬਕ ਇਸ ਟੈਕਸ ਕਟੌਤੀ ਨਾਲ ਔਸਤ ਘਰਾਂ ਨੂੰ 18 ਮਹੀਨਿਆਂ ਦੇ ਅਰਸੇ ਦੌਰਾਨ 195 ਡਾਲਰ ਦੀ ਬਚਤ ਹੋਵੇਗੀ। 2023 ਦੇ ਅੰਤ ਤੱਕ ਪ੍ਰੋਵਿਸ ਵਿੱਚ ਗੈਸ ਤੇ ਡੀਜ਼ਲ ਉੱਤੇ ਟੈਕਸ ਦੀ ਦਰ 9 ਸੈਂਟ ਪ੍ਰਤੀ ਲੀਟਰ ਰਹੇਗੀ।

ਇਸ ਫੈਸਲੇ ਉੱਤੇ ਵਿਰੋਧੀ ਧਿਰ ਐਨਡੀਪੀ ਨੇ ਆਖਿਆ ਕਿ ਪ੍ਰੀਮੀਅਰ ਨੂੰ ਗੈਸ ਟੈਕਸ ਸਕੀਮ ਵਿੱਚ ਕਟੌਤੀ ਦੀ ਥਾਂ ਗਰੌਸਰੀ, ਹਾਊਸਿੰਗ ਤੇ ਰਹਿਣ ਸਹਿਣ ਦੀਆਂ ਕੀਮਤਾਂ ਨੂੰ ਠੱਲ੍ਹ ਪਾਉਣ ਵੱਲ ਧਿਆਨ ਦੇਣਾ ਚਾਹੀਦਾ ਸੀ।ਪ੍ਰੋਵਿੰਸ ਦੀ ਇਕਨੌਮਿਕ ਸਟੇਟਮੈਂਟ ਦੇ ਨਾਲ ਹੀ ਸੋਮਵਾਰ ਨੂੰ ਟੈਕਸ ਕਟੌਤੀ ਸਬੰਧੀ ਇਹ ਬਿੱਲ ਪੇਸ਼ ਕੀਤਾ ਜਾਵੇਗਾ।

ਇਸ ਦੌਰਾਨ ਫੋਰਡ ਨੂੰ ਐਤਵਾਰ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਕੀ ਮਾਸਕ ਸਬੰਧੀ ਨਿਯਮਾਂ ਨੂੰ ਸਰਕਾਰ ਮੁੜ ਲਾਗੂ ਕਰਨ ਜਾ ਰਹੀ ਹੈ ਤਾਂ ਪ੍ਰੀਮੀਅਰ ਵੱਲੋਂ ਇਸ ਦਾ ਗੋਲ ਜਿਹਾ ਜਵਾਬ ਦਿੱਤਾ ਗਿਆ। ਇਹ ਕਨਸੋਆਂ ਵੀ ਹਨ ਕਿ ਓਨਟਾਰੀਓ ਦੇ ਉੱਘੇ ਡਾਕਟਰ ਕੀਰਨ ਮੂਰ ਵੱਲੋਂ ਸੋਮਵਾਰ ਨੂੰ ਜਨਤਾ ਨੂੰ ਮੁੜ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਜਾਵੇਗੀ। ਫੋਰਡ ਨੇ ਆਖਿਆ ਕਿ ਉਹ ਹਰ ਵਿਅਕਤੀ ਨੂੰ ਅਪੀਲ ਕਰਦੇ ਹਨ ਕਿ ਲੋੜ ਪੈਣ ਉੱਤੇ ਮਾਸਕ ਲਾ ਕੇ ਰੱਖੇ ਤੇ ਖਾਸਤੌਰ ਉੱਤੇ ਜਿਨ੍ਹਾਂ ਨੂੰ ਸਾਹ ਸਬੰਧੀ ਪਰੇਸ਼ਾਨੀਆਂ ਹਨ ਉਹ ਤਾਂ ਅਜਿਹਾ ਜ਼ਰੂਰ ਕਰਨ।ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਮਾਸਕ ਸਬੰਧੀ ਨਿਯਮਾਂ ਦੀ ਗੱਲ ਆਵੇਗੀ ਤਾਂ ਉਹ ਡਾ. ਮੂਰ ਦੇ ਹੁਕਮਾਂ ਦੀ ਪਾਲਣਾ ਕਰਨਗੇ।






# ਸਾਊਥਲੇਕ ਸੀਨੀਅਰਜ਼ ਕਲੱਬ ਨੇ ਦੀਵਾਲੀ ਤੇ ਬੰਦੀ-ਛੋੜ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ



## ਮੇਅਰ ਪ੍ਰੈਟਰਿਕ ਬਰਾਊਨ, ਹਾਊਸਿੰਗ ਤੇ ਡਾਇਵਰਸਿਟੀ ਮੰਤਰੀ ਅਹਿਮਦ ਹਸਨ ਤੇ ਹੋਰ ਕਈਆਂ ਨੇ ਕੀਤੀ ਸ਼ਿਰਕਤ

























ਬਰੈਂਪਟਨ, (ਡਾ. ਝੰਡ) -ਸਾਊਥਲੇਕ ਸੀਨੀਅਰਜ਼ ਕਲੱਬ ਵੱਲੋਂ ਲੰਘੇ ਸ਼ਨੀਵਾਰ 5 ਨਵੰਬਰ ਨੂੰ ਸੈਂਚਰੀ ਗਾਰਡਨ ਰੀਕਰੀਏਸ਼ਨ ਸੈਂਟਰ ਵਿਚ ਦੀਵਾਲੀ ਦਾ ਤਿਓਹਾਰ ਅਤੇ ਬੰਦੀ-ਛੋੜ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਕਲੱਬ ਦੇ ਪੰਜਾਬੀ, ਗੁਜਰਾਤੀ, ਮੁਸਲਿਮ ਅਤੇ ਵੈੱਸਟ ਇੰਡੀਅਨ ਅਤੇ ਕੈਨੇਡਾ ਦੀਆਂ ਹੋਰ ਕਈ ਕਮਿਊਨਿਟੀਆਂ ਦੇ 350 ਮੈਂਬਰ ਪਰਿਵਾਰਾਂ ਸਮੇਤ ਹਾਜ਼ਰ ਸਨ। ਸਮਾਗ਼ਮ ਦੀ ਸ਼ੁਰੂਆਤ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਅਤੇ ਕਲੱਬ ਦੇ ਪ੍ਰਧਾਨ ਗਿਆਨ ਪਾਲ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਮੌਕੇ ਇਕੱਤਰ ਭਾਰੀ ਇਕੱਠ ਨੂੰ ਵੇਖ ਕੇ ਪੈਟਰਿਕ ਬਰਾਊਨ ਬਹੁਤ ਪ੍ਰਭਾਵਿਤ ਹੋਏ ਅਤੇ ਦੀਵਾਲੀ ਤੇ ਬੰਦੀਛੋੜ-ਦਿਵਸ ਦੀਆਂ ਮੁਬਾਰਕਾਂ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਤਿਓਹਾਰਾਂ ਮੌਕੇ ਲੋਕਾਂ ਦਾ ਅਜਿਹਾ ਵਿਸ਼ਾਲ ਇਕੱਠ ਉਨ੍ਹਾਂ ਨੇ ਪਹਿਲੀ ਵਾਰ ਵੇਖਿਆ ਹੈ। ਉਨ੍ਹਾਂ ਨੇ ਕਲੱਬ ਦੇ ਅੱਗੋਂ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਲਈ ਹਰ ਪ੍ਰਕਾਰ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਬਰੈਂਪਟਨ ਵਿਚ ਇਕ ਹੋਰ ਨਵੀਂ ਸੀਨੀਅਰਜ਼ ਕਲੱਬ ਦੀ ਲੋੜ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਕਲੱਬ ਸੀਨੀਅਰਾਂ ਦੇ ਇਕੱਲੇਪਪਨ ਨੂੰ ਦੂਰ ਕਰਨ, ਉਨ੍ਹਾਂ ਨੂੰ ਸਿਹਤ ਬਾਰੇ ਜਾਗਰੂਕ ਕਰਨ ਅਤੇ ਆਪਸੀ ਸੋਚ-ਵਿਚਾਰ ਨਾਲ ਪਰਿਵਾਰਿਕ ਮਸਲਿਆਂ ਦੇ ਹੱਲ ਲਈ ਬਹੁਤ ਵਧੀਆ ਪਲੇਟਫ਼ਾਰਮ ਹੈ। ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਆਉਂਦੇ ਮਹੀਨਿਆਂ ਵਿਚ ਇਨ੍ਹਾ ਮਸਲਿਆਂ ਨਾਲ ਸਬੰਧਿਤ ਸੈਮੀਨਾਰ ਕਰਵਾਏ ਜਣਗੇ ਜਿਨ੍ਹਾਂ ਵਿਚ ਪ੍ਰੋਫ਼ੈਸ਼ਨਲ ਵਿਅੱਕਤੀਆਂ ਨੂੰ ਸੰਬੋਧਨ ਕਰਨ ਲਈ ਬੇਨਤੀ ਕੀਤੀ ਜਾਏਗੀ। ਉਨ੍ਹਾਂ ਦੱਸਿਆ ਕਿ ਕਲੱਬ ਦੇ ਬੋਰਡ ਦੇ ਮੈਂਬਰਾਂ ਤੇ ਸਲਾਹਕਾਰਾਂ ਵਿਚ ਡਾ. ਸੁਖਦੇਵ ਸਿੰਘ ਝੰਡ, ਸੁਖਦੇਵ ਸਿੰਘ ਬੇਦੀ, ਰਾਮ ਸਿੰਘ ਦੈਂਦ, ਰਣਜੀਤਭਾਈ ਪਟੇਲ, ਅਮੀਰਭਾਈ ਭੱਟ, ਮਿਸਿਜ਼ ਰੇਹਾਨਾ ਹਾਫ਼ਿਜ਼, ਮਹੇਸ਼ ਜੈਸਵਾਲ ਅਤੇ ਵਾਤਸਾਲ ਵਰਗੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਸ਼ਾਮਲ ਹਨ। ਇਨ੍ਹਾਂ ਦੇ ਨਾਲ ਵਿਚਾਰ-ਵਟਾਂਦਰਾ ਕਰਕੇ ਕਲੱਬ ਦੇ ਅਗਲੇ ਪ੍ਰੋਗਰਾਮਾਂ ਦੀ ਰੂਪ-ਰੇਖਾ ਤਿਆਰ ਕੀਤੀ ਜਾਏਗੀ। ਸਮਾਗਮ ਵਿਚ ਸ਼ਾਮਲ ਹੋਏ ਲੋਕਾਂ ਦੇ ਮਨੋਰੰਜਨ ਦੇ ਨਾਲ ਨਾਲ ਸੀਨੀਅਰਾਂ ਦੀ ਸਿਹਤ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਇਸ ਦੌਰਾਨ ਕਲੱਬ ਦੇ ਮੈਂਬਰਾਂ ਵੱਲੋਂ ਮਨੋਰੰਜਨ ਦੀਆਂ ਕਈ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਡਾਂਸ, ਗਿੱਧਾ ਤੇ ਗਰਬਾ, ਆਦਿ ਸ਼ਾਮਲ ਸਨ। ਬਾਲੀਵੁੱਡ ਫ਼ਿਲਮਾਂ ਦੇ ਕਈ ਗੀਤਾਂ ਉੱਪਰ ਵੀ ਕਈਆਂ ਵੱਲੋਂ ਡਾਂਸ ਕੀਤਾ ਗਿਆ। ਇਸ ਮੌਕੇ ਹਾਜ਼ਰ ਮਹੱਤਵਪੂਰਨ ਵਿਅੱਕਤੀਆਂ ਵਿਚ ਹਾਊਸਿੰਗ, ਡਾਇਵਰਸਿਟੀ ਤੇ ਇਨਕਲੂਜ਼ਨ ਮੰਤਰੀ ਅਹਿਮਦ ਹਸਨ, ਬਰੈਂਪਟਨ ਸੈਂਟਰ ਦੇ ਮੈਂਬਰ ਪਾਰਲੀਮੈਂਟ ਸ਼ਫ਼ਾਕਤ ਅਲੀ, ਵਾਰਡ ਨੰਬਰ 1 ਤੇ 5 ਦੇ ਰੀਜਨਲ ਅਤੇ ਸਿਟੀ ਕੌਂਸਲਰ ਮਿਸਿਜ਼ ਰੋਵੇਨਾ ਸੈਂਟੋਸ ਤੇ ਪਾਲ ਵੇਸੰਟੇ ਸ਼ਾਮਲ ਸਨ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਬਰੈਂਪਟਨ ਸੈਂਟਰ ਦੇ ਐੱਮ.ਪੀ. ਸ਼ਫ਼ਾਕਤ ਅਲੀ ਨੇ ਸਾਰਿਆਂ ਨਾਲ ਦੀਵਾਲੀ ਅਤੇ ਬੰਦੀ-ਛੋੜ ਦਿਵਸ ਦੀਆਂ ਵਧਾਈਆਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਜਲਦੀ ਹੀ ਸੀਨੀਅਰਜ਼ ਦੇ ਮਾਮਲਿਆਂ ਨਾਲ ਸਬੰਧਿਤ ਮੰਤਰੀ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਸੀਨੀਅਰਜ਼ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਜਣੂੰ ਕਰਵਾਉਣਗੇ ਅਤੇ ਇਨ੍ਹਾਂ ਦੇ ਯੋਗ ਹੱਲ ਲਈ ਉਪਰਾਲੇ ਕਰਨਗੇ।

# ਲਾਈਫ਼ ਸਰਟੀਫ਼ੀਕੇਟ ਬਨਾਉਣ ਵਿਚ ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਨੇ ਪੈਨਸ਼ਨਰਾਂ ਦੀ ਕੀਤੀ ਮੱਦਦ

ਬਰੈਂਪਟਨ, (ਡਾ. ਝੰਡ) - ਪਿਛਲੇ ਕਈ ਸਾਲਾਂ ਵਾਂਗ ਇਸ ਸਾਲ ਵੀ ਭਾਰਤੀ ਪੈੱਨਸ਼ਨਰਾਂ ਲਈ ਲਾਈਫ਼ ਸਰਟੀਫ਼ੀਕੇਟ ਬਨਾਉਣ ਲਈ ਭਾਰਤੀ ਕੌਂਸਲੇਟ ਜਨਰਲ ਆਫ਼ਿਸ ਵੱਲੋਂ ਨਵੰਬਰ ਮਹੀਨੇ ਵਿਚ ਕੈਂਪ ਲਗਾਏ ਜਾ ਰਹੇ ਹਨ। ਅਜਿਹੇ ਦੋ ਕੈਂਪ 5 ਅਤੇ 6 ਨਵੰਬਰ ਨੂੰ ਨਾਨਕਸਰ ਗੁਰੂਘਰ ਅਤੇ ਗੋਰ ਮੰਦਰ ਵਿਚ ਲੱਗ ਜਾ ਚੁੱਕੇ ਹਨ। ਇਨ੍ਹਾਂ ਦੋਹਾਂ ਕੈਂਪਾਂ ਵਿਚ ਲਾਈਫ਼ ਸਰਟੀਫ਼ੀਕੇਟ ਲੈਣ ਵਾਲਿਆਂ ਦੀ ਕਾਫ਼ੀ ਭੀੜ ਰਹੀ ਅਤੇ ਵੱਡੀ ਗਿਣਤੀ ਵਿਚ ਪੈੱਨਸ਼ਨਰਾਂ ਨੇ ਇਹ ਸਰਟੀਫ਼ੀਕੇਟ ਪ੍ਰਾਪਤ ਕੀਤੇ।

ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਵੱਲੋਂ ਇਨ੍ਹਾਂ ਕੈਂਪਾਂ ਵਿਚ ਸਰਟੀਫ਼ੀਕੇਟ ਲੈਣ ਵਾਲਿਆਂ ਦੀ ਮਦਦ ਕਰਨ ਵਿਚ ਬਣਦਾ ਯੋਗਦਾਨ ਪਾਇਆ ਗਿਆ। ਐਸੋਸੀਏਸ਼ਨ ਦੇ ਅਹੁਦੇਦਾਰਾਂ ਇੰਜੀ. ਬਲਦੇਵ ਸਿੰਘ ਬਰਾੜ, ਪ੍ਰੋ. ਜਗੀਰ ਸਿੰਘ ਕਾਹਲੋਂ, ਮੁਹਿੰਦਰ ਸਿੰਘ ਮੋਹੀ, ਇੰਜੀ. ਸੁਖਦੇਵ ਸਿੰਘ, ਪ੍ਰਿਤਪਾਲ ਸਿੰਘ ਸਚਦੇਵਾ ਅਤੇ ਹਰੀ ਸਿੰਘ ਨੇ ਗੁਰਦੁਆਰਾ ਨਾਨਕਸਰ ਵਿਖੇ ਲੱਗੇ ਕੈਂਪ ਵਿਚ ਪਹੁੰਚ ਕੇ ਉੱਥੇ ਮੌਜੂਦ ਪੈੱਨਸ਼ਨਰਾਂ ਨੂੰ 300 ਦੇ ਕਰੀਬ ਫ਼ਾਰਮ ਵੰਡੇ ਅਤੇ ਲੱਗਭੱਗ ਤਿੰਨ ਦਰਜਨ ਪੈੱਨਸ਼ਨਰਾਂ ਦੀ ਇਹ ਫ਼ਾਰਮ ਭਰਨ ਵਿਚ ਮਦਦ ਕੀਤੀ। ਇਸ ਦੌਰਾਨ ਉਨ੍ਹਾਂ ਵੱਲੋਂ ਉੱਥੇ 30 ਪੈੱਨਸ਼ਨਰਾਂ ਦੀ ਸਹਿਮਤੀ ਹਾਸਿਲ ਕਰਕੇ ਉਨ੍ਹਾਂ ਨੂੰ ਐਸੋਸੀਏਸ਼ਨ ਦੇ ਮੈਂਬਰ ਵੀ ਬਣਾਇਆ ਗਿਆ। ਪੈੱਨਸ਼ਨਰਾਂ ਨੂੰ ਮੁਫ਼ਤ ਫ਼ਾਰਮ ਵੰਡਣ ਦਾ ਕਾਰਜ ਲਗਾਤਾਰ ਚੱਲ ਰਿਹਾ ਸੀ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਇਸ 'ਤੇ ਇਤਰਾਜ਼ ਜਤਾਇਆ ਗਿਆ। ਨਤੀਜੇ ਵਜੋਂ, ਐਸੋਸੀਏਸ਼ਨ ਨੂੰ ਫ਼ਾਰਮ ਵੰਡਣ ਦਾ ਇਹ ਸਿਲਸਿਲਾ ਬੰਦ ਕਰਨਾ ਪਿਆ।

ਹੁਣ ਐਸੋਸੀਏਸ਼ਨ ਨੇ ਫ਼ੈਸਲਾ ਕੀਤਾ ਹੈ ਕਿ 12 ਤੇ 13 ਨਵੰਬਰ ਨੂੰ ਜਿਹੜੇ ਕੈਂਪ ਬਰੈਂਪਟਨ ਵਿਚ ਲਗਾਏ ਜਾ ਰਹੇ ਹਨ, ਉਨ੍ਹਾਂ ਵਿਚ ਸ਼ਾਮਲ ਹੋਣ ਵਾਲੇ ਪੈੱਨਸ਼ਨਰਾਂ ਨੂੰ ਤਾਕੀਦ ਕੀਤੀ ਜਾਏ ਕਿ ਲਾਈਫ਼ ਸਰਟੀਫ਼ੀਕੇਟ ਬਨਾਉਣ ਲਈ ਕੋਈ ਵੀ ਜਾਣਕਾਰੀ ਲੈਣ ਲਈ ਅਤੇ ਕੋਈ ਵੀ ਸਮੱਸਿਆ ਪੈਦਾ ਹੋਣ ਦੀ ਹਾਲਤ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ (437-902-5202), ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ (647-533-8297), ਸਕੱਤਰ ਪ੍ਰਿਤਪਾਲ ਸਿੰਘ ਸਚਦੇਵਾ (647-709-6115), ਮੁਹਿੰਦਰ ਸਿੰਘ ਮੋਹੀ (416-659-1232, ਇੰਜੀ. ਸੁਖਦੇਵ ਸਿੰਘ (416-669-7891 ਜਾਂ ਹਰੀ ਸਿੰਘ (647-515-4752) ਨਾਲ ਸੰਪਰਕ ਕਰ ਸਕਦੇ ਹਨ।

ਭਾਰਤੀ ਪੈੱਨਸ਼ਨਰਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਬਰੈਂਪਟਨ ਵਿਚ ਅਜਿਹੇ ਅਗਲੇ ਦੋ ਕੈਂਪ 12 ਨਵੰਬਰ ਸ਼ਨੀਵਾਰ ਨੂੰ ਸੂਜ਼ਨ ਫ਼ੈਨਲ ਸਪੋਰਟਸ ਕੰਪਲੈਕਸ 500 ਰੇਅਲਾਅਸਨ ਬੁਲੇਵਾਰਡ ਅਤੇ ਐਤਵਾਰ 13 ਨਵੰਵਰ ਨੂੰ ਗੁਰਦੁਆਰਾ ਸਾਹਿਬ ਸਿੱਖ ਹੈਰੀਟੇਜ ਸੈਂਟਰ, ਏਅਰਪੋਰਟ ਰੋਡ ਤੇ ਮੇਅਫ਼ੀਲਡ ਵਿਖੇ ਲਗਾਏ ਜਾ ਰਹੇ ਹਨ। ਇਕ ਹੋਰ ਕੈਂਪ 19 ਨਵੰਬਰ ਨੂੰ ਨਾਨਕਸਰ ਗੁਰੂਘਰ ਵਿਚ ਵੀ ਲਗਾਇਆ ਜਾਏਗਾ। ਇਨ੍ਹਾਂ ਕੈਂਪਾਂ ਦੇ ਆਰੰਭ ਹੋਣ ਦਾ ਸਮਾਂ ਬੇਸ਼ਕ ਸਵੇਰੇ 10.00 ਵਜੇ ਜਾਂ 10.30 ਵਜੇ ਦਾ ਹੈ ਪਰ ਪੈੱਨਸ਼ਨਰਾਂ ਨੂੰ ਇਸ ਤੋਂ ਡੇਢ ਕੁ ਘੰਟਾ ਪਹਿਲਾਂ ਪਹੁੰਚਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਵਾਰੀ ਸਮੇਂ ਸਿਰ ਆ ਸਕੇ, ਕਿਉਂਕਿ ਕੈਂਪ ਦੇ ਪ੍ਰਬੰਧਕਾਂ ਵੱਲੋਂ ਟੋਕਨ ਵਗ਼ੈਰਾ ਦੇਣ ਦੀ ਪ੍ਰਕਿਰਿਆ ਘੰਟਾ/ਡੇਢ ਘੰਟਾ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਜਾਂਦੀ ਹੈ।

# ਟੀਪੀਏਆਰ ਕਲੱਬ ਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਪੁਰਬ ਵਿਲੱਖਣ ਢੰਗ ਨਾਲ ਮਨਾਇਆ





ਬਰੈਂਪਟਨ, (ਡਾ. ਝੰਡ) - ਪਿਛਲੇ ਮੰਗਲਵਾਰ 8 ਨਵੰਬਰ ਨੂੰ ਜਦੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤ-ਮਸਤਕ ਹੋ ਕੇ ਬੜੀ ਸ਼ਰਧਾ ਨਾਲ ਗੁਰੂ ਨਾਨਕ ਦੇਵ ਜੀ ਦਾ 553'ਵਾਂ ਆਗਮਨ-ਪੁਰਬ ਮਨਾ ਰਹੇ ਸਨ ਤਾਂ ਬਰੈਂਪਟਨ ਵਿਚ ਪਿਛਲੇ 13 ਸਾਲ ਤੋਂ ਸਰਗ਼ਰਮ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਦੇ 25 ਮੈਂਬਰ ਸਥਾਨਕ ਚਿੰਗੁਆਕੂਜ਼ੀ ਪਾਰਕ ਵਿਚ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੀ ਦੌੜ ਤੇ ਵਾੱਕ ਕਰਦਿਆਂ ਹੋਇਆਂ ਗੁਰੂ ਸਾਹਿਬ ਨੂੰ ਯਾਦ ਕਰ ਰਹੇ ਸਨ। ਦਰਅਸਲ, ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੋਂ ਹਫ਼ਤਾ ਕੁ ਪਹਿਲਾਂ ਕਲੱਬ ਦੇ ਮੈਂਬਰਾਂ ਵੱਲੋਂ ਵਿਚਾਰ ਕੀਤਾ ਗਿਆ ਕਿ ਗੁਰੂ ਸਾਹਿਬ ਨੇ ਆਪਣੀਆਂ ਚਾਰ ਉਦਾਸੀਆਂ ਦੌਰਾਨ ਚਾਰ ਵੱਖ-ਵੱਖ ਦਿਸ਼ਾਵਾਂ ਵਿਚ ਜਾ ਕੇ ਲੰਮਾਂ ਪੈਂਡਾ ਪੈਦਲ ਚੱਲਦਿਆਂ ਹੋਇਆਂ ਲੋਕਾਈ ਨੂੰ ਅੰਧ-ਵਿਸ਼ਵਾਸ, ਊਚ-ਨੀਚ, ਅਮੀਰੀ-ਗ਼ਰੀਬੀ ਅਤੇ ਵਹਿਮਾਂ-ਭਰਮਾਂ ਦੇ ਜਾਲ਼ ਵਿੱਚੋਂ ਬਾਹਰ ਕੱਢਿਆ ਅਤੇ ਲੋਕਾਂ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੁਨੇਹਾ ਦਿੱਤਾ। ਗੁਰੂ ਸਾਹਿਬ ਦੀਆਂ ਇਹ ਲੰਮੀਆਂ ਚਾਰ ਇਤਿਹਾਸਕ ਉਦਾਸੀਆਂ ਜਿਨ੍ਹਾਂ ਦਾ ਪੈਂਡਾ ਇਤਿਹਾਸਕਾਰਾਂ ਅਨੁਸਾਰ ਪੈਂਤੀ ਤੋਂ ਚਾਲੀ ਹਜ਼ਾਰ ਮੀਲ ਬਣਦਾ ਹੈ। ਕਿਉਂ ਨਾ ਕਲੱਬ ਵੱਲੋਂ ਗੁਰੂ ਸਾਹਿਬ ਦੇ ਇਸ ਸੰਸਾਰ ਵਿਚ ਆਉਣ ਦਾ ਦਿਹਾੜਾ ਇਨ੍ਹਾਂ ਉਦਾਸੀਆਂ ਨੂੰ ਸਮੱਰਪਿਤ ਦੌੜ ਕੇ ਅਤੇ ਪੈਦਲ ਚੱਲ ਕੇ ਮਨਾਇਆ ਜਾਏ?

ਇਸ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਹੋਇਆਂ ਕਲੱਬ ਦੇ 20 ਮੈਂਬਰ ਸਵੇਰੇ 11.00 ਵਜੇ ਚਿੰਗੁਆਕੂਜ਼ੀ ਪਾਰਕ ਵਿਚ ਪਹੁੰਚੇ ਅਤੇ ਉਨ੍ਹਾਂ ਨੇ ਮਿਲ਼ ਕੇ ਇਸ ਪਾਰਕ ਦੇ ਬਾਹਰ ਵਾਲੇ ਰਸਤੇ ਦੇ ਚੱਕਰ ਲਗਾਉਣੇ ਸ਼ੁਰੂ ਕਰ ਦਿੱਤੇ। ਕਿਸੇ ਦੋ ਲਗਾਏ, ਕਿਸੇ ਚਾਰ, ਅਤੇ ਕਈਆਂ ਨੇ ਇਸ ਤੋਂ ਵਧੇਰੇ ਵੀ ਲਗਾਏ। ਕਿਸੇ ਦੌੜ ਕੇ ਲਾਏ ਅਤੇ ਕਿਸੇ ਨੇ ਪੈਦਲ ਤੇਜ਼ ਚੱਲਦਿਆਂ ਹੋਇਆਂ ਇਹ ਚੱਕਰ ਲਾਏ। ਦੌੜ ਤੇ ਵਾੱਕ ਦੀ ਸਮਾਪਤੀ 'ਤੇ ਦੁਪਹਿਰੇ ਸਾਢੇ ਕੁ ਬਾਰਾਂ ਵਜੇ ਸਾਰਿਆਂ ਨੇ ਕਲੱਬ ਦੇ ਸਰਗ਼ਰਮ ਮੈਂਬਰ ਹਰਜੀਤ ਸਿੰਘ ਵੱਲੋਂ ਲਿਆਂਦਾ ਹੋਇਆ ਲੰਗਰ ਮਿਲ ਕੇ ਛਕਿਆ ਅਤੇ ਸਾਰੀ ਦੁਨੀਆਂ ਵਿਚ ਅਮਨ-ਸ਼ਾਂਤੀ ਲਈ ਅਰਦਾਸ ਕੀਤੀ। ਇਸ ਤਰ੍ਹਾਂ ਕਲੱਬ ਦੇ ਮੈਂਬਰਾਂ ਵੱਲੋਂ ਗੁਰੂ ਸਾਹਿਬ ਦਾ ਆਗਮਨ-ਪੁਰਬ ਇਸ ਸਾਲ ਵਿਲੱਖਣ ਤਰੀਕੇ ਨਾਲ ਮਨਾਇਆ ਗਿਆ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER iccrc



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

KAUR LAW OFFICE

Red Seal NOTARY



MANJEET KAUR

LL.B., (London UK)
Barrister, Solicitor & Notary Public

REAL ESTATE LAWYER

- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION

Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER

- Child & Spousal support
- Custody & Access
- Divorce
- Equalization

BUSINESS LAW

- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE

- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

# ਰੂਸ ਤੇ ਤੀਹ ਹੋਰ ਦੇਸ਼ਾਂ ਦਾ ਠੀਕ ਮਤਾ, ਭਾਰਤ ਵੱਲੋਂ ਠੀਕ ਹਮਾਇਤ, ਪਰ ਇਸ ਤੋਂ ਬਾਅਦ...

ਸਾਡੇ ਭਾਰਤ ਦੇਸ਼ ਵਿੱਚ ਜਿਸ ਤਰ੍ਹਾਂ ਦੀ ਨਿਰਾਸ਼ਾ ਪੈਦਾ ਕਰਨ ਵਾਲੀ ਰਾਜਨੀਤੀ ਚੱਲਦੀ ਹੈ, ਅਸਲ ਵਿੱਚ ਚਲਾਈ ਜਾਂਦੀ ਹੈ, ਓਦਾਂ ਦੀ ਦੁਨੀਆ ਦੇ ਹੋਰ ਕਈ ਦੇਸ਼ਾਂ ਵਿੱਚ ਵੀ ਚੱਲਦੀ ਹੈ ਤੇ ਇਹ ਰਾਜਨੀਤੀ ਮਨੁੱਖਤਾ ਲਈ ਅੰਤਲੇ ਨਤੀਜੇ ਵਜੋਂ ਹਰ ਦੇਸ਼ ਵਿੱਚ ਘਾਤਕ ਹੀ ਸਿੱਧ ਹੁੰਦੀ ਰਹਿੰਦੀ ਹੈ। ਭਾਰਤ ਅਤੇ ਇਸ ਦੇ ਕਈ ਗਵਾਂਢੀ ਦੇਸ਼ਾਂ ਵਿੱਚ ਚੱਲਦੀ ਆਮ ਦਿੱਸਦੀ ਰਾਜਨੀਤੀ ਦੀ ਇਹ ਵੰਨਗੀ ਸੰਸਾਰ ਭਰ ਦੇ ਹੋਰ ਇਲਾਕਿਆਂ ਦੇ ਦੇਸ਼ਾਂ ਤੋਂ ਕੁਝ ਪੱਖਾਂ ਤੋਂ ਅਲੋਕਾਰ ਹੈ, ਕਿਉਂਕਿ ਇਹ ਦੇਸ਼ ਬਹੁਤਾ ਕਰ ਕੇ ਕਿਸੇ ਨਾ ਕਿਸੇ ਵਕਤ ਮੂਲ ਭਾਰਤ ਦੀ ਧਰਤੀ ਨਾਲ ਜੁੜੇ ਰਹੇ ਸਨ ਤੇ ਇਸ ਨਾਲੋਂ ਵੱਖ ਹੋਣ ਵੇਲੇ ਇਹਦੇ ਸੱਭਿਆਚਾਰ ਵਿਚਲਾ ਜਾਤ-ਪਾਤ ਅਤੇ ਹੋਰ ਕਈ ਤਰ੍ਹਾਂ ਦਾ ਕੂੜ-ਕਬਾੜ ਵੀ ਆਪਣੀ ਵਿਰਾਸਤ ਵਜੋਂ ਨਾਲ ਲੈ ਗਏ ਸਨ। ਦੂਸਰੇ ਪਾਸੇ ਦੁਨੀਆ ਦੇ ਕੁਝ ਦੇਸ਼ਾਂ ਵਿੱਚ ਇਸ ਤੋਂ ਵੱਖਰੀ ਤਰ੍ਹਾਂ ਦੀ ਰਾਜਨੀਤਕ ਕਚ੍ਰਿਆਣ ਦੇ ਰੂਪ ਉੱਭਰਦੇ ਰਹੇ ਹਨ, ਪਰ ਉਨ੍ਹਾਂ ਦਾ ਅੰਤਲਾ ਅਸਰ ਵੀ ਮਨੁੱਖਤਾ ਦੇ ਘਾਣ ਵਿੱਚ ਲਗਭਗ ਓਸੇ ਤਰ੍ਹਾਂ ਨਿਕਲਦਾ ਰਿਹਾ ਹੈ, ਜਿੱਦਾਂ ਭਾਰਤੀ ਸਮਾਜ ਵਿੱਚ ਨਿਕਲਦਾ ਰਿਹਾ ਤੇ ਅਜੇ ਤੱਕ ਨਿਕਲਦਾ ਰਹਿੰਦਾ ਹੈ। ਕਿਸੇ ਥਾਂ ਇਹ ਨਸਲਵਾਦੀ ਰੂਪ ਵਿੱਚ ਹੈ, ਕਿਸੇ ਥਾਂ ਇੱਕ ਜਾਂ ਦੂਸਰੇ ਧਰਮ ਦੇ ਲੋਕਾਂ ਦੇ ਖਿਲਾਫ ਸਿੱਧੀ ਜਾਂ ਅਸਿੱਧੀ ਨਫਰਤ ਦੇ ਰੂਪ ਵਿੱਚ ਅਤੇ ਕਿਸੇ ਹੋਰ ਥਾਂ ਉਸ ਦੇਸ਼ ਵਿੱਚ ਕਿਸੇ ਵੀ ਹੋਰ ਦੇਸ਼ ਤੋਂ ਆਣ ਕੇ ਵੱਸਦੇ ਲੋਕਾਂ ਨੂੰ ਬਾਹਰੀ ਹਮਲਾ ਸਮਝਣ ਅਤੇ ਪ੍ਰਚਾਰਨ ਦੇ ਰੂਪ ਵਿੱਚ ਇਹ ਗੰਦੀ ਸੋਚ ਭਾਰੂ ਹੁੰਦੀ ਵਿਖਾਈ ਦੇਂਦੀ ਹੈ। ਜਰਮਨੀ ਦੇ ਹਿਟਲਰ ਤੇ ਇਟਲੀ ਦੇ ਮੁਸੋਲਿਨੀ ਦੀ ਅਗਵਾਈ ਹੇਠ ਚੱਲੀ ਜਿਸ ਮਨੁੱਖ-ਮਾਰੂ ਲਹਿਰ ਨੇ ਦੂਸਰੀ ਸੰਸਾਰ ਜੰਗ ਦੌਰਾਨ ਕਰੋੜਾਂ ਲੋਕ ਮਰਵਾਏ ਸਨ, ਉਸ ਦੇ ਪਿੱਛੇ ਵੀ ਇਸ ਤੋਂ ਕੁਝ ਕੁ ਵੱਖਰੇ ਰੂਪ ਵਿੱਚ ਇਹੋ ਗੰਦੀ ਸੋਚ ਭਾਰੂ ਸੀ, ਜਿਹੜੀ ਉਸ ਪਿੱਛੋਂ ਅੱਜ ਤੱਕ ਵੀ ਗਲ਼ੋਂ ਨਹੀਂ ਲੱਥ ਸਕੀ।

ਇਸ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਵਿੱਚ ਸੰਸਾਰ ਦੀ ਸੱਥ ਸਮਝੀ ਜਾਂਦੀ ਯੂ ਐੱਨ ਓ ਦੀ ਜਰਨਲ ਅਸੈਂਬਲੀ ਨੇ ਇੱਕ ਮਤਾ ਪਾਸ ਕੀਤਾ ਸੀ, ਜਿਸ ਨੂੰ ਪੱਛਮੀ ਮੁਲਕਾਂ ਨੇ ਯੂਕਰੇਨ ਨਾਲ ਜੰਗ ਵਿੱਚ ਫਸੇ ਹੋਏ ਰੂਸ ਦੀ ਚਾਲ ਕਹਿ ਕੇ ਭੰਡਿਆ ਤੇ ਉਸ ਦਾ ਡਟਵਾਂ ਵਿਰੋਧ ਕੀਤਾ ਤੇ ਕਰਵਾਇਆ ਸੀ। ਉਹ ਮਤਾ ਇਕੱਲੇ ਰੂਸ ਨੇ ਪੇਸ਼ ਨਹੀਂ ਸੀ ਕੀਤਾ, ਉਸ ਨਾਲ ਤੀਹ ਦੇਸ਼ ਹੋਰ ਸਨ ਅਤੇ ਇਕੱਤੀ ਦੇਸ਼ਾਂ ਦੇ ਉਸ ਮਤੇ ਨੂੰ ਭਾਰਤ ਸਮੇਤ ਇੱਕ ਸੌ ਪੰਜ ਦੇਸ਼ਾਂ ਨੇ ਵੋਟਾਂ ਪਾ ਕੇ ਪਾਸ ਕਰਨ ਵਿੱਚ ਹਿੱਸਾ ਪਾਇਆ ਸੀ। ਪੱਛਮੀ ਦੇਸ਼ਾਂ ਦੇ ਲਲਕਾਰੇ ਉੱਤੇ ਬਵੰਜਾ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਪੰਦਰਾਂ ਦੇਸ਼ਾਂ ਨੇ ਕਿਸੇ ਪਾਸੇ ਵੋਟ ਨਹੀਂ ਸੀ ਪਾਈ। ਸੰਸਾਰ ਦੇ ਸੌ ਤੋਂ ਵੱਧ ਦੇਸ਼ ਬੇਵਕੂਫ ਨਹੀਂ ਸੀ ਕਿ ਰੂਸ ਦੀ ਕਿਸੇ ਚਾਲ ਵਿੱਚ ਫਸ ਕੇ ਇਹੋ ਜਿਹੇ ਮਸਲੇ ਉੱਤੇ ਅਮਰੀਕਾ ਅਤੇ ਉਸ ਦੇ ਜੋੜੀਦਾਰਾਂ ਨਾਲ ਪੇਚਾ ਪਾਉਣ ਤੁਰ ਪੈਂਦੇ। ਅਸਲ ਵਿੱਚ ਇਹ ਮਤਾ ਜਿਸ ਮਨੁੱਖਵਾਦੀ ਸੋਚ ਉੱਤੇ ਆਧਰਤ ਸੀ, ਉਸ ਦਾ ਵਿਰੋਧ ਕਰ ਕੇ ਉਹ ਦੇਸ਼ ਮਨੁੱਖਤਾ ਦੇ ਭਵਿੱਖ ਲਈ ਆਪਣੇ ਆਪ ਨੂੰ ਗੁਨਾਹਗਾਰਾਂ ਦੀ ਸੂਚੀ ਵਿੱਚ ਨਹੀਂ ਸਨ ਲਿਖਵਾਉਣਾ ਚਾਹੁੰਦੇ। ਹੈਰਾਨੀ ਦੀ ਗੱਲ ਹੈ ਕਿ ਭਾਰਤ ਨੇ ਵੋਟ ਰੂਸ ਤੇ ਉਸ ਦੇ ਸਾਥੀਆਂ ਦੇ ਇਸ ਸੁਲੱਖਣੇ ਮਤੇ ਦੇ ਪੱਖ ਵਿੱਚ ਪਾ ਦਿੱਤੀ, ਪਰ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਖਬਰ ਨੂੰ ਜਾਂ ਤਾਂ ਛਾਪਣ ਤੋਂ ਗੁਰੇਜ਼ ਕੀਤਾ, ਜਾਂ ਇਸ ਤਰ੍ਹਾਂ ਪੇਸ਼ ਕੀਤੀ ਕਿ ਰਸਮ ਪੂਰੀ ਵੀ ਹੋ ਜਾਵੇ ਤੇ ਇਸ ਦੇਸ਼ ਦੇ ਲੋਕਾਂ ਨੂੰ ਗੱਲ ਦੀ ਕੋਈ ਸਮਝ ਵੀ ਨਾ ਆਵੇ। ਏਦਾਂ ਕਰਨ ਨਾਲ ਸੰਸਾਰ ਦੀ ਸੱਥ ਮੂਹਰੇ ਨੇਕ ਸੋਚ ਨਾਲ ਭਾਰਤ ਖੜੋ ਗਿਆ, ਪਰ ਇਹ ਗੱਲ ਹਿੱਕ ਠੋਕ ਕੇ ਕਹਿਣ ਤੋਂ ਵੀ ਕੰਨੀ ਕਤਰਾ ਗਿਆ, ਤਾਂ ਕਿ ਆਪਣੇ ਦੇਸ਼ ਵਿੱਚ ਚੱਲਦੇ ਵਰਤਾਰਿਆਂ ਦੇ ਗਲਤ ਵਹਿਣ ਵਿੱਚ ਕੋਈ ਅੜਿੱਕਾ ਨਾ ਪਵੇ ਅਤੇ ਏਥੇ ਸਭ ਕੁਝ ਜਿੱਦਾਂ ਚੱਲਦਾ ਹੈ, ਓਸੇ ਤਰ੍ਹਾਂ ਚੱਲਦਾ ਰਹੇ।

ਜਤਿੰਦਰ ਪਨੂੰ ਦੀ ਕਲਮ ਤੋਂ

## ਮਤਾ ਸੰਸਾਰ ਭਰ ਵਿੱਚ ਚੱਲਦੀ ਇੱਕ ਫਿਰਕੂ ਪਾੜੇ ਨੂੰ ਵਧਾਉਣ ਵਾਲੀ ਸੋਚ ਦਾ ਵੀ ਵਿਰੋਧ ਕਰਦਾ ਸੀ

ਰੂਸ ਅਤੇ ਉਸ ਨਾਲ ਜੁੜੇ ਦੇਸ਼ਾਂ ਦਾ ਮਤਾ ਸਿਰਫ ਨਸਲਵਾਦ ਦਾ ਵਿਰੋਧ ਨਹੀਂ ਸੀ ਕਰਦਾ, ਇਹ ਇਸਲਾਮ ਬਾਰੇ ਗਲਤ ਧਾਰਨਾਵਾਂ ਹੇਠ ਸੰਸਾਰ ਭਰ ਵਿੱਚ ਚੱਲਦੀ ਇੱਕ ਫਿਰਕੂ ਪਾੜੇ ਨੂੰ ਵਧਾਉਣ ਵਾਲੀ ਸੋਚ ਦਾ ਵੀ ਵਿਰੋਧ ਕਰਦਾ ਸੀ ਅਤੇ ਸਾਡੇ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਚੱਲ ਰਹੀ ਈਸਾਈ ਵਿਰੋਧਤਾ ਦੀ ਵੀ ਨਿੰਦਾ ਕਰਦਾ ਸੀ। ਇਸ ਤੋਂ ਹੋਰ ਅੱਗੇ ਜਾ ਕੇ ਇਹ ਮਤਾ ਅਫਰੀਕੀ ਲੋਕਾਂ ਅਤੇ ਸਥਾਪਤ ਧਰਮਾਂ ਤੋਂ ਵੱਖਰੇ ਵਿਸ਼ਵਾਸਾਂ ਵਾਲੇ ਲੋਕਾਂ ਦਾ ਵਿਰੋਧ ਕਰਨ ਨੂੰ ਮਨੁੱਖੀ ਭਵਿੱਖ ਲਈ ਗਲਤ ਮੰਨਦਾ ਸੀ ਅਤੇ ਨਾਲ ਹਿਟਲਰ ਤੇ ਮੁਸੋਲਿਨੀ ਦੇ ਦੌਰ ਵਾਲੀ ਨਾਜ਼ੀਵਾਦੀ ਸੋਚ ਦੇ ਸੋਹਲੇ ਗਾਉਣਜਾਂ ਉਸ ਨਾਲ ਸੰਬੰਧਤ ਯਾਦਗਾਰਾਂ ਬਣਾਉਣ ਨੂੰ ਗਲਤ ਆਖਦਾ ਸੀ। ਬਾਕੀ ਸਭ ਗੱਲਾਂ ਛੱਡ ਕੇ ਸਿਰਫ ਇਟਲੀ ਦੇ ਅਜੋਕੇ ਹਾਲਾਤ ਹੀ ਵੇਖ ਲਈਏ ਤਾਂ ਉਸ ਤੋਂ ਇਸ ਮਤੇ ਦੀ ਸਾਰਥਿਕਤਾ ਪੱਲੇਪੈ ਜਾਂਦੀ ਹੈ। ਬੀਤੇ ਦਿਨੀਂ ਇਟਲੀ ਵਿੱਚ ਹੋਈਆਂ ਚੋਣਾਂ ਵਿੱਚ ਜਿਹੜੀ ਬੀਬੀ ਜਾਰਜੀਆ ਮੇਲੋਨੀ ਜਿੱਤ ਕੇ ਪ੍ਰਧਾਨ ਮੰਤਰੀ ਬਣੀ ਹੈ, ਉਹ ਅਸਲੋਂ ਸੱਜੇ ਪੱਖ ਦੀ ਰਾਜਨੀਤੀ ਕਰਨ ਵਾਲੀ ਹੈ ਅਤੇ ਉਸ ਦੇ ਪਿਛਲੱਗਾਂ ਵਿੱਚ ਵੱਡੀ ਗਿਣਤੀ ਹਿਟਲਰ ਅਤੇ ਮੁਸੋਲਿਨੀ ਦੇ ਵਕਤਾਂ ਦੀ ਨਾਜ਼ੀ ਸੋਚਣੀ ਨੂੰ ਦਿਲੋਂ ਮਾਨਤਾ ਦੇਣ ਵਾਲੀ ਹੈ। ਪਿਛਲੇ ਦਿਨੀਂ ਉਸ ਨੇ ਗਲੈਜ਼ੋ ਬਿਗਨਾਮੀ ਨਾਂਅ ਦਾਇੱਕ ਮੰਤਰੀ ਬਣਾਇਆ ਹੈ, ਜਿਹੜਾ ਨਾਜ਼ੀ-ਪੱਖੀ ਮੁਜ਼ਾਹਰਿਆਂ ਵਿੱਚ ਨਾਜ਼ੀਆਂ ਦਾ ਬੈਜ ਸਵਾਸਤਿਕਾ ਆਪਣੇ ਮੋਢੇ ਉੱਤੇ ਲਾ ਕੇ ਸ਼ਾਮਲ ਹੁੰਦਾ ਰਿਹਾ ਹੈ। ਇਸ ਗੱਲ ਦਾ ਸੰਸਾਰ ਭਰ ਦੇ ਉਨ੍ਹਾਂ ਲੋਕਾਂ ਵਿੱਚ ਰੋਸ ਹੈ, ਜਿਨ੍ਹਾਂ ਨੇ ਖੁਦ ਜਾਂ ਉਨ੍ਹਾਂ ਦੇ ਵੱਡਿਆਂ ਨੇ ਨਾਜ਼ੀਵਾਦੀ ਕਹਿਰ ਝੱਲਿਆ ਹੋਇਆ ਸੀ ਜਾਂ ਜਿਹੜੇ ਇਸ ਦੀ ਉਠਾਣ ਦੇ ਭਵਿੱਖੀ ਖਤਰੇ ਬਾਰੇ ਸੋਚ ਸਕਦੇ ਹਨ। ਇਟਲੀ ਦੀ ਆਗੂ ਵੱਲੋਂ ਨਾਜ਼ੀਵਾਦ ਨੂੰ ਦਿੱਤੀ ਗਈ ਏਹੋ ਜਿਹੀ ਸ਼ਹਿ ਕਈ ਹੋਰ ਦੇਸ਼ਾਂ ਵਿੱਚ ਇਸ ਦੇ ਉਭਾਰ ਦਾ ਕਾਰਨ ਬਣ ਸਕਦੀ ਹੈ।

### ਮਤਾ ਦੁਨੀਆ ਭਰ ਵਿੱਚ ਨਸਲਵਾਦ, ਨਾਜ਼ੀਵਾਦ ਜਾਂ 'ਬਾਹਰੀ ਲੋਕ' ਹੋਣ ਦੇ ਠੱਪੇ ਦੀ ਮਾਰ ਹੇਠ ਆਉਂਦੇ ਲੋਕਾਂ ਦੀ ਹਮਾਇਤ ਵਾਲਾ ਸੀ ਜਾਂ ਰੂਸ ਦੀਆਂ ਜੰਗੀ ਲੋੜਾਂ ਦੀ ਪੂਰਤੀ ਵਾਲਾ?



ਸਵਾਲ ਇਹ ਉੱਠਦਾ ਹੈ ਕਿ ਕੀ ਇਹ ਮਤਾ ਦੁਨੀਆ ਭਰ ਵਿੱਚ ਨਸਲਵਾਦ, ਨਾਜ਼ੀਵਾਦ ਜਾਂ 'ਬਾਹਰੀ ਲੋਕ' ਹੋਣ ਦੇ ਠੱਪੇ ਦੀ ਮਾਰ ਹੇਠ ਆਉਂਦੇ ਲੋਕਾਂ ਦੀ ਹਮਾਇਤ ਵਾਲਾ ਸੀ ਜਾਂ ਰੂਸ ਦੀਆਂ ਜੰਗੀ ਲੋੜਾਂ ਦੀ ਪੂਰਤੀ ਵਾਲਾ? ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ ਜੋ ਮਰਜ਼ੀ ਆਖੀ ਜਾਣ, ਦੁਨੀਆ ਭਰ ਵਿੱਚ ਉੱਠ ਰਹੇ ਨਸਲਵਾਦੀ ਅਤੇ 'ਆਪਣੀ ਧਰਤੀ' ਦੇ ਵਰਤਾਰਿਆਂ ਵਿਰੁੱਧ ਇਹ ਮਤਾ ਇਸ ਸਮੇਂ ਦੀ ਲੋੜ ਸੀ। ਯੂਕਰੇਨ ਨਾਲ ਰੂਸ ਦੀ ਜੰਗ ਵੱਖਰਾ ਮੁੱਦਾ ਹੈ। ਭਾਰਤ ਨੇ ਕਦੇ ਵੀ ਯੂਕਰੇਨ ਨਾਲ ਰੂਸ ਦੀ ਜੰਗ ਠੀਕ ਨਹੀਂ ਮੰਨੀ ਅਤੇ ਆਮ ਤੌਰ ਉੱਤੇ ਕਿਸੇ ਵੀ ਮਤੇ ਉੱਤੇ ਨਿਰਪੱਖ ਰਹਿ ਕੇ ਆਪਣੀ ਆਜ਼ਾਦ ਹੋਂਦ ਪ੍ਰਗਟ ਕਰਦਾ ਰਿਹਾ ਹੈ। ਕਦੇ ਕਿਸੇ ਮਤੇ ਉੱਤੇ ਉਸ ਨੇ ਅਮਰੀਕੀਆਂ ਨਾਲ ਰੂਸ ਦੇ ਵਿਰੁੱਧ ਵੋਟ ਵੀ ਪਾਈ ਹੈ ਤੇ ਕਦੀ ਰੂਸ ਵੱਲੋਂ ਪੇਸ਼ ਕੀਤੇ ਕਿਸੇ ਮਤੇ ਦੀ ਹਮਾਇਤ ਵੀ ਕੀਤੀ ਹੈ ਅਤੇ ਹਰ ਵਾਰੀ ਹਮਾਇਤ ਅਤੇ ਵਿਰੋਧ ਦਾ ਕਾਰਨ ਵੀ ਸਾਫ ਸ਼ਬਦਾਂ ਵਿੱਚ ਦੱਸਿਆ ਹੈ। ਇਸ ਵਾਰੀ ਵੀ ਉਸ ਨੇ ਰੂਸ ਸਣੇ ਇਕੱਤੀ ਦੇਸ਼ਾਂ ਵੱਲੋਂ ਪੇਸ਼ ਕੀਤੇ ਗਏ ਮਤੇ ਦੀ ਹਮਾਇਤ ਕਰ ਕੇ ਗਲਤ ਨਹੀਂ ਕੀਤਾ, ਪਰ ਇਸ ਮਤੇ ਬਾਰੇ ਭਾਰਤ ਵਿੱਚ ਭਾਰਤ ਸਰਕਾਰ ਅਤੇ ਭਾਰਤੀ ਮੀਡੀਏ ਦੀ ਚੁੱਪ ਦਾ ਕਾਰਨ ਕਿਸੇ ਦੇ ਸਮਝ ਨਹੀਂ ਪੈ ਸਕਦਾ। ਠੀਕ ਕੰਮ ਕਰਨ ਦੇ ਬਾਅਦ ਚੁੱਪ ਰਹਿਣਾ ਇਹ ਦੱਸਦਾ ਹੈ ਕਿ ਭਾਰਤ ਨੇ ਇਸ ਮਤੇ ਦੀ ਹਮਾਇਤ ਦੁਨੀਆ ਦੀ ਸੱਥ ਵਿੱਚ ਆਪਣੇ ਆਪ ਨੂੰ ਠੀਕ ਪਾਸੇ ਖੜੋਤਾ ਦੱਸਣ ਲਈ ਭਾਵੇਂ ਕਰ ਦਿੱਤੀ ਹੈ, ਭਾਰਤ ਵਿੱਚ ਇਨ੍ਹਾਂ ਗੱਲਾਂ ਲਈ ਖੁੱਲ੍ਹ ਕੇ ਖੜੋਣ ਦੀ ਲੋੜ ਨਹੀਂ ਸਮਝਦਾ। ਇਹ ਸੋਚਣੀ ਵੋਟ-ਰਾਜਨੀਤੀ ਦੇ ਕਾਰਨ ਚੱਲਦੀ ਹੋ ਸਕਦੀ ਹੈ ਅਤੇ ਜਦੋਂ ਗੁਜਰ-ਾਤ ਵਰਗੇ ਸੰਵੇਦਨਸ਼ੀਲ ਰਾਜ ਵਿੱਚ ਵੋਟਾਂ ਲਈ ਜੰਗ ਚੱਲ ਰਹੀ ਹੋਵੇ ਤਾਂ ਕਾਰਨ ਕੋਈ ਵੀ ਰਿਹਾ ਹੋਵੇ, ਇਸ ਨੀਤੀ ਨੂੰ ਉਸ ਚੋਣ ਪ੍ਰਕਿਰਿਆ ਤੋਂ ਵੱਖਰਾ ਕਰ ਕੇ ਨਹੀਂ ਵੇਖਿਆ ਜਾ ਸਕਦਾ।

## 'ਬਾਹਰੋਂ ਆਏ' ਲੋਕਾਂ ਦੇ ਵਿਰੋਧ ਨੂੰ ਗਲਤ ਕਿਹਾ ਗਿਆ

ਭਾਰਤ ਸਮੇਤ ਦੁਨੀਆ ਦੇ ਇੱਕ ਸੌ ਪੰਜ ਦੇਸ਼ਾਂ ਦੀ ਹਮਾਇਤ ਨਾਲ ਪਾਸ ਕੀਤੇ ਗਏ ਮਤੇ ਵਿੱਚ ਵੱਡੀ ਗੱਲ ਇਹ ਵੀ ਹੈ ਕਿ ਦੁਨੀਆਂ ਭਰ ਵਿੱਚ 'ਬਾਹਰੋਂ ਆਏ' ਲੋਕਾਂ ਦੇ ਵਿਰੋਧ ਨੂੰ ਗਲਤ ਕਿਹਾ ਗਿਆ ਹੈ। ਅੱਜਕੱਲ੍ਹ ਇਹ ਰੁਝਾਨ ਜ਼ੋਰਾਂ ਉੱਤੇ ਹੈ ਕਿ ਜਿਹੜਾ ਵੀ ਵਿਅਕਤੀ ਕਿਸੇ ਦੂਸਰੇ ਦੇਸ਼ ਜਾਂ ਫਿਰ ਆਪਣੇ ਹੀ ਦੇਸ਼ ਦੇ ਕਿਸੇ ਦੂਸਰੇ ਰਾਜ ਵਿਚਲੀ ਮਾੜੀ ਹਾਲਤ ਤੋਂ ਤੰਗ ਆ ਕੇ ਦੂਸਰੇ ਦੇਸ਼ ਜਾਂ ਆਪਣੇ ਹੀ ਦੇਸ਼ ਦੇ ਦੂਸਰੇ ਰਾਜ ਵੱਲ ਚਲਾ ਜਾਂਦਾ ਹੈ, ਉਸ ਨੂੰ ਖਾਸ ਕਿਸਮ ਦੀ ਨਫਰਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਅਮਰੀਕਾ, ਇੰਗਲੈਂਡ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵੱਲ ਗਏ ਸਾਡੇ ਭਾਰਤੀ ਲੋਕ ਏਦਾਂ ਦਾ ਨਸਲਵਾਦ ਕਈ ਵਾਰੀ ਝੱਲ ਚੁੱਕੇ ਹਨ। ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀ ਗੋਰਿਆਂ ਨੂੰ ਇਹ ਆਪਣੇ ਦੇਸ਼ ਵਿੱਚ 'ਬਾਹਰੋਂ ਆਏ' ਲੋਕਾਂ ਦੀ ਘੁਸਪੈਠ ਜਾਪਦੀ ਹੈ, ਜਦ ਕਿ ਆਦਿ ਕਾਲ ਤੋਂ ਆਪਣੀ ਹੋਂਦ ਕਾਇਮ ਰੱਖਣ ਵਾਸਤੇ ਮਨੁੱਖ ਇੱਕ ਤੋਂ ਦੂਸਰੀ ਥਾਂ ਪਰਵਾਸ ਕਰਦਾ ਰਿਹਾ ਹੈ। ਖੁਦ ਗੋਰੀ ਚਮੜੀ ਵਾਲੇ ਲੋਕ ਆਪਣੇ ਮੂਲ ਯੂਰਪੀ ਦੇਸ਼ਾਂ ਤੋਂ ਦੁਨੀਆ ਭਰ ਵਿੱਚ ਫੈਲ ਗਏ ਸਨ ਅਤੇ ਉਹ ਜਿੱਥੇ ਵੀ ਗਏ, ਓਥੇ ਕੋਈ ਛੋਟਾ ਜਿਹਾ ਲੰਡਨ, ਕਿਤੇ ਕੋਈ ਛੋਟਾ-ਵੱਡਾ ਜਾਰਜੀਆ, ਕੋਲੰਬੀਆ ਜਾਂ ਹੈਮਿਲਟਨ ਵਸਾ ਲੈਂਦੇ ਰਹੇ ਸਨ। ਜਦੋਂ ਕੋਲੰਬਸ ਤੋਂ ਤੁਰਦੇ ਹੋਏ ਗੋਰਿਆਂ ਦੇ ਵਡੇਰੇ ਸਾਰੀ ਦੁਨੀਆ ਵਿੱਚ ਛਾ ਗਏ ਸਨ, ਉਹ ਠੀਕ ਸਮਝੇ ਜਾਂਦੇ ਹਨ, ਪਰ ਜਦੋਂ ਦੂਸਰੀ ਚਮੜੀ ਵਾਲੇ ਲੋਕ ਗੋਰਿਆਂ ਦੇ ਦੇਸ਼ਾਂ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਉੱਤੇ ਹਮਲਾ ਜਾਪਣ ਲੱਗ ਜਾਂਦਾ ਹੈ। ਸਦੀਆਂ ਤੱਕ ਉਨ੍ਹਾਂ ਨੇਕਾਲੇ ਲੋਕ ਆਪਣੇ ਗੁਲਾਮ ਬਣਾ ਕੇ ਉਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕੀਤਾ ਸੀ, ਪਰ ਅੱਜ ਜਦੋਂ ਉਹ ਹੀ ਦੱਬੇ-ਕੁਚਲੇ ਲੋਕ ਆਪਣੀ ਹਿੰਮਤ ਅਤੇ ਲੋਕਤੰਤਰੀ ਰਿਵਾਇਤਾਂ ਸਦਕਾ ਇਨ੍ਹਾਂ ਨਾਲ ਬਰਾਬਰੀ ਦਾ ਯਤਨ ਕਰਨ ਜੋਗੇ ਹੋਣ ਲੱਗੇ ਹਨ ਤਾਂ ਇਨ੍ਹਾਂ ਤੋਂ ਉਨ੍ਹਾਂ ਦੀ ਅੱਗੇ ਵਧਣ ਦੀ ਭਾਵਨਾ ਸਹਾਰੀ ਨਹੀਂ ਜਾਂਦੀ। ਏਸੇ ਤਰ੍ਹਾਂ ਦਾ ਵਿਹਾਰ ਉਨ੍ਹਾਂ ਏਸ਼ੀਅਨ ਮੂਲ ਦੇ ਲੋਕਾਂ ਨਾਲ ਵੀ ਕੀਤਾ ਜਾਂਦਾ ਹੈ, ਜਿਹੜੇ ਨਾ ਗੋਰੇ ਹਨ, ਨਾ ਕਾਲੇ, ਅੱਧ-ਵਿਚਾਲੇ ਦੀ ਰੰਗਤ ਵਾਲੇ ਹਨ। ਰੂਸ ਅਤੇ ਤੀਹ ਹੋਰ ਦੇਸ਼ ਜਿਹੜਾ ਮਤਾ ਲਿਆਏ ਹਨ, ਉਸ ਮਤੇ ਵਿੱਚ ਇੱਕ ਸ਼ਬਦ 'ਜ਼ੇਨੋਫੋਬਿਕ' (xeno-phobic) ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ ਕਿ ਉਨ੍ਹਾਂ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦੀ ਨਫਰਤ ਜਾਂ ਡਰ ਪੈਦਾ ਕਰਨਾ, ਜਿਨ੍ਹਾਂ ਨੂੰ ਵਿਦੇਸ਼ੀ ਜਾਂ ਓਪਰੇ ਮੰਨਿਆ ਤੇ ਪ੍ਰਚਾਰਿਆ ਜਾਂਦਾ ਹੈ। ਸਾਡੇ ਭਾਰਤੀ ਮੂਲ ਦੇ ਲੋਕਾਂ ਨਾਲ ਅਮਰੀਕਾ ਵਰਗੇ ਕਈ ਦੇਸ਼ਾਂ ਵਿੱਚ ਏਦਾਂ ਦਾ ਨਸਲਵਾਦੀ ਵਿਹਾਰ ਹੋਣ ਦੀਆਂ ਖਬਰਾਂ ਨਿੱਤ ਦਿਨ ਆਉਂਦੀਆਂ ਰਹਿੰਦੀਆਂ ਹਨ, ਜਿਸ ਨੂੰ ਰੂਸ ਦੇ ਮਤੇ ਵਿੱਚ ਨਿੰਦਿਆ ਗਿਆ ਹੈ।

## ਅੱਜ ਨਾਮਾ

ਦੁਸ਼ਣਬਾਜ਼ੀ ਗੁਜਰਾਤ ਵਿੱਚ ਜਾਏ ਵਧਦੀ,
ਵਧ ਰਹੀ ਦਿਨੋ ਦਿਨ ਭੰਨ ਤੇ ਤੋੜ ਮੀਆਂ।
ਬੰਦਾ ਕੱਲ੍ਹ ਸੀ ਜਿਹੜਾ ਇੱਕ ਪਾਰਟੀ ਦਾ,
ਦੂਸਰੀ ਵੰਨੀਂ ਹੈ ਕੱਟ ਗਿਆ ਮੋੜ ਮੀਆਂ।
ਆਖਿਆ ਕਿਸੇ ਦਬਾਅ ਨੇ ਮਾਰ ਲਿਆ ਈ,
ਆਖਿਆ ਕਿਸੇ ਉਹਦੀ ਨਿੱਜੀ ਲੋੜ ਮੀਆਂ।
ਕਾਰਨ ਇੱਕ ਸਮਝੋ ਜਾਂ ਕੋਈ ਦੂਸਰਾ ਵੀ,
ਆਗੂ ਨਿਕਲ ਗਿਆ ਪਾਰਟੀ ਛੋੜ ਮੀਆਂ।
ਚੋਣ-ਮੁਹਿੰਮ ਵਿੱਚ ਸਭ ਹੈ ਜਾਇਜ਼ ਏਥੇ,
ਜਿਸ ਦਾ ਦਾਅ ਲੱਗੇ, ਜਾਵੇ ਲਾਈ ਮੀਆਂ।
ਭਲਿਆਂ-ਚੰਗਿਆਂ ਦੀ ਮਾਰੀ ਸੁਰਤ ਏਥੇ,
ਕਰੇ ਆ ਕੁਰਸੀ ਨੇ ਸਭ ਸੁਦਾਈ ਮੀਆਂ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ-ਫੁਲਕਾ

ਬੱਬੂ ਦੋਸਤ ਦੇ ਘਰ ਗਿਆ ਤਾਂ ਉਹ ਸਿਰ ਫੜ ਕੇ ਬੈਠਾ ਸੀ। ਬੱਬੂ ਨੇ ਪੁੱਛਿਆ, 'ਕੀ ਗੱਲ ਹੋਈ ਬਈ, ਸਿਰ ਫੜ ਕੇ ਕਿਉਂ ਬੈਠਾ ਏਂ?'
ਦੋਸਤ ਬੋਲਿਆ, "ਮੇਰੇ ਪਾਪਾ ਨੇ ਅੱਜ ਬਦਲਾ ਲੈ ਲਿਆ।"
ਬੱਬੂ, "ਕਿਸ ਚੀਜ਼ ਦਾ?"
ਦੋਸਤ, "ਬਚਪਨ ਵਿੱਚ ਉਹ ਮੇਰੇ ਸਕੂਲ ਦੀ ਫੀਸ ਭਰਦੇ ਅਤੇ ਮੈਂ ਸਕੂਲ ਤੋਂ ਭੱਜ ਕੇ ਫਿਲਮ ਦੇਖਣ ਚਲਾ ਜਾਂਦਾ ਸੀ। ਅੱਜ ਮੈਂ ਚਾਰ ਧਾਮ ਦੀ ਯਾਤਰਾ ਲਈ ਉਨ੍ਹਾਂ ਨੂੰ ਪੈਸੇ ਦਿੱਤੇ ਤੇ ਉਹ ਮਸਾਜ ਕਰਵਾਉਣ ਲਈ ਥਾਈਲੈਂਡ ਚਲੇ ਗਏ।"

# ਗ਼ਦਰੀ ਯੋਧੇ ਭਾਈ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਸ਼ਹਾਦਤ ਅਤੇ ਅਜੋਕਾ ਨਵ- ਬਸਤੀਵਾਦੀ ਦੌਰ

-ਡਾ ਗੁਰਵਿੰਦਰ ਸਿੰਘ

ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ (19 ਸਾਲ 5 ਮਹੀਨੇ 23 ਦਿਨ) ਦੇ ਮਹਾਨ ਯੋਧੇ ਅਤੇ 'ਗਦਰ ' ਅਖ਼ਬਾਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਲਾਹੌਰ ਜੇਲ੍ਹ 'ਚ ਫਾਂਸੀ ਦਾ ਰੱਸਾ ਚੁੰਮ ਕੇ ਖਿੜੇ ਮੱਥੇ ਸ਼ਹੀਦੀ ਪਾਈ ਸੀ। 24 ਮਈ 1896 ਨੂੰ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਸ. ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਜਨਮੇ ਬਾਲਕ ਕਰਤਾਰ ਸਿੰਘ ਨੂੰ ਆਪਣੇ ਦਾਦਾ ਸਰਦਾਰ ਬਦਨ ਸਿੰਘ ਤੋਂ ਇਨਕਲਾਬੀ ਪ੍ਰੇਰਨਾ ਮਿਲੀ। 28 ਜੁਲਾਈ 1912 ਵਿੱਚ ਅਮਰੀਕਾ ਆਉਣ ਮਗਰੋਂ ਇਥੋਂ ਦੇ ਇਨਕਲਾਬੀ ਗ਼ਦਰੀ ਯੋਧਿਆਂ ਦੀ ਸਾਂਝ ਨੇ ਇਸ ਨੂੰ ਹੋਰ ਪ੍ਰਚੰਡ ਕੀਤਾ ਅਤੇ ਵਾਪਿਸ ਦੇਸ਼ ਮੁੜ ਕੇ, ਭਾਰਤ ਦੀ ਸੁੱਤੀ ਖਲਕਤ ਨੂੰ ਕਰਤਾਰ ਸਿੰਘ ਸਰਾਭਾ ਨੇ ਜਗਾਇਆ। ਆਖ਼ਿਰ ਨੂੰ 16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਹੱਸਦਿਆਂ-ਹੱਸਦਿਆਂ ਸ਼ਹੀਦੀ ਪਾਈ। ਸ਼ਹੀਦ ਸਰਾਭਾ ਨਾਲ ਫਾਂਸੀ ਚੜ੍ਹਨ ਵਾਲੇ ਸੂਰਮਿਆਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹੀਦ ਭਾਈ ਜਗਤ ਸਿੰਘ ਪਿੰਡ ਸੁਰ ਸਿੰਘ, ਸ਼ਹੀਦ ਭਾਈ ਬਖਸ਼ੀਸ਼ ਸਿੰਘ ਪਿੰਡ ਗਿੱਲਵਾਲੀ, ਸ਼ਹੀਦ ਭਾਈ ਸੁਰੈਣ ਸਿੰਘ (ਛੋਟਾ)ਪਿੰਡ ਗਿੱਲ ਵਾਲੀ,ਸ਼ਹੀਦ ਭਾਈ ਸੁਰੈਣ ਸਿੰਘ (ਵੱਡਾ ) ਪਿੰਡ ਗਿੱਲਵਾਲੀ,ਸ਼ਹੀਦ ਭਾਈ ਹਰਨਾਮ ਸਿੰਘ ਪਿੰਡ ਭੱਟੀ ਗੋਰਾਇਆ (ਸਿਆਲਕੋਟ),ਵਿਸ਼ਨੂੰ ਗਣੇਸ਼ ਪਿੰਗਲੇ ਯਰਵਦਾ (ਮਹਾਰਾਸ਼ਟਰ) ਸੱਤ ਗ਼ਦਰੀ ਯੋਧੇ ਸ਼ਾਮਲ ਸਨ।

ਆਜ਼ਾਦੀ ਦੀ ਲਹਿਰ ਵਿੱਚ ਗ਼ਦਰ ਪਾਰਟੀ ਦੁਆਰਾ ਕੀਤੇ ਇਨਕਲਾਬ ਦੇ ਸੰਦਰਭ ਵਿੱਚ ਵਿਸ਼ਲੇਸ਼ਣ ਵਿਸ਼ੇਸ਼ ਅਹਿਮੀਅਤ ਰੱਖਦਾ ਹੈ । ਵਿਸ਼ਵ ਯੁੱਧ ਸ਼ੁਰੂ ਹੋਣ ਕਾਰਨ ਵੱਡੀ ਗਿਣਤੀ ਵਿੱਚ ਫਰੰਗੀ ਸੈਨਾ ਇੰਗਲੈਂਡ ਦੀ ਹਿਫਾਜ਼ਤ ਲਈ ਭੇਜੀ ਗਈ । ਉੱਤਰੀ ਭਾਰਤ ਦੀਆਂ ਪ੍ਰਮੁੱਖ ਛਾਉਣੀਆਂ ਦੇ ਦੇਸੀ ਫ਼ੌਜੀਆਂ ਅੰਦਰ ਬਗ਼ਾਵਤ ਫ਼ੈਲਾਉਣ ਲਈ ਕ੍ਰਾਂਤੀਕਾਰੀ ਸਾਹਿਤ ਦੇ ਵਿਚਾਰਾਂ ਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਂਦਾ ਗਿਆ। ਦੇਸ਼ਭਰ ਦੇ ਗ਼ਦਰੀਆਂ 'ਚ ਬਹੁਗਿਣਤੀ ਸਾਬਕਾ ਸਿੱਖ ਫ਼ੌਜੀਆਂ ਦੀ ਹੋਣ ਕਾਰਨ ਇਨਕਲਾਬੀਆਂ ਦੀ ਗ਼ਦਰ ਸਫਲਤਾ ਵਾਸਤੇ, ਆਸ ਦਾ ਚਾਨਣ ਵਧੇਰੇ ਫੈਲਿਆ। ਗ਼ਦਰ 1915 ਦੀ ਪੂਰੀ ਵਿਉਂਤਬੰਦੀ, ਗ਼ਦਰੀਆਂ ਵੱਲੋਂ ਕੀਤੀ ਗਈ ਸੀ ਇਸ ਸਬੰਧੀ ਬਾਬੂ ਸਚਿੰਦਰ ਨਾਥ ਸਹਿਗਲ ਪੁਸਤਕ (ਬੰਦੀ ਜੀਵਨ ) ਵਿੱਚ ਲਿਖਦੇ ਹਨ 'ਇੱਕ ਦਿਨ ਅਚਾਨਕ ਬਿਨਾਂ ਕਿਸੇ ਨੂੰ ਆਪਣੀ ਇੱਛਾ ਦੱਸੇ, ਉੱਤਰੀ ਭਾਰਤ ਦੀਆਂ ਛਾਉਣੀਆਂ ਦੇ ਤਮਾਮ ਅੰਗਰੇਜ਼ ਸਿਪਾਹੀਆਂ ਉੱਤੇ ਇੱਕ ਦਿਨ ਤੇ ਸਹੀ ਇੱਕੋ ਸਮੇਂ ਇੱਕ ਦਮ ਹਮਲਾ ਕਰ ਦਿੱਤਾ ਜਾਵੇ। ਤੇ ਉਸ ਹਫੜਾ ਤਫੜੀ ਦੌਰਾਨ, ਜੋ ਲੋਕ ਸਾਡੇ ਕਾਬੂ ਆ ਜਾਣ ਉਹਨਾਂ ਨੂੰ ਕੈਦ ਕਰ ਲਿਆ ਜਾਵੇ। ਉਸ ਵੇਲੇ ਸ਼ਹਿਰਾਂ ਦੇ ਤਾਰ ਆਦਿ ਕੱਟ ਕੇ ਅੰਗਰੇਜ਼ਾਂ ਨੂੰ ਬੰਦੀ ਬਣਾ ਲਿਆ ਜਾਵੇ ਤੇ ਫਿਰ ਖਜ਼ਾਨਾ ਲੁੱਟ ਕੇ ਮਗਰੋਂ ਸਾਰੇ ਕੈਦੀ ਛੱਡ ਦਿੱਤੇ ਜਾਣ। ਇਸ ਮਗਰੋਂ ਸ਼ਹਿਰਾਂ ਦਾ ਇੰਤਜ਼ਾਮ ਆਪਣੇ ਚੁਣੇ ਹੋਏ ਯੋਗ ਬੰਦਿਆਂ ਨੂੰ ਸੌਂਪ ਕੇ ਤਮਾਮ ਇਨਕਲਾਬੀਆਂ ਦੇ ਦਲ ਪੰਜਾਬ ਵਿੱਚ ਜਾ ਇਕੱਤਰ ਹੋਣ।

ਗ਼ਦਰ ਵਾਸਤੇ ਸਮੁੱਚੇ ਸਥਿਤੀ ਨੂੰ ਢੁੱਕਵੀਂ ਜਾਣਦਿਆਂ ਸਾਰੀ ਵਿਉਂਤ ਕਰਨ ਮਗਰੋਂ, 12 ਫਰਵਰੀ 1915 ਈਸਵੀ ਨੂੰ ਗ਼ਦਰ ਦੀ ਤਾਰੀਖ ਨਿਯਮਿਤ ਕਰ ਦਿੱਤੀ ਗਈ 21 ਫਰਵਰੀ ਲਈ ਸਾਰੀ ਤਿਆਰੀ ਹੋ ਚੁੱਕੀ ਸੀ, ਪਰ ਐਨ ਵੇਲੇ ਤੇ 'ਘਰ ਦਾ ਭੇਤੀ ਲੰਕਾ ਢਾਇ 'ਵਾਲੀ ਸਥਿਤੀ ਆ ਬਣੀ। ਪਾਰਟੀ ਦੀ ਕੇਂਦਰੀ ਕਮੇਟੀ ਦੇ ਇੱਕ ਦੇਸ਼ ਧ੍ਰੋਹੀ ਮੈਂਬਰ ਕਿਰਪਾਲ ਸਿੰਘ ਪਿੰਡ ਬਰਾੜ ਜ਼ਲ੍ਹਿਾ ਅੰਮ੍ਰਿਤਸਰ ਨੇ, ਗ਼ਦਰ ਦੀ ਤਾਰੀਖ ਪੁਲਿਸ ਨੂੰ ਸੂਚਿਤ ਕਰ ਕੇ ਇਤਿਹਾਸ ਦੇ ਪੰਨਿਆਂ ਤੇ ਆਪਣਾ ਨਾਂ ਸਦਾ ਲਈ ਕਲੰਕਿਤ ਕਰ ਲਿਆ।ਮੁਖ਼ਬਰ ਰਾਹੀਂ ਗ਼ਦਰ ਦੀ ਖ਼ਬਰ ਸਰਕਾਰ ਤੱਕ ਪਹੁੰਚਾਉਣ ਦੀ ਜਾਣਕਾਰੀ ਛੇਤੀ ਹੀ ਗ਼ਦਰ ਪਾਰਟੀ ਨੂੰ ਮਿਲ ਗਈ। ਅਜਿਹੀ ਹਾਲਤ ਵਿੱਚ 16 ਫਰਵਰੀ ਨੂੰ ਪਾਰਟੀ ਨੇ ਨਵਾਂ ਫੈਸਲਾ ਲੈ ਲਿਆ ਤੇ ਗ਼ਦਰ ਦੀ ਤਾਰੀਖ 21 ਦੀ ਬਜਾਏ 19 ਫਰਵਰੀ ਕਰ ਦਿੱਤੀ ਗਈ, ਪਰ ਬਦਕਿਸਮਤੀ ਨਾਲ ਕਿਰਪਾਲ ਸਿੰਘ ਨੂੰ ਬਦਲੀ ਤਾਰੀਖ ਦਾ ਵੀ ਇਲਮ ਹੋ ਗਿਆ ਤੇ ਉਸ ਨੇ ਇਸ ਬਾਰੇ ਵੀ ਅੰਗਰੇਜ਼ ਸਰਕਾਰ ਨੂੰ ਸੂਚਿਤ ਕਰ ਦਿੱਤਾ। ਬੇਸ਼ੱਕ ਗ਼ਦਰ ਆਗੂਆਂ ਨੂੰ ਕਿਰਪਾਲ ਸਿੰਘ ਦੀ ਮੰਦੀ ਨੀਅਤ 'ਤੇ ਸ਼ੱਕ ਹੋ ਗਿਆ ਸੀ ਤੇ ਉਸ ਤੇ ਨਿਗਰਾਨੀ ਵੀ ਰੱਖੀ ਜਾ ਰਹੀ ਸੀ, ਪਰ ਤਦ ਵੀ ਉਹ ਆਪਣੇ ਘਟੀਆ ਮਨਸੂਬਿਆਂ 'ਚ ਸਫਲ ਹੋ ਗਿਆ। ਉਸ ਤੋਂ ਮਿਲੀ ਇਤਲਾਹ ਮੁਤਾਬਿਕ ਹਕੂਮਤ ਪੂਰੀ ਤਰ੍ਹਾਂ ਚੌਕੰਨੀ ਹੋ ਗਈ। ਛਾਉਣੀਆਂ ਦੀ ਨਿਗਰਾਨੀ ਸਖਤ ਕਰ ਦਿੱਤੀ ਗਈ ਜਿਨ੍ਹਾਂ ਥਾਵਾਂ ਤੋਂ ਬਗ਼ਾਵਤ ਦਾ ਸ਼ੱਕ ਸੀ, ਉੱਥੋਂ ਸ਼ੱਕੀ ਫੌਜੀਆਂ ਨੂੰ ਬਦਲ ਦਿੱਤਾ ਗਿਆ। ਪੁਲਿਸ ਨੇ ਪੂਰੀ ਤਿਆਰੀ ਨਾਲ 19 ਫਰਵਰੀ ਸ਼ਾਮ ਸਾਢੇ ਚਾਰ ਵਜੇ ਲਾਹੌਰ ਵਿਚਲੇ ਗ਼ਦਰੀਆਂ ਦੇ ਮੁੱਖ ਟਿਕਾਣੇ ਮੋਚੀ ਦਰਵਾਜ਼ੇ ਵਾਲੇ ਮਕਾਨ 'ਤੇ ਛਾਪਾ ਮਾਰਿਆ ਤੇ ਸੱਤ ਪ੍ਰਮੁੱਖ ਇਨਕਲਾਬੀਆਂ ਨੂੰ ਗ੍ਰਿਫਤਾਰ ਕਰ ਲ਼ਿਆ। ਛਾਪੇ ਦੌਰਾਨ ਪੁਲਿਸ ਨੂੰ ਅਜਿਹੇ ਖੁਫੀਆ ਪੱਤਰ ਵੀ ਮਿਲ ਗਏ ਜਿਨ੍ਹਾਂ 'ਚ ਗ਼ਦਰ ਦੀ ਵਿਉਂਤ ਬਾਰੇ ਡੂੰਘੀ ਵਾਕਫੀਅਤ ਸੀ। ਕਰੀਬ ਸਾਢੇ ਛੇ ਵਜੇ ਫਰੰਗੀ ਸਰਕਾਰ ਨੇ ਪ੍ਰਾਪਤ ਦਸਤਾਵੇਜ਼ਾਂ ਦੇ ਆਧਾਰ 'ਤੇ ਤਾਰਾਂ ਰਾਹੀਂ ਸਾਰੀਆਂ ਛਾਉਣੀਆਂ ਨੂੰ ਚੌਕਸ ਕਰ ਦਿੱਤਾ।

ਇਸ ਤਰ੍ਹਾਂ ਆਜ਼ਾਦੀ ਲਈ ਹੋਣ ਵਾਲੀ ਵੱਡੀ ਬਗਾਵਤ ਨੂੰ ਫਿਰੰਗੀ ਨੇ ਸਿਰੇ ਨਾ ਚੜ੍ਹਨ ਦਿੱਤਾ ਅਤੇ ਗ਼ਦਰ ਨੂੰ ਨਾਕਾਮਯਾਬ ਬਣਾ ਦਿੱਤਾ।ਵਿਦਰੋਹ ਵਾਸਤੇ ਕੇਂਦਰ ਲਾਹੌਰ ਦੀ ਛਾਉਣੀ ਮੀਆਂ ਮੀਰ ਦੇ ਅਸਲੇ ਨੰਬਰ ਦੋ ਦੇ ਸਿਪਾਹੀਆਂ ਨੂੰ, ਗਦਰ ਚ ਸ਼ਮੂਲੀਅਤ ਲਈ ਸ਼ੱਕ ਦੇ ਆਧਾਰ ਤੇ ਲਾਈਨ ਹਾਜ਼ਰ ਕਰ ਦਿੱਤਾ ਗਿਆ।.ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਫੈਲਾਉਣ ਲਈ ਜ਼ਿੰਮੇਵਾਰ ਆਗੂਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਭਾਈ ਕਰਤਾਰ ਸਿੰਘ ਸਰਾਭਾ ਦੁਆਰਾ ਸੰਪਰਕ ਕਰਨ ਤੋਂ ਪਹਿਲਾਂ ਹੀ ਸਾਜਿਸ਼ 'ਚ ਸ਼ਾਮਿਲ ਫੌਜੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਤੇ ਗ਼ਦਰੀ ਮੁੱਲਾ ਸਿੰਘ ਮੀਰਾਕੋਟ ਨੂੰ ਕੈਦੀ ਬਣਾ ਲਿਆ ਗਿਆ, ਜੋ ਪੁਲਿਸ ਦਾ ਜ਼ੁਲਮ ਸਹਿਣ ਨਾ ਕਰਦੇ ਹੋਏ ਮਗਰੋਂ ਵਾਅਦਾ ਮੁਆਫ਼ ਗਵਾਹ ਬਣ ਗਿਆ। ਮੁੱਲਾ ਸਿੰਘ ਵਾਂਗ ਹੀ ਪਾਰਟੀ ਕਾਰਕੁੰਨ ਅਮਰ ਸਿੰਘ ਵੀ ਸਰਕਾਰੀ ਕੁੱਟਮਾਰ ਅੱਗੇ ਝੁਕ ਗਿਆ ਤੇ ਇਨ੍ਹਾਂ ਨੇ ਆਪਣੇ ਸਰਗਰਮ ਸਾਥੀਆਂ ਦੇ ਟਿਕਾਣਿਆਂ ਦੇ ਭੇਦ ਖੋਲ੍ਹ ਦਿੱਤੇ । ਪੁਲਿਸ ਨੇ ਪਿੰਡਾਂ ਸ਼ਹਿਰਾਂ ਵਿੱਚ ਬਹੁਤ ਛਾਪੇ ਮਾਰੇ ਤੇ ਤਕਰੀਬਨ ਸਾਰੇ ਗ਼ਦਰੀ ਆਗੂਆਂ ਫੜ ਲਏ।

ਦੂਜੇ ਪਾਸੇ ਕਈ ਵਰ੍ਹੇ ਕੈਨੇਡਾ 'ਚ ਗ਼ਦਰੀਆਂ ਖ਼ਿਲਾਫ਼ ਰਹੇ ਮੁਖ਼ਬਰ ਕਿਰਪਾਲ ਦੁਆਰਾ ਹਕੂਮਤ ਨੂੰ ਗ਼ਦਰ ਦੀ ਸੂਹ ਦੇਣ ਤੇ ਕੌਮ ਨਾਲ ਗੱਦਾਰੀ ਕਰਨ ਦੇ ਇਨਾਮ ਵਜੋਂ ਤੀਹ ਹਜ਼ਾਰ ਰੁਪਏ ਨਕਦ ਤੇ ਪੰਜ ਮੁਰੱਬੇ ਜ਼ਮੀਨ ਮਿਲੀ, ਪਰ ਉਸ ਦੇ ਗੁਨਾਹਾਂ ਤੇ ਪਾਪਾਂ ਦੀ ਸਜ਼ਾ ਸਮਾਂ ਪਾ ਕੇ ਦੇਸ਼ ਭਗਤਾਂ ਨੇ 1932 ਵਿੱਚ ਉਸ ਨੂੰ ਮੌਤ ਦੇ ਘਾਟ ਉਤਾਰ ਦੇ ਕੇ ਦਿੱਤਾ। ਫਰੰਗੀ ਮੁਖਬਰਾਂ ਦੀ ਸੂਚੀ ਇੱਕ ਹੋਰ ਨਾਂ ਨਵਾਬ ਖਾਂ ਹਲਵਾਰਾ ਜ਼ਿਲਾ ਲੁਧਿਆਣਾ ਵੀ ਜ਼ਿਕਰਯੋਗ ਹੈ। ਇਹ ਇਹ ਔਰੇਗਨ ਸਟੇਟ ਦੇ ਸ਼ਹਿਰ ਆਸਟੇਰੀਆ 'ਚ ਗ਼ਦਰੀ ਸਰਗਰਮੀਆਂ 'ਚ ਆਗੂ ਰਿਹਾ ਅਤੇ ਇਸ ਬਾਰੇ ਕਿਸੇ ਨੂੰ ਸਰਕਾਰੀ ਸੂਹੀਆ ਹੋਣ ਦਾ ਜ਼ਰਾ ਵੀ ਖਿਆਲ ਨਹੀਂ ਸੀ। ਨਵਾਬ ਖਾਨ ਬਹੁਤੇ ਗ਼ਦਰੀਆਂ ਦੇ ਰਿਸ਼ਤੇਦਾਰਾਂ ਆਦਿ ਬਾਰੇ ਭਲੀ-ਭਾਂਤ ਜਾਣਕਾਰੀ ਜਾਣਦਾ ਸੀ ਤੇ ਇਸ ਦੀਆਂ ਰਿਪੋਰਟਾਂ 'ਤੇ ਬਹੁਤ ਸਾਰੇ ਇਨਕਲਾਬੀ ਗ੍ਰਿਫ਼ਤਾਰ ਹੋਏ । ਮਗਰੋਂ ਨਵਾਬ ਖਾਨ ਲਾਹੌਰ ਕੇਸ ਅਤੇ ਫਿਰ ਅਮਰੀਕਾ ਸਾਜ਼ਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਿਆ।

ਅਸਲ ਵਿੱਚ ਗਦਰ ਦੇ ਮਨੋਰਥ 'ਤੇ ਉਦੋਂ ਹੀ ਪਾਣੀ ਫਿਰ ਗਿਆ, ਜਦ ਇਸ ਤੋਂ ਪਹਿਲਾਂ ਹੀ ਇਤਲਾਹ ਅੰਗਰੇਜ਼ ਸਰਕਾਰ ਨੂੰ ਮੁਖ਼ਬਰਾਂ ਪਾਸੋਂ ਮਿਲ ਗਈ। ਮਾਈਕਲ ਉਡਵਾਇਰ ਆਪਣੇ ਸ਼ਬਦਾਂ ਵਿੱਚ ਲਿਖਦਾ ਹੈ, "19 ਫਰਵਰੀ ਦੇ ਛਾਪੇ ਨੇ ਉਸ ਰਾਤ ਗਦਰ ਕਰਾਉਣ ਦੀ ਵਿਉਂਤ ਨੂੰ ਅਸਫ਼ਲ ਬਣਾ ਦਿੱਤਾ। ਅਸੀਂ ਖੁਫੀਆ ਭਾਸ਼ਾ ਵਿੱਚ ਸਿਆਲਕੋਟ ਫ਼ਿਰੋਜ਼ਪੁਰ ਅਤੇ ਰਾਵਲਪਿੰਡੀ ਆਦਿ ਵੱਖ-ਵੱਖ ਛਾਉਣੀਆਂ ਵਿੱਚ ਤਾਰਾਂ ਭੇਜ ਦਿੱਤੀਆਂ ਅਤੇ ਸੈਨਿਕ ਅਫ਼ਸਰਾਂ ਨੇ ਲਾਜ਼ਮੀ ਤੇ ਕਈ ਜਗਾ ਜ਼ਰੂਰਤ ਨਾਲੋਂ ਵਧੇਰੇ ਪੇਸ਼ਾਵਰ ਲਈਆਂ ਰਿਪੋਰਟਾਂ ਦੇ ਅਧਾਰ 'ਤੇ ਪੰਜਾਬ ਭਰ ਵਿੱਚ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਵੱਡੇ ਪੱਧਰ ਤੇ ਹੋ ਰਹੀਆਂ ਸਨ।" ਗ਼ਦਰ ਦੀਆਂ ਕੋਸ਼ਿਸ਼ਾਂ ਨੂੰ ਸਰਕਾਰ ਨੇ ਅਸਫਲ ਬਣਾ ਦਿੱਤਾ ਸੀ । ਅਜਿਹੀ ਸਥਿਤੀ ਵਿੱਚ ਗ਼ਦਰ ਲਹਿਰ ਦੇ ਕਈ ਆਗੂਆਂ ਨੇ ਵਿਚਾਰ ਕੀਤੀ ਕਿ ਆਪਣੇ ਆਪ ਨੂੰ ਸਰਕਾਰੀ ਪੰਜਿਆਂ ਦੀ ਪਕੜ ਤੋਂ ਬਚਾਇਆ ਜਾਵੇ ਤੇ ਸਮਾਂ ਪਾ ਕੇ ਫਿਰ ਤੋਂ ਦੇਸ਼-ਭਗਤਾਂ ਨੂੰ ਸੰਗਠਿਤ ਕੀਤਾ ਜਾਵੇ।

ਨੌਜਵਾਨ ਕਰਤਾਰ ਸਿੰਘ ਸਰਾਭਾ ਤੇ ਭਾਈ ਹਰਨਾਮ ਸਿੰਘ ਟੁੰਡੀਲਾਟ ਨੇ ਬੰਗਾਲ ਤੋਂ ਪੰਜਾਬੀ ਗ਼ਦਰੀਆਂ ਦੀ ਅਗਵਾਈ ਲਈ ਮੰਗਵਾਏ ਰਾਸ ਬਿਹਾਰੀ ਬੋਸ ਨੂੰ ਪੁਲਿਸ ਹੱਥੋਂ ਬਚਾਉਣ ਲਈ ਲਾਹੌਰ ਸਟੇਸ਼ਨ ਤੇ ਪਹੁੰਚ-ਾਇਆ, ਜਿੱਥੋਂ ਬੋਸ ਬਨਾਰਸ ਚੱਲਿਆ ਗਿਆ। ਮਗਰੋਂ ਉਹ ਫਰੰਗੀ ਤੋਂ ਬਚਾਉਂਦੇ ਬਚਾਉਂਦੇ ਜਾਪਾਨ ਪਹੁੰਚ ਗਿਆ, ਜਿੱਥੇ ਕੁੱਝ ਸਮਾਂ ਬਾਅਦ ਬੋਸ ਦੀ ਮੌਤ ਹੋ ਗਈ। ਏਧਰ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਲਾਇਲਪੁਰ ਚਲੇ ਗਏ ਤੇ ਉੱਥੋਂ ਪਠਾਣਾਂ ਦਾ ਭੇਸ ਬਦਲ ਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿੱਚ ਪਹੁੰਚ ਗਏ। ਇੱਥੇ ਉਹ ਪੂਰੀ ਤਰ੍ਹਾਂ ਸੁਰੱਖਿਅਤ ਸਨ, ਪਰ ਇਕ ਸਮੇਂ ਉਨ੍ਹਾਂ ਵਲੋਂ ਗ਼ਦਰ ਦੀ ਗੂੰਜ ਵਿੱਚ ਛਪੀ ਇਨਕਲਾਬੀ ਨਜ਼ਮ 'ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ!' ਖਿਆਲ ਵਿਚ ਆਈ, ਤਾਂ ਮਨ ਅੰਦਰ ਆਪਣੀਆਂ ਜਾਨਾਂ ਬਚਾ ਕੇ, ਛੁਪਣ 'ਤੇ ਡੂੰਘਾ ਅਫਸੋਸ ਹੋਇਆ। ਨਾਲ ਹੀ ਇਹ ਖ਼ਿਆਲ ਆਇਆ ਕਿ ਜੇਕਰ ਜਾਨ ਹੀ ਬਚਾਉਣੀ ਸੀ, ਤਾਂ ਅਮਰੀਕਾ ਤੋਂ ਸ਼ਹੀਦੀਆਂ ਦੇ ਵਾਅਦੇ ਕਰਕੇ ਆਉਣ ਦੀ ਕੀ ਲੋੜ ਸੀ । ਅਜਿਹੀ ਮਨ-ਅੰਤਰ ਦੀ ਪੀੜਾ ਨੂੰ ਪਛਾਣਦਿਆਂ ਇਹ ਮਰਜੀਵੜੇ ਮੁੜ ਮੌਤ ਦੇ ਮੂੰਹ ਵਿੱਚ ਪਰਤਣ ਲਈ ਤਿਆਰ ਹੋਏ । ਪੇਸ਼ਾਵਰ ਤੋਂ ਪੰਜਾਬ ਵੱਲ ਚੱਲ ਪਏ 3 ਸੂਰਮੇ 22 ਵੇਂ ਰਸਾਲੇ ਦੇ ਘੋੜਿਆਂ ਦੇ ਫਾਰਮ ਕੋਲ ਚੱਕ ਨੰਬਰ ਪੰਜ, ਸਰਗੋਧਾ ਪਹੁੰਚੇ, ਜਿੱਥੋਂ ਉਨ੍ਹਾਂ ਹਥਿਆਰ ਲੈ ਕੇ ਆਪਣੇ ਬੰਦੀ ਸਾਥੀਆਂ ਨੂੰ ਛੁਡਾਉਣ ਦੀ ਯੋਜਨਾ ਬਣਾਈ, ਪਰ ਉਨ੍ਹਾਂ ਦੀ ਇਹ ਵਿਉਂਤ ਸਿਰੇ ਨਾ ਚੜ੍ਹੀ। ਇੱਕ ਹੋਰ ਗਦਾਰ ਗੰਡਾ ਸਿੰਘ ਰਸਾਲਦਾਰ ਨੇ 2 ਮਾਰਚ 1915 ਈਸਵੀ ਨੂੰ ਤਿੰਨੇ ਸੂਰਮਿਆਂ ਨੂੰ ਪੁਲਿਸ ਪਾਸ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਇੱਥੇ ਵਿਸ਼ੇਸ਼ ਮਹੱਤਵ ਵਾਲੀ ਗੱਲ ਇਹ ਹੈ ਕਿ ਅੰਗਰੇਜ਼ ਪੁਲਿਸ ਦੇ ਖ਼ੂਨੀ ਸ਼ਿਕੰਜੇ 'ਚ ਜਕੜੇ ਜਾਣ 'ਤੇ ਵੀ ਇਨ੍ਹਾਂ ਸੂਰਵੀਰਾਂ ਦੇ ਚਿਹਰੇ ਚੜ੍ਹਦੀ ਕਲਾ ਵਿੱਚ ਸਨ ਤੇ ਸ਼ਹੀਦ ਸਰਾਭਾ ਤਾਂ ਅਕਸਰ ਇਹ ਕਵਿਤਾ ਪੜ੍ਹਿਆ ਕਰਦਾ ਸੀ:

ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ ।
ਜਿੰਨਾ ਦੇਸ ਸੇਵਾ ਵਿੱਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ। "

ਗ਼ਦਰ ਲਹਿਰ ਦੇ ਆਗੂਆਂ ਨੇ ਵਿਦਰੋਹ ਦੇ ਸਫਲ ਨਾ ਹੋਣ ਦੇ ਬਾਵਜੂਦ ਹੌਸਲਾ ਨਾ ਛੱਡਿਆ ਤੇ ਕਿਤੇ ਨਾ ਕਿਤੇ ਕੋਈ ਅਜਿਹੀ ਇਨਕਲਾਬੀ ਸਰਗਰਮੀ ਕਰਦੇ ਰਹੇ, ਜੋ ਗ਼ਦਰ ਪਾਰਟੀ ਦੇ ਉਸ ਮਨੋਰਥ ਨੂੰ ਚੇਤੇ ਕਰਵਾਉਂਦੀ ਸੀ ਕਿ ਜਦ ਤੱਕ ਇੱਕ ਵੀ ਗ਼ਦਰੀ ਸਿਪਾਹੀ ਬਾਕੀ ਹੈ, ਉਦੋਂ ਤੱਕ ਕੌਮੀ ਆਨ ਬਾਨ ਤੇ ਸ਼ਾਨ ਲਈ ਕੁਰਬਾਨ ਹੋਣ ਤੋਂ ਨਹੀਂ ਝਿਜਕਾਂਗੇ। ਗ਼ਦਰੀਆਂ ਨੇ 11 ਜੂਨ ਦੀ ਰਾਤ ਨੂੰ 42 ਨੰਬਰ ਪਲਟਣ ਦੀ ਗਾਰਦ ਉੱਤੇ ਅੰਮ੍ਰਿਤਸਰ 'ਚ ਪੈਂਦੇ ਪਿੰਡ ਬੱਲਾਂ ਲਾਗਲੇ ਨਹਿਰ ਦੇ ਪੁੱਲ 'ਤੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਪਲਟਣ ਦੇ ਦੋ ਸਿਪਾਹੀ ਦੇ ਦੋ ਹੋਰ ਬੰਦੇ ਮਾਰੇ ਗਏ। ਗ਼ਦਰੀ ਹਥਿਆਰ ਤੇ ਗੋਲੀ ਸਿੱਕਾ ਖੋਹ ਕੇ ਲੈ ਗਏ। ਬਗਾਵਤ ਦੌਰਾਨ ਇੱਕ ਹੋਰ ਘਟਨਾ ਰਿਆਸਤ ਮੰਡੀ ਵਿੱਚ ਹੋਈ। ਦਰਅਸਲ ਮੰਡੀ ਦੀ ਰਾਣੀ ਵੀ ਅੰਗਰੇਜ਼ ਹਕੂਮਤ ਦੀਆਂ ਵਧੀਕੀਆਂ ਤੋਂ ਪ੍ਰੇਸ਼ਾਨ ਸੀ ਉਸ ਦੇ ਭਰਾ ਮੀਆਂ ਜਵਾਹਰ ਸਿੰਘ ਦੀ ਮੁਲਾਕਾਤ ਗ਼ਦਰੀ ਨਿਧਾਨ ਸਿੰਘ ਚੁੱਘਾ ਨਾਲ ਹੋਈ। ਮਾਰਚ 1915 ਈਸਵੀ ਵਿੱਚ ਇਹ ਵਿਉਂਤ ਬਣਾਈ ਗਈ ਕਿ ਪੰਜਾਬ ਦੇ ਗਦਰੀ ਯੋਧੇ ਮੰਡੀ ਦੇ ਕਿਲ੍ਹਾ 'ਤੇ ਕਬਜ਼ਾ ਕਰ ਲੈਣ, ਇਸ ਕੰਮ ਚ ਉਨ੍ਹਾਂ ਦਾ ਪੂਰਾ ਸਾਥ ਦੇਣਗੇ ਤੇ ਹਥਿਆਰਾਂ ਸਣੇ ਕਿਲੇ 'ਤੇ ਹਮਲੇ ਕਰ ਦਿੱਤਾ ਜਾਵੇਗਾ। ਮਗਰੋਂ ਮੰਡੀ ਦੇ ਅੰਗਰੇਜ਼ ਰੈਜ਼ੀਡੈਂਟ ਦੇ ਵਜ਼ੀਰ ਨੂੰ ਮਾਰ ਦਿੱਤਾ ਜਾਵੇਗਾ। ਇਸ ਯੋਜਨਾ ਦੀ ਪੂਰਤੀ ਵਾਸਤੇ ਗ਼ਦਰੀ ਇਕੱਠੇ ਕਰਨ ਲਈ ਪੰਜਾਬ ਆ ਰਹੇ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਲੁਧਿਆਣਾ ਦੇ ਪਿੰਡ ਕਮਾਲਪੁਰਾ ਕੋਲੋਂ ਫੜ ਲਿਆ ਗਿਆ। ਦੂਜੇ ਪਾਸੇ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਮੀਆਂ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰ ਲ਼ਿਆ ਗਿਆ। ਰਾਣੀ ਨੂੰ ਕਿਲੇ 'ਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਗ਼ਦਰ 1915 ਦੇ ਇਤਿਹਾਸ ਵਿੱਚ ਇਹ ਮੁਕੱਦਮਾ 'ਮੰਡੀ ਸਾਜ਼ਿਸ਼ ਕੇਸ' ਦੇ ਨਾਂ ਵਜੋਂ ਪ੍ਰਸਿੱਧ ਹੈ।

ਗ਼ਦਰ ਲਹਿਰ ਦੇ ਇਨਕਲਾਬੀਆਂ ਨੂੰ ਵੱਡੀ ਗਿਣਤੀ ਵਿੱਚ ਫੜੇ ਜਾਣ ਮਗਰੋਂ ਹਿੰਦ ਰੱਖਿਆ ਕਾਨੂੰਨ (ਡਿਫੈਂਸ ਆਫ਼ ਇੰਡੀਆ ਐਕਟ ) ਦੀਆਂ ਧਾਰਾਵਾਂ ਅਨੁਸਾਰ ਬਹੁਤ ਸਾਰੇ ਮੁਕੱਦਮੇ ਚਲਾਏ ਗਏ। ਇਨ੍ਹਾਂ ਕੇਸਾਂ ਦਾ ਮੂਲ ਮੰਤਵ ਇਨਕਲਾਬੀਆਂ ਨੂੰ ਆਜ਼ਾਦੀ ਸੰਗਰਾਮੀਆਂ ਸਾਬਤ ਕਰ ਕੇ ਸਜ਼ਾਵਾਂ ਦੇਣ ਦਾ ਨਹੀਂ, ਬਲਕਿ ਲੁਟੇਰੇ ਤੇ ਕਾਤਲ ਦਰਸਾ ਕੇ ਫਾਂਸੀਆਂ ਦੇਣ ਦਾ ਸੀ। ਇਸ ਦੌਰਾਨ ਕਚਹਿਰੀ ਵਿੱਚ ਮੁਜਰਿਮਾਂ ਪਾਸੋਂ ਕੋਈ ਅਪੀਲ ਦੀ ਸੰਭਾਵਨਾਵਾਂ ਨਹੀਂ ਸੀ, ਕੇਵਲ ਸਰਕਾਰ ਅੱਗੇ ਹੀ ਰਹਿਮ ਦੀ ਅਪੀਲ ਹੋ ਸਕਦੀ ਸੀ। ਗ਼ਦਰ ਦੇ ਗ਼ਦਰ ਲਹਿਰ ਦੇ ਆਗੂਆਂ 'ਤੇ ਦਾਇਰ ਕੇਸਾਂ ਵਿੱਚ ਸਭ ਤੋਂ ਪਹਿਲਾਂ ਜ਼ਿਕਰ 'ਲਾਹੌਰ ਸਾਜ਼ਿਸ਼ ਕੇਸ' ਦੇ ਪਹਿਲੇ ਮੁਕੱਦਮੇ ਵਜੋਂ ਆਉਂਦਾ ਹੈ। ਇਹ ਮੁਕੱਦਮਾ 26 ਅਪਰੈਲ 1915 ਈਸਵੀ ਨੂੰ ਸੈਂਟਰਲ ਜੇਲ ਲਾਹੌਰ ਚ ਸ਼ੁਰੂ ਹੋਇਆ ਅਤੇ 13 ਸਤੰਬਰ 1915 ਈਸਵੀ ਨੂੰ ਬਾਦਸ਼ਾਹ ਬਨਾਮ ਆਨੰਦ ਕਿਸ਼ੋਰ ਤੇ ਹੋਰਨਾਂ ਦੇ ਨਾਂ ਅਧੀਨ ਅੰਕਿਤ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਇਸ ਮੁਕੱਦਮੇ ਵਿੱਚ ਚੌਹਟ ਮੁਲਜ਼ਮ ਰੱਖੇ ਗਏ ਸਨ, ਜਿਹੜੀ ਗਿਣਤੀ ਉਸੇ ਵੇਲੇ ਪੂਰੇ ਦੇਸ਼ 'ਚ ਹੋਏ ਕਿਸੇ ਵੀ ਕੇਸ 'ਚ ਸ਼ਾਮਲ ਮੁਲਜ਼ਮਾਂ ਤੋਂ ਵੱਧ ਸੀ।

ਇਸ ਕੇਸ ਵਿੱਚ ਸੱਤ ਗ਼ਦਰੀ ਯੋਧਿਆਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਵਿਸ਼ਨੂੰ ਗਣੇਸ਼ ਪਿੰਗਲੇ ਪੂਨਾ, ਸੁਰੈਣ ਸਿੰਘ ਗਿਲਵਾਲੀ ਤੇ ਇੱਕ ਹੋਰ ਯੋਧੇ ਸੁਰੈਣ ਸਿੰਘ ਨੂੰ 16 ਨਵੰਬਰ 1915 ਈਸਵੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਤੋਂ ਇਲਾਵਾ ਚਾਲੀ ਹੋਰਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਹੋਰ ਲੰਮੀਆਂ ਸਜ਼ਾਵਾਂ ਹੋਈਆਂ ਇਨ੍ਹਾਂ ਯੋਧਿਆਂ ਬਾਬਾ ਸੋਹਣ ਸਿੰਘ ਭਕਨਾ , ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਜੁਆਲਾ ਸਿੰਘ , ਬਾਬਾ ਵਿਸਾਖਾ ਸਿੰਘ, ਪੰਡਿਤ ਜਗਤ ਰਾਮ ਤੇ ਪਰਮਾਨੰਦ ਜੀ ਸ਼ਾਮਲ ਸਨ।"ਵਤਨ ਵਾਸੀਉ ਰੱਖਣਾ ਯਾਦ ਸਾਨੂੰ" ਸ਼ਹੀਦ ਸਰਾਭੇ ਦੀ ਮਸ਼ਹੂਰ ਕਵਿਤਾ ਹੈ, (ਗਦਰੀਆਂ ਦੀ ਸਾਂਝੀ ਕਵਿਤਾ) ਜੋ ਪਾਠ ਪੁਸਤਕਾਂ 'ਚ ਵੀ ਪੜ੍ਹਾਈ ਜਾਂਦੀ ਹੈ, ਬੜੀ ਕਮਾਲ ਦੀ ਰਚਨਾ ਹੈ, ਜੋ ਇਨ੍ਹਾਂ ਗ਼ਦਰੀ ਯੋਧਿਆਂ ਨੇ ਫਾਂਸੀ ਦੇ ਰੱਸੇ ਚੁੰਮਣ ਤੋਂ ਕੁਝ ਦਿਨ ਪਹਿਲਾਂ ਸਾਂਝੇ ਤੌਰ 'ਤੇ ਤਿਆਰ ਕੀਤੀ ਸੀ ਅਤੇ ਮਿਲ ਕੇ ਗਾਇਨ ਕਰਦੇ ਸਨ। ਇਸ ਦੇ ਕੁਝ ਬੰਦ ਕੱਟ ਦਿੱਤੇ ਗਏ ਸਨ, ਪਰ ਕਿਰਤੀ ਅਖ਼ਬਾਰ ਦੇ 'ਅਗਸਤ- ਸਤੰਬਰ 1926 ਦੇ ਅੰਕ ਵਿੱਚ ਅਤੇ 'ਭਾਈ ਮੋਹਨ ਸਿੰਘ ਵੈਦ' ਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪਏ "ਕਿਰਤੀ" ਦੇ ਅੰਕ ਸਿੱਖ ਚਿੰਤਕ ਰਾਜਵਿੰਦਰ ਸਿੰਘ ਰਾਹੀ ਦੀ ਮਦਦ ਨਾਲ, ਸਿੱਖ ਚਿੰਤਕ ਅਜਮੇਰ ਸਿੰਘ ਨੇ ਹਾਸਲ ਕਰਕੇ ਆਪਣੀ ਕਿਤਾਬ "ਤੂਫ਼ਾਨਾਂ ਦਾ ਸ਼ਾਹ-ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ" ਵਿੱਚ ਪੰਨਾ 340 'ਤੇ ਸ਼ਾਮਿਲ ਕੀਤੇ ਹਨ, ਜੋ ਕਿ ਮਨ ਨੂੰ ਹਲੂਣਾ ਦੇਣ ਵਾਲੇ ਹਨ। ਇਨ੍ਹਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਬਾਕੀ ਸਾਰੇ ਯੋਧੇ ਸਿੱਖੀ ਦੀ ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹਾਦਤਾਂ ਤੋਂ ਸੇਧ ਲੈਂਦੇ ਪ੍ਰਤੀਤ ਹੁੰਦੇ ਹਨ:

"ਸਦਾ ਜੀਵਣਾ ਨਹੀਂ ਜਹਾਨ ਅੰਦਰ
ਖਿਲੀ ਰਹੇਗੀ ਸਦਾ ਗੁਲਜ਼ਾਰ ਨਾਹੀ
ਸਦਾ ਕੂੜ ਦੀ ਰਹੇ ਨਾਂ ਜ਼ਾਰਸ਼ਾਹੀ
ਸਦਾ ਜਾਬਰਾ ਹੱਥ ਤਲਵਾਰ ਨਾਹੀ
ਰੰਗ ਬਦਲਦੀ ਰਹੇਗੀ ਸਦਾ ਕੁਦਰਤ
ਬਣਦਾ ਵਖਤ ਕਿਸੇ ਦਾ ਯਾਰ ਨਾਹੀ
ਹੋਸੀ ਧਰਮ ਦੀ ਜਿੱਤ ਅਖੀਰ ਬੰਦੇ
ਬੇੜੀ ਪਾਪ ਦੀ ਲੱਗਣੀ ਪਾਰ ਨਾਹੀ
ਸਾਡੇ ਵੀਰਨੋ ਤੁਸਾਂ ਨੇ ਖੁਸ਼ ਰਹਿਣਾ
ਅਸੀ ਆਪਣੀ ਆਪ ਨਿਭਾ ਦਿਆਂਗੇ
ਦੁੱਖ ਝੱਲਾਂਗੇ ਹੱਸਕੇ ਵਾਂਗ ਮਰਦਾਂ
ਨਾਲ ਖ਼ੁਸ਼ੀ ਦੇ ਸੀਸ ਲਹਾ ਦਿਆਂਗੇ
ਖ਼ਾਤਰ ਧਰਮ ਦੀ ਜਿੰਦ ਕੁਰਬਾਨ ਕਰਕੇ
ਜੜ੍ਹ ਜ਼ੁਲਮ ਦੀ ਪੁੱਟ ਦਿਖਾ ਦਿਆਂਗੇ
ਥੋੜੇ ਦਿਨਾਂ ਤਾਂਈ ਬੇੜਾ ਪਾਰ ਹੋਸੀ
ਸਰੋਂ ਹੱਥ ਤੇ ਅਸੀ ਜਮਾਂ ਦਿਆਂਗੇ
ਸਾਡੇ ਵੀਰਨੋ ਤੁਸਾਂ ਨਾ ਫਿਕਰ ਕਰਨਾ
ਵਿਦਾ ਬਖ਼ਸ਼ਣੀ ਖ਼ੁਸ਼ੀ ਦੇ ਨਾਲ ਸਾਨੂੰ
ਫਾਂਸੀ ਤੋਪ ਬੰਦੂਕ ਤੇ ਤੀਰ ਬਰਸ਼ੀ
ਕੱਟ ਸਕਦੀ ਨਹੀਂ ਤਲਵਾਰ ਸਾਨੂੰ
ਸਾਡੀ ਆਤਮਾ ਸਦਾ ਅਡੋਲ ਵੀਰੋ
ਕਰੂ ਕੀ ਤੁਫੰਗ ਦਾ ਵਾਰ ਸਾਨੂੰ
ਖ਼ਾਤਰ ਧਰਮ ਦੀ ਪਿਤਾ ਨੇ ਪੁੱਤ ਵਾਰੇ
ਦਿਸੇ ਚਮਕਦੀ ਨੇਕ ਮਿਸਾਲ ਸਾਨੂੰ"

ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ ਤੇ ਅੱਜ ਇਹ ਵਿਚਾਰਨਾ ਬਣਦਾ ਹੈ ਕਿ ਜਿਸ ਉਦੇਸ਼ ਲਈ ਇਨ੍ਹਾਂ ਸ਼ਹੀਦੀ ਦਿੱਤੀ, ਉਹ ਉਦੇਸ਼ ਪੂਰਾ ਹੋਇਆ? ਅੱਜ ਭਾਰਤ ਵਿੱਚ ਫਾਸ਼ੀਵਾਦ ਦਾ ਬੋਲਬਾਲਾ ਨਹੀਂ ? ਕੀ ਸ਼ਹੀਦਾ ਦੇ ਸੁਪਨੇ ਸਾਕਾਰ ਹੋਏ ਹਨ? ਇਸ ਦਾ ਉੱਤਰ 'ਨਾਂਹ' ਵਿੱਚ ਹੀ ਮਿਲੇਗਾ, ਕਿਉਂਕਿ ਅੱਜ ਵੀ ਫਾਸ਼ੀਵਾਦ ਅਤੇ ਨਾਜ਼ੀਵਾਦ ਜ਼ੋਰਾਂ 'ਤੇ ਹੈ ਅਤੇ ਅਖੌਤੀ ਆਜ਼ਾਦੀ ਦੇ ਬਾਵਜੂਦ ਭਾਰਤ ਅੰਦਰ ਘੱਟ-ਗਿਣਤੀਆਂ 'ਤੇ ਜ਼ੁਲਮ ਦਿਨੋਂ- ਦਿਨ ਵਧ ਰਹੇ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ ਰੂਹ, ਅੱਜ ਦੇ ਅਖੌਤੀ ਲੋਕਤੰਤਰੀ ਆਗੂਆਂ ਨੂੰ ਲਾਅਣਤ ਪਾ ਰਹੀ ਹੈ ਅਤੇ ਉਨ੍ਹਾਂ ਨੂੰ ਕੋਈ ਹੱਕ ਨਹੀਂ ਅਜਿਹੇ ਯੋਧਿਆਂ ਦੇ ਸ਼ਹੀਦੀ ਦਿਨ ਮਨਾਉਣ ਦਾ, ਜਿਨ੍ਹਾਂ ਦੇ ਸਿਧਾਂਤਾਂ ਦੇ ਉਲਟ ਫਾਸ਼ੀਵਾਦੀ ਰਾਜ ਕਰ ਰਹੇ ਹਨ।
ਆਓ! ਇਸ ਮਕਸਦ ਲਈ ਸਾਰੇ ਇਕਮੁੱਠ ਹੋ ਕੇ ਯਤਨ ਕਰੀਏ ਅਤੇ ਇਨ੍ਹਾ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰੀਏ!

# ਪੰਜਾਬਣਾਂ ਦੀ ਹਸਤ ਕਲਾ

-ਜਗਜੀਤ ਕੌਰ ਢਿੱਲਵਾਂ



ਪੰਜਾਬਣਾਂ ਦੀ ਹਸਤ ਕਲਾ ਤੋਂ ਵਾਰੇ ਜਾਣ ਨੂੰ ਦਿਲ ਕਰਦਾ ਹੈ। ਇੰਜ ਲੱਗਦਾ ਹੈ ਜਿਵੇਂ ਉਨ੍ਹਾਂ ਦੇ ਹੱਥਾਂ ਵਿੱਚ ਕੋਈ ਜਾਦੂ ਹੋਵੇ। ਇਹ ਬਹੁਤ ਸੀਮਤ ਅਤੇ ਸਸਤੇ ਸਾਧਨਾਂ ਨਾਲ ਹਰ ਵਸਤ ਨੂੰ ਮੂੰਹੋਂ ਬੁਲਾਉਣ ਦੀ ਕਲਾ ਰੱਖਦੀਆਂ ਹਨ, ਇਹ ਕਲਾ ਭਾਵੇਂ ਸਿਉਣ-ਪਰੋਣ ਦੀ ਹੋਵੇ, ਖਾਣ ਪਕਾਉਣ, ਸੁਝ-ਸਲੀਕੇ ਦੀ, ਸਿਰਜਣ-ਘੜਨ ਦੀ ਜਾਂ ਫਿਰ ਨੱਚਣ-ਗਾਉਣ ਦੀ। ਪੰਜਾਬਣਾਂ ਦੀ ਹਰ ਖੇਤਰ ਵਿੱਚ ਸਰਦਾਰੀ ਹੈ।

ਗੱਲ ਸ਼ੁਰੂ ਕਰਦੇ ਹਾਂ ਪੰਜਾਬਣਾਂ ਦੀ ਸਿਉਣ-ਪਰੋਣ ਦੀ ਕਲਾ ਕੱਢਣ ਕੱਤਣ ਤੋਂ, ਜਿਵੇਂ ਕਸੀਦਾਕਾਰੀ ਹਰ ਪੰਜਾਬ ਦੀ ਜਾਈ ਦਾ ਮੁੱਢਲਾ ਹੁਨਰ ਹਨ। ਬਾਲ-ਵਰੇਸ ਸੰਭਾਲਦੀਆਂ ਧੀਆਂ ਨੂੰ ਕੱਤਣ ਤੁੰਬਣ ਨਾਲ ਜੋੜ ਦਿੱਤਾ ਜਾਂਦਾ ਸੀ। ਜਿੱਥੇ ਉਹ ਹਾਣ ਦੀਆਂ ਮੁਟਿਆਰਾਂ ਸੰਗ ਵਿੰਗੇ-ਟੇਢੇ ਤੋਪੇ ਪਾਉਂਦਿਆਂ-ਪਾਉਂਦਿਆਂ ਸੁੱਘੜ ਰਕਾਨਾਂ ਦਾ ਖਿਤਾਬ ਜਿੱਤ ਲੈਂਦੀਆਂ ਸਨ। ਕਸੀਦਾਕਾਰੀ ਵਿੱਚ ਰੇਸ਼ਮ ਦੇ ਰੰਗ-ਬਿਰੰਗੇ ਅਤੇ ਮਹੀਨ ਧਾਗਿਆਂ ਨਾਲ ਕੀਤੀ ਕਲਾਕਾਰੀ ਪੰਜਾਬਣਾਂ ਦੀ ਕਲਾ ਦਾ ਸਿਖ਼ਰ ਹੈ, ਘਰ ਦੇ ਬੁਣੇ ਚਿੱਟੇ ਖੱਦਰ ਨੂੰ ਸੂਹਾ ਰੰਗ ਕੇ ਪੁੱਠੇ ਪਾਸਿਓਂ ਤੋਪੇ ਭਰਦੀਆਂ ਮੁਟਿਆਰਾਂ ਜਦੋਂ ਕੱਪੜੇ ਨੂੰ ਪਲਟ ਕੇ ਸਿੱਧਾ ਕਰਦੀਆਂ ਤਾਂ ਸੱਚਮੁੱਚ ਉਹ ਕਿਸੇ ਬਾਗ ਜਾਂ ਫੁੱਲਾਂ ਦੀ ਕਿਆਰੀ ਵਾਂਗ ਖਿੜ ਉਠਦਾ। ਦਸੂਤੀ ਦੀਆਂ ਚਿੱਟੀਆਂ ਚਾਦਰਾਂ, ਸਿਰ੍ਹਾਣਿਆਂ, ਝੋਲਿਆਂ, ਮੇਜ਼ਪੋਸ਼ ਉੱਤੇ ਕੱਢੇ ਮੋਰ-ਤੋਤੇ ਘੁੱਗੀਆਂ-ਚਿੜੀਆਂ ਸੱਚਮੁੱਚ ਉਡਾਰੀਆਂ ਮਾਰਦੇ ਪ੍ਰਤੀਤ ਹੁੰਦੇ। ਪੰਜਾਬਣਾਂ ਦੇ ਹੱਥਾਂ ਦੀ ਮਹੀਨ ਕਲਾਕਾਰੀ ਕੁਦਰਤ ਨੂੰ ਵੀ ਮਾਤ ਪਾ ਜਾਂਦੀ।

ਲੋਹੇ ਦੇ ਅੱਡਿਆਂ ਉਤੇ ਤਾਣਾ ਪਾ ਕੇ ਸੂਤ ਦੀਆਂ ਰੰਗ ਬਿਰੰਗੀਆਂ ਗੁੱਛੀਆਂ ਨਾਲ ਬਣੀਆਂ ਦਰੀਆਂ ਵੀ ਕਲਾ ਦਾ ਕਮਾਲ ਹਨ। ਜਿੱਥੇ ਉਹ ਆਪਣੇ ਕੋਮਲ ਪੋਟਿਆਂ ਨਾਲ ਭਾਂਤ-ਭਾਂਤ ਦੇ ਨਮੂਨਿਆਂ ਨਾਲ ਦਰੀ ਨੂੰ ਸੋਹਣਾ ਬਣਾਉਂਦੀਆਂ, ਉਥੇ ਹੱਥਿਆਂ (ਪੰਜੇ) ਨਾਲ ਠੋਕਰ ਕੇ ਇਸ ਨੂੰ ਮਜ਼ਬੂਤ ਵੀ ਬਣਾ ਲੈਂਦੀਆਂ।

ਸਾਂਝੇ ਪਰਵਾਰਾਂ ਦੀ ਲੋੜ ਮੁਤਾਬਿਕ ਮੰਜਿਆਂ ਦੀ ਲੋੜ ਨੂੰ ਵੀ ਪੂਰਾ ਕਰ ਲਿਆ ਜਾਂਦਾ। ਚਰਖੇ 'ਤੇ ਕੱਤੇ ਬਾਰੀਕ ਸੂਤ ਨੂੰ ਕਈ ਕਈ ਲੜੇ ਕਰ ਕੇ ਵੱਟਿਆ ਜਾਂਦਾ ਅਤੇ ਫਿਰ ਉਸ ਨੂੰ ਰੰਗ ਕੇ ਗੋਲੇ ਬਣਾ ਕੇ ਮੰਜਾ ਬੁਣਿਆ ਜਾਂਦਾ। ਮੰਜੇ ਬੁਣਨ ਵਿੱਚ ਵੀ ਹਰ ਪੰਜਾਬਣ ਆਪਣੀ ਹਸਤ ਕਲਾ ਦਾ ਪੂਰਾ ਜੌਹਰ ਵਿਖਾਉਂਦੀ। ਆਂਢ ਗੁਆਂਢ ਵਿੱਚੋਂ ਵੀ ਮੰਜੇ ਲਿਆ ਕੇ ਨਵੇਂ ਨਵੇਂ ਨਮੂਨਿਆਂ ਦੇ ਮੰਜੇ ਬੁਣੇ ਜਾਂਦੇ। ਗਰਮੀਆਂ ਵਿੱਚ ਵਰਤਣ ਵਾਲੀਆਂ ਹੱਥ ਪੱਖੀਆਂ ਵੀ ਕਲਾ ਦਾ ਉਤਮ ਨਮੂਨਾ ਹੁੰਦੀਆਂ। ਪੱਖੀਆਂ ਟਸਰ, ਰੇਸ਼ਮ, ਰੀਬਨ ਏ ਪੱਛਮ ਨਾਲ ਬਣਾਈਆਂ ਜਾਂਦੀਆਂ, ਫਿਰ ਉਨ੍ਹਾਂ ਨੂੰ ਮਣਕਿਆਂ, ਸਿਤਾਰਿਆਂ, ਸ਼ੀਸ਼ੀਆਂ ਤੇ ਲੋਗੜੀ ਦੇ ਫੁੱਲਾਂ ਨਾਲ ਸਜਾਇਆ ਜਾਂਦਾ ਸੀ। ਪੱਖੀਆਂ ਦੀ ਝਾਲਰ ਵੀ ਬੜੀਆਂ ਰੀਝਾਂ ਨਾਲ ਲਾਈ ਜਾਂਦੀ ਸੀ।

ਕੰਧ ਨਾਲ ਮੰਜੇ ਖੜੇ ਕਰਕੇ ਸਰਕੜੇ ਦੀਆਂ ਪੋਰੀਆਂ ਨਾਲ ਨਾਲੇ ਬੁਣਨਾ ਵੀ ਪੰਜਾਬਣਾਂ ਦੀ ਕਲਾ ਦਾ ਕਮਾਲ ਹੈ। ਬਾਰੀਕ ਟਸਰ ਦੇ ਨਾਲੇ ਬੁਣਦੀਆਂ ਉਂਗਲਾਂ ਨਾਲ ਦੱਬ-ਚੁੱਕ ਕਰਦੀਆਂ ਉਹ ਸੁੰਦਰ ਨਮੂਨੇ ਉਣ ਲੈਂਦੀਆਂ ਸਨ, ਜਿਸ ਨੂੰ ਮਲਵਈ ਬੋਲੀ ਵਿੱਚ 'ਖੇਡਾਂ ਪਾਉਣਾ' ਕਿਹਾ ਜਾਂਦਾ ਹੈ। ਘੱਗਰਿਆਂ ਵਿੱਚ ਪਾਏ ਜਾਣ ਵਾਲੇ ਨਾਲੇ ਮਣਕਿਆਂ, ਸਿਤਾਰਿਆਂ, ਸ਼ੀਸ਼ੀਆਂ ਤੇ ਘੁੰਗਰੂਆਂ ਨਾਲ ਸ਼ਿੰਗਾਰੇ ਹੁੰਦੇ ਸਨ। ਢਾਕ 'ਤੇ ਘੁੰਗਰੂਆਂ ਨਾਲ ਸ਼ਿੰਗਾਰੇ ਹੁੰਦੇ ਸਨ। ਢਾਕ 'ਤੇ ਲਮਕਦੇ ਨਾਲੇ ਮੁਟਿਆਰਾਂ ਦੀ ਤੋਰ ਨੂੰ ਹੋਰ ਵੀ ਮਟਕੀਲੀ ਬਣਾਉਂਦੇ ਸਨ।

ਕੱਚੀਆਂ ਸਬਾਤਾਂ ਵਿੱਚ ਟਾਂਡਾ ਅਤੇ ਕਾਨਸਾਂ ਨੂੰ ਸ਼ਿੰਗਾਰਨ ਲਈ ਉਹ ਬਾਜ਼ਾਰੂ ਵਸਤਾਂ ਨਹੀਂ, ਸਗੋਂ ਹੱਥੀਂ ਬਣੀਆਂ ਵਸਤਾਂ ਵਰਤਦੀਆਂ ਸਨ। ਕਰੋਸ਼ੀਏ ਨੂੰ ਉਂਗਲੇ 'ਤੇ ਘੁੰਮਾਉਂਦੀਆਂ ਉਹ ਹਾਥੀ, ਘੋੜੇ, ਮੋਰ, ਤੋਤੇ, ਹਿਰਨ, ਖ਼ਰਗੋਸ਼ ਬਣਾ ਧਰਦੀਆਂ ਸਨ। ਪੰਜਾਬਣਾਂ ਦੀ ਜਾਦੂਗਰੀ ਦਾ ਹੀ ਕਮਾਲ ਹੁੰਦਾ ਸੀ ਕਿ ਉਹ ਫਿਊਜ਼ ਹੋਏ ਬੱਲਬਾਂ ਅਤੇ ਕੱਚ ਦੀਆਂ ਖਾਲੀ ਬੋਤਲਾਂ 'ਤੇ ਵੀ ਕਲਾ ਬਿਖੇਰ ਦਿੰਦੀਆਂ ਸਨ। ਫਿਰ ਖੇਸਾਂ ਦੇ ਬੰਬਲ ਵੱਟਣਾ, ਦਰੀਆਂ ਦੀ ਜਾਲੀ ਬੰਨ੍ਹਣਾ, ਥਾਲਾਂ, ਪਰਾਤਾਂ ਦੇ ਰੁਮਾਲ ਬੁਣਨਾ ਵੀ ਉਨ੍ਹਾਂ ਦੀ ਦਸਤਕਾਰੀ ਦਾ ਹੁਨਰ ਸੀ। ਖੱਡਿਆਂ 'ਤੇ ਦੋੜੇ, ਖੇਸ, ਖੇਸੀਆਂ, ਦਰੀਆਂ, ਚੁਤਹੀਆਂ, ਮਜਨੂੰ ਵੀ ਉਨ੍ਹਾਂ ਦੇ ਹੱਥਾਂ ਦਾ ਹੀ ਹੁਨਰ ਸੀ। ਵੱਖ-ਵੱਖ ਨਮੂਨਿਆਂ ਨਾਲ ਉਹ ਗ਼ਜ਼ਾਂ ਦੇ ਗ਼ਜ਼ ਕੱਪੜਾ ਤਿਆਰ ਕਰ ਲੈਂਦੀਆਂ ਸਨ। ਚਰਖੇ 'ਤੇ ਕੱਤੀਆਂ ਕੱਚੀਆਂ ਤੰਦਾਂ ਨੂੰ ਸਿੱਧਾ ਕਰਕੇ ਪਾਣ ਦੇਣਾ ਤੇ ਫਿਰ ਸੁਲਝਾ ਕੇ ਰੱਛ ਤੱਕ ਪੁਚਾਉਣਾ, ਤਾਣੇ ਨੂੰ ਸਲੀਕੇ ਨਾਲ ਲਪੇਟ ਕੇ ਰੱਖਣਾ, ਫਿਰ ਬੁਣੇ ਜਾ ਰਹੇ ਕੱਪੜੇ ਨੂੰ ਤੁਰ 'ਤੇ ਲਪੇਟਣਾ ਵੀ ਉਨ੍ਹਾਂ ਦੇ ਸਚਿਆਰ-ਪੁਣੇ ਅਤੇ ਸੁੱਘੜਤਾ ਦਾ ਸਬੂਤ ਸੀ।

ਸਿਰਜਣ ਘੜਨ ਦੀ ਕਲਾ ਵਿੱਚ ਉਹ ਮਿੱਟੀ ਨੂੰ ਵੀ ਮੂੰਹੋਂ ਬੁਲਾ ਦਿੰਦੀਆਂ ਸਨ। ਪੰਜਾਬਣਾਂ ਦੇ ਹੱਥ ਆਈ ਕਾਲੀ ਪੀਲੀ ਮਿੱਟੀ ਵੀ ਕਲਾ ਦੀਆਂ ਬਾਤਾਂ ਪਾਉਣ ਲੱਗ ਜਾਂਦੀ। ਚੁੱਲ੍ਹੇ-ਹਾਰੇ, ਤੰਦੂਰ, ਭੜੋਲੇ, ਬਖ਼ਾਰੀਆਂ ਭਾਵੇਂ ਉਹ ਗਰਜ਼ ਪੂਰੀ ਕਰਨ ਲਈ ਬਣਾਉਂਦੀਆਂ ਸਨ, ਪਰ ਉਨ੍ਹਾਂ ਦੀ ਹਸਤ ਕਲਾ ਦਾ ਜਾਦੂ ਇਨ੍ਹਾਂ ਉਪਰ ਵੀ ਪ੍ਰਤੱਖ ਝਲਕਦਾ ਸੀ। ਚੁੱਲ੍ਹੇ-ਹਾਰਿਆਂ, ਕੰਧਾਂ-ਕੰਧੋਲੀਆਂ ਉਤੇ ਮਿੱਟੀ ਦੇ ਬਣਾਏ ਮੋਰ-ਤੋਤੇ, ਹਿਰਨ-ਚੀਤੇ, ਸ਼ੇਰ-ਬਘਿਆੜ, ਘੁੱਗੀਆਂ-ਗੁਟਾਰਾਂ ਅਤੇ ਵੇਲ-ਬੂਟੇ ਪੰਜਾਬਣਾਂ ਦੀ ਹਸਤ ਕਲਾ ਦਾ ਸਿਖਰ ਹੋ ਨਿੱਬੜਦਾ ਹੈ। ਲਿੱਪੇ ਸੰਵਾਰੇ ਚੌਂਤਰੇ ਪੰਜਾਬਣਾਂ ਦੀ ਸੁੱਘੜਤਾ ਅਤੇ ਸਚਿਆਰਤਾ ਦਾ ਸਬੂਤ ਹੁੰਦੇ ਸਨ ਜਿਨ੍ਹਾਂ ਦਾ ਜ਼ਿਕਰ ਲੰਬੀ ਹੇਕ ਵਾਲੇ ਗੀਤਾਂ ਵਿੱਚ ਵੀ ਮਿਲਦਾ ਹੈ:

ਲਿੱਪਿਆ ਸੰਵਾਰਿਆ ਚੌਂਤਰਾ,  
ਡੇਕਾਂ ਫੁੱਲੀਆਂ ਵੇ ਚੀਰੇ ਵਾਲਿਆ।  
ਪੁੱਤ ਜਿਨ੍ਹਾਂ ਦੇ ਨੌਕਰੀ,  
ਮਾਵ ਡੁੱਲ੍ਹੀਆਂ ਵੇ ਚੀਰੇ ਵਾਲਿਆ।

ਚੌਂਤਰੇ, ਕੰਧੋਲੀਆਂ ਲਈ ਛੱਪੜਾਂ ਟੋਇਆਂ ਵਿੱਚੋਂ ਬੱਠਲਾਂ ਨਾਲ ਮਿੱਟੀ ਢੋਣੀ ਵੀ ਪੰਜਾਬਣਾਂ ਦੇ ਤਕੜੇ ਜੁੱਸਿਆਂ ਦਾ ਹੀ ਕਮਾਲ ਸੀ। ਫਿਰ ਮਿੱਟੀ ਨੂੰ ਹੱਥਾਂ ਨਾਲ ਗੁੰਨ੍ਹ-ਗੁੰਨ੍ਹ ਕੇ ਉਂਗਲਾਂ ਦੇ ਪੋਟੇ ਫੇਰ-ਫੇਰ ਕੇ ਮੋਰ ਤੋਤੇ ਬਣਾਉਣੇ ਉਨ੍ਹਾਂ ਦੇ ਕ੍ਰਮਸ਼ੀਲ ਹੱਥਾਂ ਦਾ ਕਮਾਲ ਸੀ। ਹੱਥੀਂ ਬਣਾਈਆਂ ਕ੍ਰਿਤਾਂ ਉਪਰ ਜਦੋਂ ਪੀਲੀ ਮਿੱਟੀ ਦਾ ਪੋਚਾ ਫੇਰ ਦਿੱਤਾ ਜਾਂਦਾ ਤਾਂ ਇਹ ਕ੍ਰਿਤਾਂ ਪੰਜਾਬਣ ਦੀ ਗੱਲ ਦਾ ਹੁੰਗਾਰਾ ਭਰਦੀਆਂ ਪ੍ਰਤੀਤ ਹੁੰਦੀਆਂ।

ਪੰਜਾਬਣਾਂ ਤਾਂ ਆਪਣੀ ਕਲਾ ਨਾਲ ਕੱਖਾਂ-ਕਾਨਿਆਂ ਵਿੱਚ ਵੀ ਜਾਨ ਪਾ ਦਿੰਦੀਆਂ ਸਨ। ਕੱਖਾਂ, ਕਾਨਿਆਂ, ਛਿਲਤਰਾਂ, ਤੀਲਾਂ ਤੋਂ ਬਣੇ ਬੋਹੀਏ-ਛਿੱਕੂ, ਕੱਤਣੀਆਂ ਵਿੱਚੋਂ ਉਨ੍ਹਾਂ ਦੀ ਕਲਾ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਕਮਾਲ ਹੈ! ਉਨ੍ਹਾਂ ਦੀਆਂ ਉਂਗਲਾਂ ਦੇ ਪੋਟੇ ਜਿਸ ਚੀਜ਼ ਨੂੰ ਵੀ ਛੂਹ ਲੈਂਦੇ, ਬਸ ਕਲਾ ਦੀ ਮੂਰਤ ਘੜ ਦਿੰਦੇ ਸਨ। ਕੱਤਣੀ ਚਰਖੇ ਤੋਂ ਲਾਹੇ ਹੋਏ ਗਲੋਟਿਆਂ ਨੂੰ ਸਾਂਭਣ ਲਈ ਛਿਲਤਰਾਂ-ਤੀਲਾਂ ਦੀ ਬਣਾਈ ਜਾਂਦੀ ਸੀ, ਜਿਸ ਦਾ ਜ਼ਿਕਰ ਇੱਕ ਲੋਕ ਬੋਲੀ ਵਿੱਚ ਵੀ ਮਿਲਦਾ ਹੈ:

ਖੰਭ ਸੁੱਟ ਜਾ ਕਲਹਿਰੀਆ ਮੋਰਾ  
ਵੇ ਕੱਤਣੀ ਦੀ ਤੀਲ੍ਹ ਟੁੱਟ ਗਈ।

ਬੋਹੀਏ ਅਖ਼ਬਾਰੀ ਕਾਗ਼ਜ਼ਾਂ ਨੂੰ ਮਿੱਟੀ ਵਿੱਚ ਗਾਲ਼ ਕੇ ਬਣਾਏ ਜਾਂਦੇ ਸਨ। ਪੰਜਾਬਣਾਂ ਕਈ ਕਈ ਦਿਨ ਕਾਗਜ਼ਾਂ ਨੂੰ ਮਿੱਟੀ ਵਿੱਚ ਗੁੰਨ੍ਹ ਕੇ ਰੱਖਦੀਆਂ ਸਨ। ਪੂਰੀ ਤਰ੍ਹਾਂ ਮਿੱਟੀ ਵਿੱਚ ਮਿਲ ਜਾਣ ਤੋਂ ਬਾਅਦ ਉਨ੍ਹਾਂ ਨੂੰ ਮੂਧੇ ਘੜਿਆਂ ਉਤੇ ਪੱਥ ਕੇ ਬੱਠਲ ਵਾਂਗ ਉਤਾਰ ਕੇ ਉਨ੍ਹਾਂ ਉਪਰ ਪੀਲੀ ਮਿੱਟੀ ਫੇਰ ਕੇ ਵੱਖ-ਵੱਖ ਰੰਗਾਂ ਨਾਲ ਫੁੱਲ-ਬੂਟੇ ਚਿਤਰੇ ਜਾਂਦੇ ਸਨ। ਇਨ੍ਹਾਂ ਬੋਹੀਆਂ ਨੂੰ ਘਰ ਵਿੱਚ ਆਟਾ, ਦਾਲ, ਅਨਾਜ, ਖਲ, ,ਵੜੇਵੇਂ ਪਾਉਣ ਲਈ ਵਰਤਿਆਂ ਜਾਂਦਾ ਸੀ। ਵਿਆਹ ਸ਼ਾਦੀਆਂ ਵਿੱਚ ਭਾਜੀ ਵੀ ਇਨ੍ਹਾਂ ਵਿੱਚ ਪਾ ਕੇ ਵਰਤਾਈ ਜਾਂਦੀ ਸੀ। ਧੀ-ਭੈਣ ਨੂੰ ਸੰਧਾਰੇ ਦੇ ਮੱਠੀਆਂ-ਗੁਲਗਲੇ ਵੀ ਬੋਹੀਏ ਵਿੱਚ ਪਾ ਕੇ ਭੇਜੇ ਜਾਂਦੇ ਸਨ, ਇਸ ਲਈ ਸੰਧਾਰੇ ਨੂੰ 'ਬੋਹੀਆ ਆਉਣਾ' ਵੀ ਕਹਿੰਦੇ ਹਨ।

ਇਨ੍ਹਾਂ ਤੋਂ ਬਿਨਾਂ ਘਰ ਵਿੱਚ ਲੱਸੀ, ਤਿਉੜ ਮੱਖਣ, ਘਿਓ, ਪੰਜੀਰੀ, ਭੁੱਖੇ, ਪਾਪੜ, ਵੜੀਆਂ, ਪਿੰਨੀਆਂ ਤਿਆਰ ਕਰਨਾ ਵੀ ਉਨ੍ਹਾਂ ਦੇ ਸਚਿਆਰਪੁਣੇ ਦਾ ਹੀ ਕਮਾਲ ਸੀ। ਗੱਲ ਕੀ ਉਨ੍ਹਾਂ ਦੇ ਸੁੱਘੜ ਹੱਥਾਂ ਵਿੱਚ ਕੋਈ ਅਲੋਕਾਰੀ ਹੁਨਰ ਸੀ। ਇਸੇ ਕਰਕੇ ਪੰਜਾਬਣਾਂ ਦੀ ਸਿਫ਼ਤ ਕਰਦਾ ਨੰਦਲਾਲ ਨੂਰਪੁਰੀ ਕਹਿ ਉਠਿਆ: ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ..

# ਕੋਈ ਤਾਂ ਕਹੇ ਕਿ ਡਰ ਦੇ ਅੱਗੇ ਜਿੱਤ ਹੈ

-ਸ਼ਮਾ ਸ਼ਰਮਾ

ਅੱਜ ਕੱਲ੍ਹ ਦੇਖਦੀ ਹਾਂ ਕਿ ਸਭ ਮਾਧਿਅਮਾਂ ਵਿੱਚ ਡਰ ਵੱਖ-ਵੱਖ ਕਿਸਮ ਦੇ ਰੈਪਰਸ ਵਿੱਚ ਲਪੇਟ ਕੇ ਵੇਚਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ਤੋਂ ਲੈ ਕੇ ਪਨਸਾਰੀ ਵਾਲੇ ਤੱਕ ਆਯੁਰਵੇਦ ਦੇ ਮਾਹਿਰ ਬਣੇ ਬੈਠੇ ਹਨ। ਉਂਝ ਆਪਣੇ ਮਾਲ ਨੂੰ ਡਰ ਵਿਖਾ ਕੇ ਵੇਚਣਾ ਹਮੇਸ਼ਾ ਮੁਨਾਫੇ ਦਾ ਸਭ ਤੋਂ ਵੱਧ ਉਪਾਅ ਰਿਹਾ ਹੈ। ਜਦੋਂ ਮਹਾਮਾਰੀ ਹੋਵੇ ਤਾਂ ਫਿਰ ਕੀ ਕਹਿਣਾ। ਇਸ ਲਈ ਕਿਸੇ ਵੀ ਚੀਜ਼ ਨੂੰ ਇਮਿਊਨਿਟੀ ਵਧਾਉਣ ਵਾਲਾ ਦੱਸ ਕੇ ਵੇਚ ਦਿਓ। ਡਰ ਦਾ ਕਾਰੋਬਾਰ ਜ਼ੋਰਾਂ ਉੱਤੇ ਹੈ।

ਚੈਨਲਜ਼ ਵਿੱਚ ਹਾਲਤ ਇਹ ਹੈ ਕਿ ਬਲਦੇ ਸਿਵਿਆਂ ਨੂੰ, ਲਾਈਨ ਵਿੱਚ ਪਈਆਂ ਲਾਸ਼ਾਂ ਨੂੰ ਵਾਰ-ਵਾਰ ਵਿਖਾਇਆ ਜਾਂਦਾ ਹੈ। ਇਨ੍ਹਾਂ ਦ੍ਰਿਸ਼ਾਂ ਨੂੰ ਜਿਹੜੇ ਵਿਅਕਤੀ ਵੇਖਦੇ ਹਨ, ਉਨ੍ਹਾਂ ਵਿੱਚ ਘਬਰਾਹਟ ਵਧਦੀ ਹੈ। ਪਹਿਲਾਂ ਪੱਤਰਕਾਰਤਾ ਦੇ ਵਿਦਿਆਰਥੀਆਂ ਨੂੰ ਇਹ ਸਿਖਾਇਆ ਜਾਂਦਾ ਸੀ ਕਿ ਅਜਿਹੀਆਂ ਗੱਲਾਂ ਨਾ ਲਿਖੋ ਅਤੇ ਨਾ ਵਿਖਾਓ, ਜਿਨ੍ਹਾਂ ਰਾਹੀਂ ਲੋਕਾਂ ਵਿੱਚ ਘਬਰਾਹਟ ਪੈਦਾ ਹੋਵੇ ਅਤੇ ਉਹ ਪ੍ਰੇਸ਼ਾਨ ਹੋਣ। ਡਰਨ ਨਾਲ ਮੁਸਬਿਤ ਹੋਰ ਵਧਦੀ ਹੈ, ਹਫੜਾ-ਦਫੜੀ ਫੈਲਦੀ ਹੈ। ਸਭ ਮਨੋਵਿਗਿਆਨੀ ਤੇ ਮਾਹਿਰ ਕਹਿ ਰਹੇ ਹਨ ਕਿ ਆਦਮੀ ਕੋਰੋਨਾ ਤੋਂ ਬਚ ਵੀ ਜਾਵੇ, ਪਰ ਜਿਸ ਤਰ੍ਹਾਂ ਦਹਿਸ਼ਤ ਚਾਰੇ ਪਾਸੇ ਹੈ, ਉਸ ਕਾਰਨ ਉਹ ਦੂਜੀਆਂ ਬੀਮਾਰੀਆਂ ਨਾਲ ਖ਼ਤਮ ਹੋ ਸਕਦਾ ਹੈ।

ਹਾਲਤ ਇਹ ਹੈ ਕਿ ਬੁਖਾਰ ਜਾਂ ਖੰਘ ਆਉਣ ਉੱਤੇ ਆਦਮੀ ਸਮਝਦਾ ਹੈ ਕਿ ਉਸ ਨੂੰ ਕੋਰੋਨਾ ਹੋ ਗਿਆ ਹੈ, ਫਿਰ ਉਹ ਸੋਚਦਾ ਹੈ ਕਿ ਹਸਪਤਾਲ ਜਾਵੇ। ਕੀ ਹਸਪਤਾਲ ਜਾਣ ਜੋਗੇ ਪੈਸੇ ਜੇਬ ਵਿੱਚ ਹਨ ਕਿ ਹਸਪਤਾਲਾਂ ਵਿੱਚ ਵਸੂਲੀ ਜਾਣ ਵਾਲੀ ਮਨਮਰਜ਼ੀ ਦੀ ਫੀਸ ਉਹ ਦੇ ਸਕੇ? ਐਂਬੂਲੈਂਸ ਲਈ ਵੀ ਦੋ ਕਿਲੋਮੀਟਰ ਦਾ 10 ਹਜ਼ਾਰ ਦੇ ਸਕੇ? ਆਕਸੀਜਨ ਦਾ ਸਿਲੰਡਰ ਅਤੇ ਦਵਾਈਆਂ ਨੂੰ 10 ਤੋਂ ਸੌ ਗੁਣਾ ਵੱਧ ਕੀਮਤ ਉੱਤੇ ਕਾਲਾਬਾਜ਼ਾਰ ਤੋਂ ਖਰੀਦ ਸਕੇ?

ਮੰਨ ਲਓ ਕਿ ਮਰੀਜ਼ ਹਸਪਤਾਲ ਪਹੁੰਚ ਵੀ ਜਾਵੇ ਤਾਂ ਉਥੇ ਦਾਖ਼ਲਾ ਸੌਖਾ ਨਹੀਂ। ਦਾਖ਼ਲਾ ਹੋ ਜਾਵੇ ਤਾਂ ਦਵਾਈ ਤੇ ਆਕਸੀਜਨ ਉਥੇ ਨਹੀਂ। ਆਸ-ਪਾਸ ਕੋਈ ਪਰਿਵਾਰਕ ਮੈਂਬਰ ਨਹੀਂ। ਇਨ੍ਹਾਂ ਸਭ ਕਾਰਨਾਂ ਤੋਂ ਲੋਕ ਡਰਦੇ ਹਨ। ਘਬਰਾ ਰਹੇ ਹਨ ਤੇ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਖੁਦਕੁਸ਼ੀਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹੋ ਜਿਹੀ ਬੇਵੱਸੀ ਕੀ ਪਹਿਲਾਂ ਕਦੇ ਵੇਖੀ ਹੈ? ਦਾਦੀ, ਨਾਨੀ ਅਤੇ ਮਾਂ ਵੱਲੋਂ ਸੁਣਾਏ ਪਿਛਲੀ ਸਦੀ ਦੇ ਪਲੇਗ ਦੇ ਕਿੱਸੇ ਜ਼ਰੂਰ ਯਾਦ ਹਨ। ਪ੍ਰਸਿੱਧ ਲੇਖਕ ਰਾਂਗੇਯ ਰਾਘਵ ਦੇ ਲਿਖੇ ਬੰਗਾਲ ਦੇ ਕਾਲ ਦੀ ਯਾਦ ਵੀ ਆ ਰਹੀ ਹੈ। ਅੱਜਕੱਲ੍ਹ ਹਰ ਥਾਂ ਲਾਸ਼ਾਂ ਦੇ ਅੰਬਾਰ ਨਜ਼ਰ ਆਉਂਦੇ ਹਨ। 24-24 ਘੰਟੇ ਅੰਤਿਮ ਸੰਸਕਾਰ ਕਰਨ ਦੀ ਨੌਬਤ ਆ ਰਹੀ ਹੈ।

ਇਸ ਹਾਲਤ ਵਿੱਚ ਫੇਸਬੁੱਕ ਉੱਤੇ ਇੱਕ ਆਦਮੀ ਨੇ ਲਿਖਿਆ ਕਿ ਪਰਸੋਂ ਮੇਰੀ ਆਂਟੀ ਦੀ ਮੌਤ ਹੋਈ ਸੀ ਤਾਂ ਬਨਾਰਸ ਦੇ ਹਰੀਸ਼ਚੰਦਰ ਘਾਟ ਦੇ ਪੰਡਿਤ ਨੇ 25 ਹਜ਼ਾਰ ਰੁਪਏ ਲਏ। ਅੱਜ ਮਾਂ ਦੇ ਅੰਤਿਮ ਸੰਸਕਾਰ ਲਈ 30 ਹਜ਼ਾਰ ਰੁਪਏ ਲੈ ਲਏ। ਪਰਸੋਂ ਦੀ ਯਾਦ ਦਿਵਾਉਣ ਉੱਤੇ ਪੰਡਿਤ ਨੇ ਕਿਹਾ ਕਿ ਉਹ ਪਰਸੋਂ ਦਾ ਰੇਟ ਸੀ। ਮੇਰਠ ਵਿੱਚ ਅੰਤਿਮ ਸੰਸਕਾਰ ਲਈ ਜਦੋਂ ਪੰਡਿਤ 25 ਹਜ਼ਾਰ ਰੁਪਏ ਮੰਗ ਰਿਹਾ ਸੀ ਤਾਂ ਪ੍ਰਸ਼ਾਸਨ ਨੇ ਦਖ਼ਲ ਦਿੱਤਾ। ਇਸ ਉੱਤੇ ਪੰਡਿਤਾਂ ਨੇ ਬਾਈਕਾਟ ਕਰ ਦਿੱਤਾ। ਇਹੀ ਲੋਕ ਗੱਲ-ਗੱਲ ਉੱਤੇ ਕਹਿੰਦੇ ਹਨ ਕਿ ਸਭ ਮਾਇਆ ਹੈ। ਖਾਲੀ ਹੱਥ ਆਏ ਹੋ, ਖਾਲੀ ਹੱਥ ਜਾਣਾ ਹੈ। ਕੁਝ ਨਾਲ ਨਹੀਂ ਜਾਵੇਗਾ, ਪਰ ਮੌਕਾ ਮਿਲਦੇ ਸਾਰ ਸਭ ਤੋਂ ਪਹਿਲਾਂ ਇਸ ਗੱਲ ਨੂੰ ਉਹ ਹੀ ਭੁੱਲਦੇ ਹਨ।

ਹਰ ਆਫ਼ਤ ਕਿਵੇਂ ਲੁੱਟਣ ਦੇ ਮੌਕੇ ਬਣਦੀ ਹੈ, ਪਰ ਇਸ ਦੌਰ ਵਿੱਚ ਜੋ ਲੋਕ ਲੁੱਟ ਰਹੇ ਹਨ, ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬੀਮਾਰੀ ਨਾਲ ਉਨ੍ਹਾਂ ਦੀ ਕੋਈ ਰਿਸ਼ਤੇਦਾਰੀ ਨਹੀਂ ਹੈ।

ਇੰਨੀ ਨਾਂਹ-ਪੱਖਤਾ ਤੋਂ ਲੱਗਦਾ ਹੈ ਕਿ ਕੋਈ ਤਾਂ ਹੌਸਲਾ ਦੇਣ ਵਾਲਾ ਹੋਵੇ। ਕਿਤੋਂ ਇਹ ਆਸਰਾ ਮਿਲੇ ਕਿ ਕੋਈ ਗੱਲ ਨਹੀਂ, ਸਭ ਠੀਕ ਹੋ ਜਾਵੇਗਾ। ਕੋਈ ਕਹੇ ਕਿ ਹਨੇਰੇ ਤੋਂ ਬਾਅਦ ਚਾਨਣ ਆਉਂਦਾ ਹੈ। ਹਰ ਰਾਤ ਦੀ ਸਵੇਰ ਹੁੰਦੀ ਹੈ।

ਇਸ ਮੁਸ਼ਕਿਲ ਸਮੇਂ ਵਿੱਚ ਪਾਜ਼ੇਟਿਵ ਖ਼ਬਰਾਂ ਵੀ ਬਹੁਤ ਹਨ, ਪਰ ਨੈਗਟੀਵਟੀ ਕਿਉਂਕਿ ਵਿਕਦੀ ਹੈ, ਇਸ ਲਈ ਉਨ੍ਹਾਂ ਉੱਤੇ ਕੋਈ ਧਿਆਨ ਨਹੀਂ ਦਿੰਦਾ। ਉਂਜ ਲੋਕ ਆਪਣੇ-ਆਪਣੇ ਤੌਰ ਉੱਤੇ ਇਸ ਆਫ਼ਤ ਦਾ ਨਾ ਸਿਰਫ਼ ਮੁਕਾਬਲਾ ਕਰ ਰਹੇ ਹਨ, ਸਗੋਂ ਦੂਜਿਆਂ ਦੀ ਮਦਦ ਵੀ ਕਰ ਰਹੇ ਹਨ। ਬਹੁਤ ਸਾਰੇ ਅਦਾਰੇ ਕੋਰੋਨਾ ਪੀੜਤ ਪਰਵਾਰਾਂ ਨੂੰ ਭੋਜਨ ਪੁਚਾ ਰਹੇ ਹਨ। ਕਈ ਮੰਦਿਰਾਂ ਵਿੱਚ ਕੋਵਿਡ ਸੈਂਟਰ ਬਣਾਏ ਗਏ ਹਨ। ਗੁਰਦੁਆਰੇ ਨਾ ਸਿਰਫ਼ ਭੋਜਨ ਪਹੁੰਚਾ ਰਹੇ ਹਨ ਸਗੋਂ ਆਕਸੀਜਨ ਲੰਗਰ ਵੀ ਲਾ ਰਹੇ ਹਨ। ਇੱਕ ਆਟੋ ਚਾਲਕ ਫ੍ਰੀ ਵਿੱਚ ਲੋਕਾਂ ਨੂੰ ਹਸਪਤਾਲ ਵਿੱਚ ਪਹੁੰਚਾ ਰਿਹਾ ਹੈ। ਹਿੰਦੂ-ਮੁਸਲਮਾਨ ਜਿੱਥੇ ਮੌਕੇ ਮਿਲਦਾ ਹੈ, ਉਥੇ ਇੱਕ-ਦੂਜੇ ਦੀ ਮਦਦ ਕਰਦੇ ਹਨ। ਆਪਣੀਆਂ ਨਿੱਜੀ ਮੁਸ਼ਕਿਲਾਂ ਨੂੰ ਭੁੱਲ ਕੇ ਬਹੁਤ ਸਾਰੇ ਲੋਕ ਪੀੜਤਾਂ ਦੀ ਮਦਦ ਕਰ ਰਹੇ ਹਨ। ਲੋਕ ਭੋਜਨ ਤੋਂ ਲੈ ਕੇ ਹਸਪਤਾਲ ਵਿੱਚ ਐਡਮਿਸ਼ਨ, ਆਕਸੀਜਨ, ਇੱਥੋਂ ਤੱਕ ਕਿ ਅੰਤਿਮ ਸੰਸਕਾਰ ਲਈ ਵੀ ਪੁਲਸ ਨੂੰ ਬੁਲਾ ਰਹੇ ਹਨ ਅਤੇ ਪੁਲਸ ਵਾਲੇ ਹਰ ਸੰਭਵ ਮਦਦ ਪਹੁੰਚਾ ਰਹੇ ਹਨ। ਪੁਲਸ ਦੇ ਇਸ ਮਨੁੱਖੀ ਯਤਨਾ ਦੀ ਸ਼ਲਾਘਾ ਜ਼ਰੂਰ ਹੋਣੀ ਚਾਹੀਦੀ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਵਾਤਾਵਰਣ ਵਿੱਚ ਜੋ ਡਰ ਤੇ ਦਹਿਸ਼ਤ ਵਾਲਾ ਮਾਹੌਲ ਹੈ, ਉਸ ਨੂੰ ਕਿਵੇਂ ਘੱਟ ਕੀਤਾ ਜਾਵੇ। ਜੋ ਲੋਕ ਘਰਾਂ ਵਿੱਚ ਹਨ, ਕੋਰੋਨਾ ਤੋਂ ਇਲਾਵਾ ਕਈ ਤਰ੍ਹਾਂ ਦੇ ਰੋਗਾਂ ਤੋਂ ਪੀੜਤ ਹਨ, ਪਰਵਾਰ ਵਿੱਚ ਹਨ ਜਾਂ ਇਕੱਲੇ ਹਨ, ਉਨ੍ਹਾਂ ਨੂੰ ਅਜਿਹੇ ਪ੍ਰੋਗਰਾਮ ਵਿਖਾਏ ਜਾਣ, ਡਰ ਉੱਤੇ ਜਿੱਤ ਦੀਆਂ ਕਥਾਵਾਂ ਸੁਣਾਈਆਂ ਜਾਣ ਤਾਂ ਜੋ ਉਨ੍ਹਾਂ ਅੰਦਰ ਉਮੀਦ ਦਾ ਸੰਚਾਰ ਹੋ ਸਕੇ। ਉਹ ਜਿਊਣ ਦੀ ਉਮੀਦ ਰੱਖ ਸਕਣ।

# ਆਓ ਜਾਣੀਏ ਕੀ ਹੁੰਦੀ ਹੈ -ਸੁਪਨਿਆਂ ਦੀ ਦੁਨੀਆਂ

ਗਗਨਦੀਪ ਧਾਲੀਵਾਲ ਝਲੂਰ, ਬਰਨਾਲਾ

ਦੋਸਤੋਂ ਸੁਪਨੇ ਸਾਰਿਆਂ ਨੂੰ ਆਉਂਦੇ ਹਨ ।ਅਮੀਰ-ਗਰੀਬ ਅੱਖਾਂ ਵਿੱਚ ਸੁਪਨੇ ਬੁਣਦੇ ਹਨ।ਕਈ ਲੋਕ ਸੁਪਨੇ ਦਿਨ ਵੇਲੇ ਖੁੱਲ੍ਹੀਆਂ ਅੱਖਾਂ ਨਾਲ ਦੇਖਦੇ ਹਨ।ਦੋਸਤੋ ਸੁਪਨੇ ਬੜੇ ਅਜੀਬ ਜਿਹੇ ਹੁੰਦੇ ਹਨ ਕਈ ਵਾਰ ਬਹੁਤ ਖੁਸ਼ੀ ਦਿੰਦੇ ਹਨ ਕਈ ਵਾਰ ਬਹੁਤ ਡਰ ਪੈਦਾ ਕਰਦੇ ਹਨ।ਸੁਪਨੇ ਉਹ ਬਿਰਤਾਂਤ ਹਨ ਜੋ ਅਸੀਂ ਗੂੜੀ ਨੀਂਦ ਵਿੱਚ ਦੇਖਦੇ ਹਾਂ,ਅਨੁਭਵ ਕਰਦੇ ਹਾਂ ਅਤੇ ਮਹਿਸੂਸ ਕਰਦੇ ਹਾਂ।ਸੁਪਨੇ ਕਲਪਨਾ ਵਰਗੇ ਹੁੰਦੇ ਹਨ। ਸੁਪਨੇ ਮਨੁੱਖੀ ਜ਼ਿੰਦਗੀ ਦਾ ਖ਼ੂਬਸੂਰਤ ਅਨੁਭਵ ਹੁੰਦੇ ਹਨ।ਜੇਕਰ ਇਹਨਾਂ ਅਨੁਭਵਾਂ ਨੂੰ ਬੂਰ ਨਹੀਂ ਪੈਂਦਾ ਤਾਂ ਸਾਡੇ ਸੁਪਨੇ ਮਰ ਜਾਂਦੇ ਹਨ। ਕਈ ਵਾਰ ਹਾਲਾਤ ਸਾਨੂੰ ਇਹਨਾਂ ਤੋੜ ਦਿੰਦੇ ਹਨ ਕਿ ਸਾਡੇ ਦੇਖੇ ਹੋਏ ਸੁਪਨੇ ਟੁੱਟ ਕੇ ਚਕਨਾਚੂਰ ਹੋ ਜਾਂਦੇ ਹਨ ।ਕਈ ਵਾਰ ਸੁਪਨੇ ਏਨੇ ਅਨੰਦਦਾਇਕ ਹੁੰਦੇ ਹਨ ਕਿ ਰੋਜ਼ ਹੀ ਦਿਲ ਕਰਦਾ ਹੈ ਕਿ ਜਲਦੀ ਸੌ ਜਾਈਏ ਤੇ ਫਿਰ ਸੁਪਨੇ ਲਈਏ।ਪਰ ਸਵੇਰ ਹੋਣ ਤੇ ਫਿਰ ਟੁੱਟ ਜਾਂਦੇ ਹਨ।ਸੁਪਨੇ ਸਿਰਜਣਾਤਮਕ, ਅਜੀਬ, ਸੰਭਾਵਨਾਵਾਂ ਨਾਲ ਭਰੇ ਸਾਡੀ ਪਦਾਰਥਕ ਸੰਸਾਰ ਦੀਆਂ ਸਰੀਰਕ ਸੀਮਾਵਾਂ ਤੋਂ ਪਰੇ ਜਾਂਦੇ ਹਨ।ਸੁਪਨੇ ਇੱਕ ਪ੍ਰਤੀਬਿੰਬ, ਕਈ ਵਾਰ ਬੇਤਰਤੀਬੇ ਵੀ ਹੁੰਦੇ ਹਨ।ਕਈ ਵਾਰ ਇਨਸਾਨ ਸੁਪਨੇ ਨੀਂਦ ਵਿੱਚ ਦੇਖਦਾ ਹੈ ਤੇ ਉਹਨਾਂ ਨੂੰ ਪੂਰਾ ਕਰਨ ਦੀ ਹੋੜ ਵਿੱਚ ਲੱਗਾ ਰਹਿੰਦਾ ਹੈ ਜੋ ਕਿ ਉਹ ਕਦੇ ਵੀ ਪੂਰੇ ਨਹੀਂ ਹੁੰਦੇ ।ਅਸਲ ਵਿੱਚ ਜੋ ਇਨਸਾਨ ਸੁਪਨੇ ਹੋਸ਼ ਹਵਾਸ ਜਾਂ ਖੁੱਲੀਆਂ ਅੱਖਾਂ ਨਾਲ ਦੇਖਦੇ ਹਨ ਜਿਆਦਾਤਰ ਓਹੀ ਹੀ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੁੰਦੇ ਹਨ।ਅਕਸਰ ਇਹੋ ਸੁਣਿਆ ਗਿਆ ਹੈ ਲੋਕਾਂ ਤੋਂ ਕਿ ਸਾਡੇ ਸੁਪਨੇ ਮਰ ਗਏ ਹਨ ਉਹ ਗੂੜੀ ਨੀਂਦ ਵਿੱਚ ਆਏ ਖਿਆਲਾਂ ਨੂੰ ਹੀ ਆਪਣੀ ਜ਼ੀਂਦਗੀ ਦਾ ਜ਼ਰੂਰੀ ਹਿੱਸਾ ਬਣਾ ਲੈਂਦੇ ਹਨ ਤੇ ਜਦੋਂ ਜਾਗ ਆਉਦੀ ਹੈ ਫਿਰ ਅਸਲੀਅਤ ਜਾਣ ਕੇ ਉਦਾਸ ਹੋ ਜਾਂਦੇ ਹਨ ।ਪਰ ਉਹ ਦੇਖੇ ਸੁਪਨੇ ਬੜੇ ਹੀ ਰੋਮਾਂਚਿਤ ਹੁੰਦੇ ਹਨ। ਜੋ ਅਲੱਗ ਜਿਹੀ ਖੁਸ਼ੀ ਦਿੰਦੇ ਹਨ।ਕਈ ਵਾਰ ਸਾਡੇ ਸੁਪਨੇ ਸਾਕਾਰ ਨਹੀਂ ਹੁੰਦੇ ਅਤੇ ਟੀਚੇ ਦੀ ਪ੍ਰਾਪਤ ਨਹੀਂ ਹੁੰਦੀ ਤਾਂ ਅਸੀਂ ਉਦਾਸ ਹੋ ਜਾਂਦੇ ਹਨ।ਹਾਰ ਮੰਨ ਲੈਂਦੇ ਹਾਂ ਕਹਿੰਦੇ ਹਾਂ ਕਿ ਮੇਰੇ ਸੁਪਨੇ ਚਾਅ ਮਰ ਗਏ ਹਨ ਆਪਣੀ ਇੱਛਾ ਨਾ ਪੂਰੀ ਹੋਣ ਤੇ ਜਾਂ ਕਿਸੇ ਚੀਜ ਦੇ ਨਾ ਮਿਲਣ ਤੇ ਅਕਸਰ ਅਸੀਂ ਕਿਸੇ ਨੂੰ ਜਾਂ ਕਿਸੇ ਚੀਜ਼ ਨੂੰ ਦੋਸ਼ੀ ਠਹਿਰਾਉਂਦੇ ਹਾਂ।ਕਈ ਵਾਰ ਅਸੀਂ ਆਪਣੇ ਆਪ ਨੂੰ ਸਵੀਕਾਰ ਨਹੀਂ ਕਰ ਪਾਉਂਦੇ ਕਿ ਇਸ ਸੰਸਾਰ ਵਿੱਚ ਕੁਝ ਅਜਿਹਾ ਹੋ ਸਕਦਾ ਹੈ ਜੋ ਅਸੀ ਆਪਣੇ ਲਈ ਸੋਚਿਆ ਸੀ ਉਹ ਤੁਹਾਨੂੰ ਕੁਝ ਪਤਾ ਨਹੀਂ ਹੋ ਸਕਦਾ; ਕਿ ਇੱਥੇ ਕੁਝ ਅਜਿਹਾ ਹੈ ਜੋ ਸਾਡੇ ਨਿਯੰਤਰਣ ਤੋਂ ਬਗੈਰ ਵਾਪਰਦਾ ਹੈ।ਕਈ ਵਾਰ ਆਪਾ ਕਈ ਚੀਜ਼ਾਂ ਜਿੰਨਾਂ ਨੂੰ ਆਪਣੇ ਕੰਟਰੋਲ ਹੇਠ ਕਰਨ ਲਈ ਸੁਪਨੇ ਦੇਖ ਲੈਂਦੇ ਹਾਂ ਜੋ ਕਿ ਪੂਰੇ ਹੋਣੇ ਅਸੰਭਵ ਹਨ ।ਸੁਪਨੇ ਅਸਪਸ਼ਟ ਤੇ ਗੁੰਝਲਦਾਰ ਹੁੰਦੇ ਹਨ। ਮਨੋ ਵਿਗਿਆਨੀਆਂ ਨੇ ਕਿਹਾ ਹੈ ਕਿ ਸੁਪਨੇ ਮਨ ਅੰਦਰ ਦੱਬੀਆਂ ਖੁਆਹਿਸਾਂ ਦੀ ਪੂਰਤੀ ਹੁੰਦੇ ਹਨ । ਮਨੋਚਿਕਿਤਸਕ ਸਿਗਮੰਡ ਫਰਾਇਡ ਅਤੇ ਜੁੰਗ ਦਾ ਵਿਚਾਰ ਸੀ ਕਿ ਸੁਪਨਿਆਂ ਦੁਆਰਾ ਅਸੀਂ ਗੁਪਤ ਖਾਹਿਸ਼ਾਂ ਨੂੰ ਸੁਖਦਾਇਕ ਪ੍ਰਤੀਕਾਂ ਦਾ ਬਦਲ ਦੇ ਦਿੰਦੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਮਨ ਨੂੰ ਸਤਾ ਰਹੀਆਂ ਬਿਰਤੀਆਂ ਨੂੰ ਛੁਪਾ ਲੈਂਦੇ ਹਾਂ।ਉਸ ਨੇ ਸੁਪਨਿਆਂ ਨੂੰ ਦੱਬੀਆਂ ਖਾਹਿਸ਼ਾਂ ਦੀ ਪੂਰਤੀ ਦੱਸਿਆ ਹੈ।ਸੁਪਨੇ ਲੈਂਦੇ ਸਮੇਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਸਭ ਹੂਬਹੂ ਵਾਪਰ ਰਿਹਾ ਹੋਵੇ ਅਸੀਂ ਅਸਲੀ ਜ਼ਿੰਦਗੀ ਜੀ ਰਹੇ ਹੋਈਏ ਪਰ ਜਦੋਂ ਜਾਗ ਆਉਂਦੀ ਹੈ ਤਾਂ ਇਹ ਕਲਪਨਾ ਜਿਹੀ ਪ੍ਰਤੀਤ ਹੁੰਦੀ ਹੈ।ਤੇ ਜਦੋਂ ਅਸੀਂ ਨੀਂਦ 'ਚੋ ਬਾਹਰ ਹੋਕੇ ਦੇਖਦੇ ਹਾਂ ਤਾਂ ਸਭ ਕੁੱਝ ਦਿਸਦੇ ਉਲਟ ਹੁੰਦਾ ਹੈ।ਸੋ ਦੋਸਤੋਂ ਸੁਪਨੇ ਕਦੇ ਵੀ ਪੂਰੇ ਨਹੀਂ ਹੁੰਦੇ ਜੋ ਅਸੀਂ ਕਲਪਨਾ ਵਿੱਚ ਦੇਖਦੇ ਹਾਂ ਸੋਚਦੇ ਹਾਂ।ਕਦੇ ਵੀ ਨਰਾਜ਼ ਨਾ ਹੋਵੋ ਸੁਪਨੇ ਹਮੇਸ਼ਾ ਜਾਗਦੇ ਹੋਏ ਦੇਖੋ ਤਾ ਜੋ ਉਹਨਾਂ ਨੂੰ ਪੂਰਾ ਕੀਤਾ ਜਾ ਸਕੇ।

# ਕਹਾਣੀ

# ਬੇਗਾਨਾ ਧੰਨ



ਗੁਰਬਾਜ ਸਿੰਘ

ਕਸਬੇ ਦੇ ਸਿਟੀ ਹਸਪਤਾਲ ਦੇ ਬਾਹਰ ਬੈਠਾ ਬਲਵੰਤ ਸਿੰਘ ਪਤਾ ਨਹੀ ਕਿਹੜੇ ਖਿਆਲਾਂ ਵਿੱਚ ਗੁੰਮ ਸੀ, ਉਸ ਦਾ ਗੱਚ ਭਰਿਆ ਹੋਇਆ ਸੀ, ਬਸ ਡਲਕਣ ਹੀ ਵਾਲਾ ਸੀ, ਚੇਹਰੇ ਦਾ ਰੰਗ ਫੱਕਾ ਹੋਇਆ ਪਿਆ ਸੀ। ਮਹਿੰਦਰ ਪਾਲ ਦੇ ਦੋ ਹੀ ਬੱਚੇ ਸਨ, ਬੇਟਾ ਰਵੀਪਾਲ ਤੇ ਬੇਟੀ ਅੰਮ੍ਰਿਤਪਾਲ। ਦੋਹਾਂ ਦੇ ਸੁਭਾਅ ਵਿਚ ਰਾਤ ਦਿਨ ਦਾ ਫਰਕ ਸੀ, ਜੇ ਰਵੀ ਢੀਠ, ਕੰਮਚੋਰ ਤੇ ਵੇਹਲੜ-ਸ਼ਰਾਬੀ ਹੋਣ ਕਾਰਨ ਹਨੇਰੀ ਕਾਲੀ-ਬੋਲੀ ਰਾਤ ਸੀ, ਤਾਂ ਅੰਮ੍ਰਿਤਾ ਨਿੱਘੇ-ਸੁਭਾਅ ਮਾਲਕ, ਪੜਾਈ ਵਿਚ ਲਾਇਕ, ਨਿਮਰਤਾ, ਸੀਰਤ ਤੇ ਸੂਰਤ ਦੀ ਸੁੰਦਰ ਸਵੇਰ ਜਿਹੀ ਸੀ। ਅੰਮ੍ਰਿਤਾ, ਸਭ ਉਸ ਨੂੰ ਪਿਆਰ ਨਾਲ ਅੰਮ੍ਰਿਤਾ ਹੀ ਸੱਦਦੇ ਸਨ। ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ, ਸਭਨਾਂ ਨਾਲ ਅਦਬ ਸਤਿਕਾਰ ਨਾਲ ਗੱਲ ਕਰਨੀ, ਘਰ ਆਏ ਦੀ ਆਓ ਭਗਤ ਨਿਮਰਤਾ ਨਾਲ ਕਰਨੀ, ਘਰੇਲੂ ਕੰਮਾਂ ਚ ਮਾਹਿਰ ਆਦਿ ਗੁਣਾਂ ਦੀ ਗੁਥਲੀ ਸੀ। ਰੰਗ ਦੀ ਭਾਵੇਂ ਅੰਮ੍ਰਿਤਾ ਸਾਂਵਲੀ ਜਿਹੀ ਸੀ ਪਰ ਉਸ ਦੇ ਸੰਸਕਾਰ, ਅਕਲ ਤੇ ਵੇਹੜੇ ਵਿਚ ਸਭ ਤੋਂ ਜਿਆਦਾ ਪੜੀ ਹੋਣ ਕਾਰਨ ਉਹ ਸਭ ਦੀ ਪਿਆਰੀ ਬੇਟੀ ਸੀ। ਮਾਤਾ-ਪਿਤਾ ਨੂੰ ਉਸ ਤੇ ਬਹੁਤ ਮਾਣ ਸੀ।

ਮਹਿੰਦਰ ਪਾਲ ਕਾਰਪੋਰੇਸ਼ਨ ਮਹਿਕਮੇ ਵਿਚ ਸੇਵਾਦਾਰ ਦੀ ਪੋਸਟ ਤੋਂ ਕਈ ਸਾਲਾਂ ਬਾਦ ਰਿੜ-ਖੁੜ ਕੇ ਬਾਊ ਬਣ ਕੇ ਦੋ ਸਾਲ ਪਹਿਲਾਂ ਸੇਵਾਮੁਕਤ ਹੋਇਆ ਸੀ। ਸੇਵਾਮੁਕਤੀ ਤੇ ਉਸ ਨੂੰ ਖਾਸ ਰਕਮ ਨਹੀ ਮਿਲੀ ਸੀ, ਜੋ ਕੁਝ ਮਿਲਿਆ ਸੀ, ਉਸ ਵਿੱਚੋਂ ਕੁਝ ਬੇਟੇ ਤੇ ਬੇਟੀ ਨੂੰ ਪੜਾਈ ਕਰਾਉਣ ਤੇ ਖਰਚ ਕਰ ਛੱਡੀ ਸੀ, ਕੁਝ ਅੰਮ੍ਰਿਤਾ ਦੇ ਵਿਆਹ ਉੱਪਰ, ਜੋ ਪੈਨਸ਼ਨ ਮਿਲਦੀ ਸੀ ਉਸਦਾ ਕੁਝ ਨਿਗੁਣਾ ਜਿਹਾ ਹਿੱਸਾ ਘਰ ਦੇ ਲੋਨ ਤੇ ਚਲੀ ਜਾਂਦੀ ਸੀ।

-ਰਵੀ ਨੂੰ ਉਸ ਨੇ ਜਿਸ ਵੀ ਕੰਮ ਵਿਚ ਵੀ ਪਾਇਆ ਉਸ ਵਿੱਚੋਂ ਕੋਈ ਨਾ ਸਿਰੇ ਚਾੜਿਆ ਤੇ ਭੈੜੇ ਯਾਰਾਂ ਦੀ ਸੰਗਤ ਵਿਚ ਰਲ ਕੇ ਵੇਹਲੜ ਬਣ ਗਿਆ ਸੀ। ਇਹ ਕੰਮ ਭਾਵੇਂ ਮੋਟਰ ਸਾਇਕਲ ਦਾ ਸਰਵਿਸ ਸਟੇਸ਼ਨ ਸੀ, ਕਰਿਆਨੇ ਦੀ ਦੁਕਾਨ ਸੀ। ਰਵੀ ਬੀ.ਏ ਦੀ ਪੜਾਈ ਵੀ ਪਹਿਲੇ ਸਾਲ ਹੀ ਛੱਡ ਚੁੱਕਾ ਸੀ। ਦੂਜੇ ਪਾਸੇ ਅੰਮ੍ਰਿਤਾ ਨੇ ਨਰਿਸੰਗ ਦੀ ਡਿਗਰੀ ਪਹਿਲੇ ਦਰਜੇ ਵਿਚ ਪਾਸ ਕਰ ਲਈ ਸੀ।

ਅੰਮ੍ਰਿਤਾ ਭਾਵੇਂ ਰਵੀ ਤੋਂ ਤਿੰਨ ਸਾਲ ਵੱਡੀ ਸੀ, ਪਰ ਵੇਖਣ ਨੂੰ ਉਹ ਰਵੀ ਤੋਂ ਛੋਟੀ ਲੱਗਦੀ ਸੀ। ਅੰਮ੍ਰਿਤਾ ਰਵੀ ਤੋਂ ਛੋਟੀ ਹੋਣ ਦੇ ਬਾਵਜੂਦ ਵੀ ਰਵੀ ਤੋਂ ਸਿਆਣੀ, ਅਕਲਮੰਦ ਤੇ ਲਿਆਕਤ-ਪੜਾਈ ਵਿਚ ਦੂਣੀ ਸੀ। ਘਰ ਵਿਚ ਜੇ ਕੋਈ ਰਵੀ ਦੇ ਝਗੜੇ ਕਾਰਨ ਕਲੇਸ਼ ਹੋ ਵੀ ਜਾਂਦਾ ਸੀ ਤਾਂ ਅੰਮ੍ਰਿਤਾ ਸਭ ਨੂੰ ਗਲ ਵਿਚ ਲੈ ਕੇ ਸਮਝਾ ਲੈਂਦੀ ਤੇ ਚੁਪ ਕਰਵਾ ਦਿੰਦੀ ਸੀ। ਰਵੀ ਦੀਆਂ ਪਤਾ ਨਹੀਂ ਕਿੰਨੀਆਂ ਗਲਤੀਆਂ-ਨਾਦਾਨੀਆਂ ਤੇ ਉਹ ਪੜਦਾ ਪਾ ਕੇ ਕੱਝਦੀ ਰਹਿੰਦੀ ਸੀ। ਰਵੀਂ ਮਾਂ-ਪਿਓ ਦੀਂ ਥਾਂ ਅੰਮ੍ਰਿਤਾ ਦੀ ਗੱਲ ਮੰਨ ਲੈਂਦਾ ਸੀ। ਪਰ ਪਿਛੋਂ ਰਵੀ ਦਾ ਫੇਰ ਉਹੀ ਹਾਲ ਰਹਿੰਦਾ ਸੀ।

ਮਹਿੰਦਰਪਾਲ ਤੇ ਉਸਦੀ ਪਤਨੀ ਆਸ਼ਾ ਰਵੀ ਤੋਂ ਵੀ ਜਿਆਦਾ ਪਿਆਰ ਆਪਣੀ ਧੀ ਅੰਮ੍ਰਿਤਾ ਨਾਲ ਕਰਦੇ ਸਨ। ਉਹ ਮਾਂ ਬਾਪ ਦੀਆਂ ਅੱਖਾਂ ਵਿਚ ਕਦੀ ਵੀ ਅਥਰੂ ਨਹੀ ਵੇਖ ਸਕਦੀ ਸੀ। ਉਹਨਾਂ ਦੇ ਦੁਖੀ ਹੋਣ ਦੀ ਗੱਲ਼ ਬਹੁਤ ਦੂਰ ਦੀ ਸੀ। ਆਪਣੇ ਭਰਾ ਦੀ ਜਿੱਦ ਪੁਗਾਉਣ ਲਈ ਉਹ ਮਾਂ ਪਿਓ ਨੂੰ ਮਨਾ ਹੀ ਲੈਂਦੀ ਸੀ। ਇਸੇ ਲਈ ਰਵੀ ਕਿਸੇ ਵੀ ਮਹਿੰਗੀ ਚੀਜ ਲਈ ਹਮੇਸ਼ਾਂ ਅੰਮ੍ਰਿਤਾ ਦੀ ਸ਼ਿਫਾਰਸ਼ ਪਾਉਂਦਾ ਸੀ। ਫਿਰ ਚਾਹੇ ਰਵੀ ਦੇ ਕਾਲਜ ਦੀ ਪੜਾਈ ਲਈ ਮੋਟਰਸ-ਾਇਕਲ ਦੀ ਮੰਗ ਕਰਨਾ ਜਾਂ ਮਹਿੰਗਾ ਫੋਨ ਲੈਣਾ ਸੀ। ਅੰਮ੍ਰਿਤਾ ਦੇ ਹਰ ਕੰਮ ਨੂੰ ਬੜੀ ਸੂਝ-ਬੂਝ ਨਾਲ ਨਿਪਟਾਉਣ ਤੇ ਘਰ ਦਾ ਮਾਹੌਲ ਖੁਸ਼ਗਵਾਰ ਬਣਾਈ ਰੱਖਣ ਲਈ, ਸਭ ਨੂੰ ਮੱਤਾਂ ਦੇ-ਦੇ ਸਮਝਾਉਣ ਕਾਰਨ ਮਹਿੰਦਰਪਾਲ ਹਮੇਸ਼ਾਂ, " ਮੱਤਾਂ ਦਾ ਖ਼ਜਾਨਾ " ਕਹਿ ਕਿ ਸੱਦਦਾ ਸੀ।

ਮਹਿੰਦਰ ਪਾਲ ਨੂੰ ਅੱਜ ਦੁੱਖ ਦੀ ਘੜੀ ਪੁਰਾਣੀਆਂ ਗੱਲਾਂ ਯਾਦ ਆ ਰਹੀਆਂ ਸਨ, ਜਦ ਰਵੀ ਯਾਰਾਂ ਕੋਲੋਂ ਲੋਹੜੀ ਦੇ ਤਿਓਹਾਰ ਤੇ ਸ਼ਰਾਬ ਪੀ ਆਇਆ ਸੀ ਤੇ ਘਰ ਵਿੱਚ ਬੜਾ ਕਲੇਸ਼ ਪਿਆ ਸੀ। ਉਦੋ ਵੀ ਅੰਮ੍ਰਿਤਾ ਨੇ ਸਭ ਕੁਝ ਸੰਭਾਲ ਲਿਆ ਸੀ ਤੇ ਸਭ ਨੂੰ ਸਮਝਾ ਕੇ ਸ਼ਾਂਤ ਕਰ ਦਿੱਤਾ ਸੀ। ਅੰਮ੍ਰਿਤਾ ਦੀ ਸਿਆਣਪ ਦੀਆਂ ਤੇ ਘਰਦਿਆਂ ਨਾਲ ਪਿਆਰ ਤੇ ਹਰ ਕੰਮ ਸਿਆਣਪ ਨਾਲ ਨਿਪਟਾਉਣ ਲਈ ਉਹ ਦਫਤਰ ਆਪਣੇ ਦੋਸਤ ਕਿਸ਼ਨ ਚੰਦ ਨਾਲ ਅਕਸਰ ਆਪਣੀ ਧੀ ਦੀਆਂ ਤਾਰੀਫਾਂ ਕਰਦਾ ਰਹਿੰਦਾ ਸੀ ਤੇ ਕਹਿੰਦਾ ਸੀ ਕਿ ਅੰਮ੍ਰਿਤਾ ਨੂੰ ਮੈਂ ਰਵੀ ਤੋ ਵੀ ਜਿਆਦਾ ਮੋਹ ਕਰਦਾ ਹਾਂ। ਮੇਰੇ ਦਫਤਰ ਤੋਂ ਆਉਣ ਤੇ ਪਾਣੀ ਦਾ ਗਿਲਾਸ ਲਈ ਮੇਰੀ ਅੰਮ੍ਰਿਤ ਪਹਿਲਾਂ ਹੀ ਦਰਵਾਜੇ ਅੰਦਰ ਖੜੀ ਰਹਿੰਦੀ ਹੈ। ਮੇਰੀ ਸਿਰ ਦਬਾਉਂਦੀ ਹੈ, ਛੁੱਟੀ ਵਾਲੇ ਦਿਨ ਮੇਰੇ ਵਾਲਾਂ ਵਿਚ ਤੇਲ ਵੀ ਝੱਸਦੀ ਹੈ, ਮੇਰੇ ਦਫਤਰ ਲਈ ਕੱਪੜੇ ਹਮੇਸ਼ਾਂ ਪ੍ਰੈਸ ਕਰਕੇ ਰੱਖਦੀ ਹੈ, ਆਪਣੀ ਮਾਂ ਨੂੰ ਕਦੀ ਇਕੱਲ਼ੇ ਕੰਮ ਨਹੀ ਕਰਨ ਦਿੰਦੀ, ਮੇਰੇ ਨਾਲ ਹੀ ਖਾਣਾ ਖਾਂਦੀ ਹੈ। ਬੜੀ ਸੇਵਾ ਕਰਦੀ ਹੈ, ਰੱਬ ਸਭ ਨੂੰ ਅਜਿਹੀਆਂ ਧੀਆਂ ਦੇਵੇ। ਉਹ ਅਕਸਰ ਆਪਣੇ ਦੋਸਤ ਨੂੰ ਕਹਿੰਦਾ, "ਕਿਸ਼ਨ ਚੰਦਾ, ਧੀਆਂ ਕਿੰਨਾ ਮਾਪਿਆਂ ਨਾਲ ਪਿਆਰ ਕਰਦੀਆਂ ਨੇ, ਇਹੋ ਘਰ ਦੀਆਂ ਰੌਣਕ ਹੁੰਦੀਆਂ ਨੇ, ਰੱਬ ਸਭ ਨੂੰ ਮੇਰੀ ਧੀ ਵਰਗੀ ਧੀ ਦੇਵੇ." ਇਸ ਤੇ ਉਸਦਾ ਦੋਸਤ ਕਿਸ਼ਨ ਚੰਦ ਅਕਸਰ ਉਸਨੂੰ ਕਿਹਾ ਕਰਦਾ ਸੀ, "ਬਈ, ਮਹਿੰਦਰ ਪਾਲਾ ? ਇੰਨਾ ਮੋਹ ਨਾ ਕਰਿਆ ਕਰ? ਧੀਆਂ ਤਾਂ ਬੇਗਾਨਾ ਧੰਨ ਹੁੰਦੀਆਂ ਨੇ, ਇੱਕ ਦਿਨ ਵਿਦਾ ਕਰਨੀਆਂ ਹੀ ਪੈਂਦੀਆਂ ਨੇ" ਪਰ ਇਸ ਤੇ ਮਹਿੰਦਰ ਪਾਲ ਕੋਈ ਬਹੁਤ ਧਿਆਨ ਨਾ ਦਿੰਦਾ, ਤੇ ਨਾ ਹੀ ਕੋਈ ਜੁਆਬ ਦਿੰਦਾ, ਸ਼ਾਇਦ ਉਸਨੂੰ ਇਹ ਚੰਗਾ ਨਾ ਲੱਗਦਾ। ਸਗੋਂ ਉਹ ਅੱਗੋਂ ਕਹਿੰਦਾ, "ਧੀਆਂ ਤਾਂ ਵੱਡੇ ਭਾਗਾਂ ਨਾਲ ਮਿਲਦੀਆਂ ਹਨ, ਧੀਆਂ ਵੱਡੇ ਦਿਲ ਵਾਲੀਆਂ ਤੇ ਸਬਰ ਵਾਲੀਆਂ ਹੁੰਦੀਆਂ ਹਨ, ਧੀਆਂ ਨਾਲ ਘਰ ਵਿਚ ਰੌਣਕਾਂ ਹੁੰਦੀਆਂ ਨੇ, ਬਰਕਤਾਂ ਹੁੰਦੀਆਂ ਨੇ। ਮੁੰਡੇ ਤਾਂ ਕਮੀਨੇ ਹੁੰਦੇ ਨੇ, ਪਿਓ ਦੀ ਸਭ ਕਮਾਈ ਖਰਚ ਉਡਾ ਦਿੰਦੇ ਨੇ, ਇਸ ਤੇ ਦੋਵੇਂ ਦੋਸਤ ਖਿੜ-ਖਿੜਾ ਕੇ ਹੱਸਦੇ ਨੇ।"

ਫੇਰ ਹੰਝੂਆਂ ਭਰੇ ਚੇਹਰੇ ਤੇ ਅਚਾਨਕ ਮੁਸਕਰਾਹਟ ਆਈ, ਉਸਨੂੰ ਯਾਦ ਆਇਆ ਕਿ ਉਸਨੇ ਇਕ ਵਾਰ ਰਵੀ ਨੂੰ ਡਾਂਟਦੇ ਹੋਏ ਕਿਹਾ, 'ਤੂੰ ਕੰਜਰ ਵਾਂ, ਕੁੱਤਾ ਵਾਂ, ਸੁਧਰ ਜਾ, ਕੁਝ ਆਪਣੀ ਭੈਣ ਤੋ ਹੀ ਮੱਤ ਲੈ ਲਾ' "ਇਸ ਤੇ ਰਵੀ ਅੱਗੋਂ ਹੱਸ ਕੇ ਕਹਿੰਦਾ, " ਓ, ਯਾਰ ਡੈਡੀ ਤੁਸੀਂ ਮੈਨੂੰ ਝਿੜਕਿਆ ਨਾ ਕਰੋ, ਅੰਮ੍ਰਿਤਾ ਨੇ ਤਾਂ ਵਿਆਹ ਤੋਂ ਬਾਦ ਬਗਾਨੇ ਘਰ ਚਲੇ ਜਾਣਾ ਵਾਂ, ਸੇਵਾ ਤੁਹਾਡੀ ਤਾਂ ਮੈਂ ਹੀ ਕਰਨੀ ਵਾ।" ਝਟ ਅੰਮ੍ਰਿਤਾ ਨੇ ਕਹਿੰਦੀ ਹੈ, "ਕੋਈ ਨਾ ਡੈਡੀ ਜੀ ਤੁਸੀ ਫਿਕਰ ਨਾ ਕਰਿਓ, ਇਕ ਫੋਨ ਕਰ ਦੇਣਾ ਮੈਂ ਭੱਜੀ ਆਵਾਂਗੀ, ਹਮੇਸ਼ਾ।" ਹਾ..ਹਾ. ਹਾ..ਇਸ ਤੇ ਸਭ ਜਾਣੇ ਖੂਬ ਹੱਸਦੇ ਨੇ। ਉਸ ਨੂੰ ਅੱਜ ਵੀ ਰਵੀ ਤੇ ਅੰਮ੍ਰਤ ਦਾ ਬਚਪਨ ਯਾਦ ਆ ਰਿਹਾ ਸੀ ਕਿ ਕਿਵੇਂ ਰਵੀ ਦਾ ਕੋਈ ਖਿਡੌਣਾ ਟੁੱਟ ਜਾਣਾ ਜਾਂ ਕੋਈ ਖਾਣ ਵਾਲੀ ਚੀਜ ਹੋਰ ਲੈਣੀ ਹੁੰਦੀ ਸੀ ਤਾਂ ਝੱਟ ਅੰਮ੍ਰਿਤ ਆਪਣਾ ਖਿਡੌਣਾ ਤੇ ਦਿੰਦੀ ਸੀ ਤੇ ਆਪਣੀ ਚੀਜ ਭਰਾ ਨੂੰ ਵੱਧ ਦੇ ਕੇ ਥੋੜੀ ਰੱਖ ਲੈਂਦੀ ਸੀ। ਇਨਾਂ ਯਾਦਾਂ ਨੂੰ ਸੋਚ ਮਹਿੰਦਰ ਪਾਲ ਰੋ ਵੀ ਰਿਹਾ ਸੀ ਤੇ ਹੱਸ ਵੀ ਰਿਹਾ ਸੀ।

ਦੋਵਾਂ ਦੇ ਜਵਾਨ ਹੋਏ ਤਾਂ ਰਿਸ਼ਤਿਆਂ ਦੀ ਗੱਲ ਤੁਰੀ ਰਵੀ ਦੇ ਵੇਹਲੜ ਤੇ ਸ਼ਰਾਬੀ ਹੋਣ ਕਾਰਨ ਰਿਸ਼ਤੇ ਆ-ਆ ਕੇ ਮੁੜ ਜਾਂਦੇ ਰਹੇ। ਪਰ ਅੰਮ੍ਰਿਤਾ ਦੀ ਪੜਾਈ ਤੇ ਸੀਰਤ-ਸੂਰਤ ਦੀ ਵਡਿਆਈ ਹੋਣ ਕਾਰਨ ਉਸ ਨੂੰ ਇੱਕ ਦੂਰ-ਦੁਰਾਡੇ ਸ਼ਹਿਰ ਤੋਂ ਰਿਸ਼ਤਾ ਹੋ ਗਿਆ ਪਰਿਵਾਰ ਵਾਲੇ ਬਹੁਤ ਚੰਗੇ ਤੇ ਸਾਦਗੀ ਪਸੰਦ ਸਨ, ਸਭ ਤੋਂ ਵੱਡੀ ਗੱਲ ਲੜਕੇ ਨੇ ਡਾਕਟਰੀ ਦੀ ਪੜਾਈ ਕੀਤੀ ਸੀ ਤੇ ਰਵੀ ਬਾਰੇ ਪਤਾ ਲੱਗਣ ਤੇ ਵੀ ਉਨ੍ਹਾਂ ਦੇ ਅੰਮ੍ਰਤਾ ਦੀ ਪੜਾਈ, ਸੁਭਾਅ ਤੇ ਵਿਚਾਰਾਂ ਦੀ ਖੂਬਸੂਰਤੀ ਨੂੰ ਪਹਿਲ ਦਿੱਤੀ। ਮਹਿੰਦਰ ਪਾਲ ਨੇ ਵਿਤੋਂ ਬਾਹਰ ਜਾ ਕੇ ਅੰਮ੍ਰਿਤਾ ਦਾ ਵਿਆਹ ਕੀਤਾ ਸੀ। ਅੰਮ੍ਰਿਤਾ ਨੈ ਵਿਦਾ ਹੋਣ ਤੋ ਪਹਿਲਾਂ ਰਵੀ ਨੂੰ ਬਹੁਤ ਸਮਝਾਇਆ ਕਿ ਮੰਮੀ-ਡੈਡੀ ਦਾ ਖਿਆਲ ਰੱਖੀ ਤੇ ਉਨਾਂ ਦੀ ਹਰ ਗੱਲ ਮੰਨੀ। ਮਹਿੰਦਰ ਪਾਲ ਧੀ ਨੂੰ ਵਿਦਾ ਕਰਨ ਲੱਗੇ ਬੜਾ ਰੋਇਆ ਸੀ, ਉਸ ਨੂੰ ਘਰ ਖਾਲੀ-ਖਾਲੀ ਲੱਗਦਾ ਸੀ। ਉਹ ਤੇ ਉਸਦੀ ਪਤਨੀ ਆਸ਼ਾ ਬਹੁਤ ਉਦਾਸ ਰਹਿਣ ਲੱਗੇ।

ਅੰਮ੍ਰਿਤਾ ਦੇ ਵਿਆਹ ਹੋਣ ਦੀ ਹੀ ਦੇਰ ਸੀ ਕਿ ਕੁਝ ਦਿਨਾਂ ਪਿਛੋਂ ਹੀ ਰਵੀ ਦੀਆਂ ਆਦਤਾਂ ਬਦ ਤੋਂ ਬਦਤਰ ਹੋਣੀਆਂ ਸੂਰੂ ਹੋ ਗਈਆਂ। ਸ਼ਰਾਬ ਦੇ ਨਾਲ ਨਾਲ ਉਸਦੇ ਦੋਸਤ ਘਰ ਆਉਣੇ ਸੂਰੂ ਹੋ ਗਏ। ਪਰ ਭਲੇ ਮਾਂ ਪਿਓ ਦਾ ਸਮਝਾਉਣਾ ਤੇ ਰੋਣਾ ਉਸ ਨੂੰ ਰੋਕ ਨਾ ਸਕਿਆ। ਖੁਸ਼ ਤੇ ਸੁਖੀ ਵੱਸਦੀ ਧੀ ਨੂੰ ਦੱਸ ਕੇ ਉਹ ਅੰਮ੍ਰਿਤਾ ਨੂੰ ਦੁਖੀ ਨਹੀ ਕਰਨਾ ਚਾਹੁੰਦੇ ਸਨ। ਮਹਿੰਦਰ ਪਾਲ ਨੇ ਆਪਣੇ ਦਫਤਰ ਵਿੱਚ ਅਸਰ ਰਸੂਖ ਤੇ ਅਫਸਰਾਂ ਦਾ ਤਰਲਾ ਮਿੰਨਤ ਕਰਕੇ ਉਸ ਨੂੰ ਆਪਣੇ ਦਫਤਰ ਵਿੱਚ ਕੱਚੀ ਅਸਾਮੀ ਤੇ ਸੇਵਾਦਾਰ ਰਖਾ ਦਿੱਤਾ, ਪਰ ਉਸਦੀ ਸੇਵਾਦਾਰੀ ਤੋਂ ਹਿਓਮੈਂ ਵੱਡੀ ਹੋਣ ਕਾਰਨ ਉਸ ਨੂੰ ਸੇਵਾਦਾਰੀ ਚੰਗੀ ਨਾ ਲੱਗੀ। ਨੌਕਰੀ ਛੁੜਵਾਉਣ ਵਿੱਚ ਕੁਝ ਰਹਿੰਦੀ ਕਸਰ ਉਸ ਦੇ ਨਸ਼ੇੜੀ ਸਾਥੀਆਂ ਨੇ ਪੂਰੀ ਕਰ ਦਿੱਤੀ ਸੀ। ਸਾਰੇ ਮਹੱਲੇ ਵਿੱਚ ਉਹ ਸ਼ਰਾਬੀ ਵਜੋਂ ਮਸ਼ਹੂਰ ਹੋ ਗਿਆ ਸੀ। ਅੰਮ੍ਰਿਤਾ ਜਦੋਂ ਵੀ ਪੇਕੇ ਆਉਂਦੀ ਰਵੀ ਨੂੰ ਸਮਝਾ ਬੁਝਾ ਕੇ ਆਪਣਾ ਫਰਜ਼ ਨਿਭਾ ਮੁੜ ਜਾਂਦੀ, ਕਿਉਂਕਿ ਹੁਣ ਉਸ ਦਾ ਵੀ ਆਪਣਾ ਇੱਕ ਪਰਿਵਾਰ-ਸੰਸਾਰ ਸੀ, ਪਰ ਉਸਦਾ ਚਿੱਤ ਤੇ ਚਿੰਤਾ ਮਾਂ-ਪਿਓ ਤੇ ਭਰਾ ਵੱਲ ਹੀ ਸੀ।

ਹੁਣ ਰਵੀ ਦੇ ਰਵੱਈਏ ਦੀ ਅਖੀਰ ਉਦੋਂ ਹੋਈ ਸੀ, ਜਦ ਰਵੀ ਮੋਟਰ ਸਾਇਕਲ ਜੂਏ ਵਿੱਚ ਹਾਰ ਆਇਆ ਸੀ, ਇਸ ਤੇ ਮਹਿੰਦਰ ਪਾਲ ਨੇ ਰਵੀ ਨੂੰ ਝਿੜਕਿਆ ਤਾਂ ਰਵੀ ਅੱਗੋ ਬੋਲ ਪਿਆ, " ਤੁਸੀਂ ਕੌਣ ਹੁੰਨੈ ਓ, ਮੇਰੇ ਤੇ ਹੱਥ ਚੁੱਕਣ ਵਾਲੇ, ਤੇ ਨਾਲ ਹੀ ਓਨੇ ਪਿਓ ਤੇ ਹੱਥ ਚੁੱਕ ਲਿਆ", ਇਹ ਦੇਖ ਮਾਂ ਰਵੀ ਨੂੰ ਡਾਂਟਣ ਲਈ ਅੱਗੇ ਵਧੀ ਹੀ ਸੀ ਕਿ ਉਸਦੇ ਦਿਲ ਵਿਚੱ ਇੱਕ ਜੋਰਦਾਰ ਚੀਸ ਉੱਠੀ ਤੇ ਥਾਏਂ ਹੀ ਡਿੱਗ ਪਈ, ਪਿਓ ਦੇ ਵੀ ਰੰਗ ਉੱਡ ਗਏ, ਦੋਵਾਂ ਨੇ ਕਿਸੇ ਤਰਾਂ ਮਹਿੰਦਰ ਕੌਰ ਨੂੰ ਨੇੜੇ ਦੇ ਸਿਟੀ ਹਸਪਤਾਲ ਪਹੁੰਚ-ਾਇਆ। ਡਾਕਟਰਾਂ ਨੇ ਦੱਸਿਆ ਸੀ ਕਿ ਜੋਰਦਾਰ ਹਾਰਟ ਅਟੈਕ ਆਇਆ ਹੈ, ਜਰਾ ਵੀ ਦੇਰੀ ਜਾਨ ਲੈ ਸਕਦੀ ਸੀ, ਡਾਕਟਰਾਂ ਨੇ ਦੱਸਿਆ ਕਿ ਹਾਰਟ ਬਲਾਕੇਜ ਜਿਆਦਾ ਹੋਣ ਕਾਰਨ ਰਵੀਂ ਦੀ ਮਾਂ ਦੀ ਬਾਈ-ਪਾਸ ਸਰਜਰੀ ਕੀਤੀ ਜਾਣੀ ਹੈ। ਡਾਕਟਰਾਂ ਨੇ ਇਲਾਜ, ਦਵਾਈਆਂ ਤੇ ਦੋ ਲੱਖ ਦਾ ਖਰਚ ਆਉਣ ਬਾਰੇ ਦੱਸਿਆ। ਹੁਣ ਮਹਿੰਦਰ ਪਾਲ ਇੰਨੀ ਰਕਮ ਦਾ ਪ੍ਰਬੰਧ ਕਰਨ ਬਾਰੇ ਸੁਣ ਕੇ ਡਾਹਢਾ ਦੁਖੀ ਤੇ ਪਰੇਸ਼ਾਨ ਸੀ। ਆਪਣੇ ਦੋਸਤਾਂ ਨੂੰ ਮੱਦਦ ਦਾ ਵਾਸਤਾ ਪਾਇਆ ਤਾਂ ਦੋਸਤ ਕਿਸ਼ਨ ਚੰਦ ਨੇ ਬੇਟੇ ਨੂੰ ਵਿਦੇਸ਼ ਭੇਜਣ ਦਾ ਕਾਰਨ ਦੱਸ ਪੱਲਾ ਝਾੜ ਲਿਆ ਸੀ। ਸੋਹਣ ਸਿੰਘ ਨੇ ਪਿਛਲੇ ਮਹੀਨੇ ਡੇਂਗੂ ਦੀ ਬਿਮਾਰੀ ਦੇ ਇਲਾਜ ਤੇ ਹੋਏ ਖਰਚ ਦੀ ਦੁਹਾਈ ਪਾ ਦਿੱਤੀ। ਰਵੀ ਕੋਲੋਂ ਇਕ ਪੈਸੇ ਦੀ ਉਮੀਦ ਨਹੀ ਸੀ, ਉਹ ਤਾਂ ਬੇਰੁਜਗਾਰ ਵੇਹਲੜ ਪਿਓ ਸਿਰ ਭਾਰ ਸੀ। ਜਿੰਦਗੀ ਦੀ ਦੌੜ ਤੋਂ ਥੱਕ ਮਹਿੰਦਰਪਾਲ ਬੇਵੱਸ ਹੋ, ਹਸਪਤਾਲ ਦੇ ਬਾਹਰ ਹੀ ਬੈਠਾ ਗਮਗੀਨ ਹੋਇਆ ਝੂਰ ਰਿਹਾ ਸੀ, ਤੇ ਹਸਪਤਾਲ ਦੇ ਖਰਚੇ ਤੇ ਇਲਾਜ ਬਾਰੇ ਸੋਚ ਰਿਹਾ ਸੀ।

ਅਗਲੇ ਹੀ ਪਲ ਮਹਿੰਦਰ ਪਾਲ ਦੇ ਸਾਹਮਣੇ ਅਚਾਨਕ ਇਕ ਵੱਡੀ ਕਾਰ ਰੁਕੀ, ਜਿਸ ਵਿੱਚੋਂ ਨਿਕਲੇ ਆਪਣੀ ਬੇਟੀ ਤੇ ਦਾਮਾਦ ਨੂੰ ਖੜਾ ਦੇਖ ਮਹਿੰਦਰ ਪਾਲ ਹੈਰਾਨਗੀ ਤੇ ਖੁਸ਼ੀ ਦੇ ਮਿਲਵੇਂ ਜਿਹੇ ਭਾਵਾਂ ਨਾਲ ਉੱਠਿਆ ਤੇ ਬੇਟੀ ਤੇ ਦਾਮਾਦ ਨੂੰ ਗਲ ਵਿੱਚ ਲੈ ਕੇ ਰੋਣ ਲੱਗ ਪਿਆ, ਅੰਮ੍ਰਿਤਾ ਬੋਲੀ, "ਰੋਵੇ ਨਾ ਡੈਡੀ ਜੀ, ਤੁਸੀ ਮੇਰੀ ਹਿੰਮਤ ਹੋ, ਤੁਸੀ ਹੀ ਰੋਵੋਗੇ ਤਾਂ ਮੈਨੂੰ ਕੋਣ ਹੌਸਲਾ ਦੇਵੇਗਾ, ਤੁਹਾਡਾ ਪੁੱਤ ਆ ਗਿਆ ਹੁਣ, ਮੈਂ ਸਭ ਕੁਝ ਠੀਕ ਕਰ ਦਿਆਂਗੀ, ਨਾਲੇ ਮੈਨੂੰ ਬੇਟੀ ਨਹੀ ਬੇਟਾ ਸਮਝਿਆ ਕਰੋ, ਹਰ ਦੁੱਖ-ਮੁਸ਼ਕਲ ਸਾਂਝੀ ਕਰਿਆ ਕਰੋ, ਮੈਂ ਤੁਹਾਡਾ ਪੁੱਤ ਹਾਂ...ਪੁੱਤ।" ਮੈਨੂੰ ਰਵੀ ਨੇ ਫੋਨ ਕਰਕੇ ਸਭ ਕੁਝ ਦੱਸ ਦਿੱਤਾ ਸੀ। ਪਿਤਾ ਦੇ ਨਾ ਕਰਨ ਤੇ ਵੀ ਹੱਥ ਵਿਚ ਬਦੋਬਦੀ ਪੈਸੇ ਥਮਾਉਂਦੇ ਹੋਏ ਅੰਮ੍ਰਿਤਾ ਬੋਲੀ, "ਤੁਸੀਂ ਕਿਵੇ ਸੋਚ ਲਿਆ ਤੁਸੀ ਇਕੱਲੇ ਹੋ, ਚਲੋ ਮੰਮੀ ਨੂੰ ਠੀਕ ਕਰੀਏ ਤੇ ਘਰ ਲੈ ਕੇ ਚੱਲੀਏ।" ਅੰਮ੍ਰਿਤਾ ਦੇ ਹਿੰਮਤੀ ਸ਼ਬਦਾਂ ਨੇ ਅੰਮ੍ਰਿਤ ਵਰਗਾ ਅਸਰ ਕੀਤਾ, ਹੁਣ ਮਹਿੰਦਰ ਪਾਲ ਦੇ ਚੇਹਰੇ ਤੇ ਅਜਬ ਸਕੂਨ ਤੇ ਖੁਸ਼ੀ ਸੀ, ਸ਼ਾਇਦ ਕਿਸੇ ਵੱਡੇ ਭਾਰ ਚਿੰਤਾ ਤੋਂ ਮੁਕਤੀ ਦੀ। ਮਹਿੰਦਰ ਪਾਲ ਨੇ ਅੰਮ੍ਰਿਤਾ ਨੂੰ ਘੁੱਟ ਕੇ ਗਲ ਲਾ ਲਿਆ ਤੇ ਉੱਚੀ-ਉੱਚੀ ਰੋਂਦਾ ਕਹਿਣ ਲੱਗ ਪਿਆ, "ਰੱਬਾ..ਧੀਆਂ ਕਦੇ ਵੀ ਬੇਗਾਨਾ ਧੰਨ ਨਹੀ ਹੁੰਦੀਆਂ, ਇਹ ਤਾਂ ਮੂਲ ਹੁੰਦੀਆਂ ਨੇ, ਸਦਾ ਆਪਣਾ ਧੰਨ...ਕਦੇ ਨਾ ਮੁੱਕਣ ਵਾਲਾ...ਬਰਕਤਾਂ ਭਰਿਆ।" ਪਿਤਾ ਨੂੰ ਵੇਖ ਕੇ ਅੰਮ੍ਰਿਤਾ ਵੀ ਰੋ ਪਈ। ਪਿਓ ਧੀ ਇਕ ਦੂਜੇ ਦੇ ਅਥਰੂ ਪੂੰਝ ਰਹੇ ਸਨ। ਇੰਨੇ ਨੂੰ ਰਵੀ ਵੀ ਪਹੁੰਚ ਗਿਆ ਤੇ ਰੋਂਦਾ ਹੋਇਆ ਪਿਤਾ ਤੇ ਭੈਣ ਅੰਮ੍ਰਿਤਾ ਦੇ ਪੈਰਾਂ ਵਿਚ ਡਿੱਗ ਪਿਆ ਤੇ ਮਾਫੀਆਂ ਮੰਗਣ ਲੱਗਾ ਕਿ ਉਹ ਹੁਣ ਕਦੇ ਵੀ ਆਪਣੇ ਮਾਤਾ-ਪਿਤਾ ਨੂੰ ਦੁੱਖ ਨਹੀ ਦੇਵੇਗਾ, ਹਰ ਗੱਲ ਮੰਨੇਗਾ, ਸ਼ਰਾਬ ਵੀ ਨਹੀ ਪੀਵੇਗਾ ਤੇ ਜਿਸ ਕੰਮ ਨੂੰ ਵੀ ਡੈਡੀ ਕਹਿਣਗੇ ਮਨ ਲਾ ਕੇ ਕਰੇਗਾ। ਮਹਿੰਦਰ ਪਾਲ ਤੇ ਅੰਮ੍ਰਤਾ ਰਵੀ ਨੂੰ ਮਾਫ ਕਰ ਦਿੰਦੇ ਹਨ, ਗਲ ਨਾਲ ਲਾਉਂਦੇ ਹਨ। ਫਿਰ ਉਹ ਹਸਪਤਾਲ ਦੇ ਅੰਦਰ ਚਲੇ ਜਾਂਦੇ ਹਨ ਜਿੱਥੇ ਮਹਿੰ-ਦਰਪਾਲ ਦੀ ਪਤਨੀ ਦਾਖਲ ਸੀ।

# ਇੱਕ ਵੱਡਾ ਪਰਿਵਾਰ



ਅਸੀਂ ਇੱਕ ਪਰਿਵਾਰ ਵਜੋਂ ਵੱਡੇ ਹੋਏ ਹਾਂ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, ਸਾਡੇ ਗ੍ਰਹਿ ਧਰਤੀ ਉੱਤੇ ਹੁਣ ਅੱਠ ਅਰਬ ਲੋਕ ਰਹਿੰਦੇ ਹਨ। ਸੰਯੁਕਤ ਰਾਸ਼ਟਰ ਨੇ ਅੱਠ ਅਰਬ ਦੇ ਅੰਕ ਨੂੰ "ਮਨੁੱਖਤਾ ਲਈ ਇੱਕ ਇਤਿਹਾਸਕ ਮੀਲ ਪੱਥਰ" ਕਿਹਾ, ਨੋਟ ਕੀਤਾ, "ਇਹ ਬੇਮਿਸਾਲ ਵਾਧਾ ਜਨਤਕ ਸਿਹਤ, ਪੋਸ਼ਣ, ਨਿੱਜੀ ਸਫਾਈ ਅਤੇ ਦਵਾਈ ਵਿੱਚ ਸੁਧਾਰਾਂ ਦੇ ਕਾਰਨ ਮਨੁੱਖੀ ਜੀਵਨ ਕਾਲ ਵਿੱਚ ਹੌਲੀ ਹੌਲੀ ਵਾਧੇ ਦੇ ਕਾਰਨ ਹੈ।" ਸੰਯੁਕਤ ਰਾਸ਼ਟਰ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਭਾਵੇਂ 20ਵੀਂ ਸਦੀ ਦੇ ਦੂਜੇ ਅੱਧ ਵਿੱਚ ਇੱਕ ਵੱਡਾ ਵਾਧਾ ਹੋਇਆ ਸੀ, ਪਰ ਹੁਣ ਆਬਾਦੀ ਦਾ ਵਾਧਾ ਹੌਲੀ ਹੋਣਾ ਸ਼ੁਰੂ ਹੋ ਸਕਦਾ ਹੈ। 2019 ਤੱਕ ਗਲੋਬਲ ਜੀਵਨ ਸੰਭਾਵਨਾ 72.8 ਸਾਲ ਹੈ, ਜੋ ਕਿ 1990 ਤੋਂ ਲਗਭਗ ਨੌਂ ਸਾਲਾਂ ਦਾ ਵਾਧਾ ਹੈ। ਮੌਜੂਦਾ ਅਨੁਮਾਨਾਂ ਦਾ ਮੰਨਣਾ ਹੈ ਕਿ 2050 ਤੱਕ ਜੀਵਨ ਸੰਭਾਵਨਾ 77.2 ਸਾਲ ਹੋ ਸਕਦੀ ਹੈ।

ਦਿਲਚਸਪ ਗੱਲ ਇਹ ਹੈ ਕਿ ਅਗਲੇ ਅਰਬ ਲੋਕ ਸਿਰਫ਼ ਅੱਠ ਦੇਸ਼ਾਂ - ਕਾਂਗੋ, ਮਿਸਰ, ਇਥੋਪੀਆ, ਭਾਰਤ, ਨਾਈਜੀਰੀਆ, ਪਾਕਿਸਤਾਨ, ਫਿਲੀਪੀਨਜ਼ ਅਤੇ ਤਨਜ਼ਾਨੀਆ ਤੋਂ ਆਉਣ ਦਾ ਅਨੁਮਾਨ ਹੈ। ਸੰਯੁਕਤ ਰਾਸ਼ਟਰ ਦੀ ਵਿਸ਼ਵ ਜਨਸੰਖਿਆ ਸੰਭਾਵਨਾਵਾਂ 2022 ਰਿਪੋਰਟ ਵਿੱਚ ਇਹ ਅਨੁਮਾਨ ਪ੍ਰਗਟ ਕੀਤਾ ਗਿਆ ਹੈ, ਜੋ ਇਹ ਵੀ ਦਰਸਾਉਂਦਾ ਹੈ ਕਿ ਭਾਰਤ 2023 ਵਿੱਚ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਨ ਜਾ ਰਿਹਾ ਹੈ। ਇਸ ਦੌਰਾਨ, ਰਿਪੋਰਟਾਂ ਦੇ ਅਨੁਸਾਰ, ਅੱਧੀ ਆਬਾਦੀ ਅਜੇ ਵੀ ਸਿਰਫ ਸੱਤ ਦੇਸ਼ਾਂ ਵਿੱਚ ਰਹਿੰਦੀ ਹੈ: ਚੀਨ, ਭਾਰਤ, ਅਮਰੀਕਾ, ਇੰਡੋਨੇਸ਼ੀਆ, ਪਾਕਿਸਤਾਨ, ਨਾਈਜੀਰੀਆ ਅਤੇ ਬ੍ਰਾਜ਼ੀਲ। ਹਾਲਾਂਕਿ ਇਸ ਨੂੰ ਨੌਂ ਬਿਲੀਅਨ ਤੱਕ ਪਹੁੰਚਣ ਵਿੱਚ 15 ਸਾਲ ਲੱਗ ਸਕਦੇ ਹਨ, ਸੰਯੁਕਤ ਰਾਸ਼ਟਰ 2080 ਤੱਕ 10 ਬਿਲੀਅਨ ਤੱਕ ਪਹੁੰਚਣ ਦੀ ਉਮੀਦ ਨਹੀਂ ਕਰਦਾ, ਇਹ ਸੰਕੇਤ ਹੈ ਕਿ ਵਿਸ਼ਵ ਆਬਾਦੀ ਦੀ ਸਮੁੱਚੀ ਵਿਕਾਸ ਦਰ ਹੌਲੀ ਹੋ ਰਹੀ ਹੈ। ਸੰਯੁਕਤ ਰਾਸ਼ਟਰ ਨੇ ਨੋਟ ਕੀਤਾ ਹੈ ਕਿ ਗਲੋਬਲ ਪੱਧਰ 'ਤੇ, ਆਬਾਦੀ ਵਿੱਚ ਗਿਰਾਵਟ ਘੱਟ ਅਤੇ ਘਟਦੇ ਪ੍ਰਜਨਨ ਪੱਧਰ ਦੁਆਰਾ ਚਲਾਈ ਜਾਂਦੀ ਹੈ। ਰਿਪੋਰਟ ਵਿੱਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਵਿਸ਼ਵਵਿਆਪੀ ਆਬਾਦੀ ਵਾਧਾ ਵਿਸ਼ਵ ਦੇ ਕੁਝ ਗਰੀਬ ਦੇਸ਼ਾਂ ਵਿੱਚ ਵਧੇਰੇ ਕੇਂਦਰਿਤ ਹੈ, ਜਿਵੇਂ ਕਿ ਉਪ-ਸਹਾਰਾ ਅਫਰੀਕਾ ਵਿੱਚ, ਇਹ ਜੋੜਿਆ ਗਿਆ ਹੈ ਕਿ ਜਿਹੜੇ ਦੇਸ਼ ਪ੍ਰਤੀ ਵਿਅਕਤੀ ਉੱਚ ਆਮਦਨੀ ਰੱਖਦੇ ਹਨ, ਜ਼ਰੂਰੀ ਤੌਰ 'ਤੇ ਤੇਜ਼ੀ ਨਾਲ ਵਧ ਰਹੀ ਆਬਾਦੀ ਨਾ ਹੋਵੇ।

ਸਾਨੂੰ ਇਸ ਨੂੰ ਦੋ ਮਾਮਲਿਆਂ 'ਤੇ ਮਨਾਉਣਾ ਚਾਹੀਦਾ ਹੈ: ਸੰਸਾਰ ਦੇ ਸਭ ਤੋਂ ਗਰੀਬ ਹਿੱਸਿਆਂ ਵਿੱਚ ਵੀ ਪ੍ਰਜਾਤੀਆਂ ਦੇ ਬਚਾਅ ਦੀ ਸਫਲਤਾ ਅਤੇ ਵਿਕਾਸ ਦੀ ਸਫਲਤਾ। ਆਬਾਦੀ ਦੇ ਵਾਧੇ ਨੂੰ ਇੱਕ ਵੱਡੀ ਸਮੱਸਿਆ ਦੇ ਰੂਪ ਵਿੱਚ ਦੇਖਣ ਲਈ ਕੰਡੀਸ਼ਨਡ ਚਿੰਤਾਵਾਂ ਲਈ ਇਹ ਹੈਰਾਨੀਜਨਕ ਹੋ ਸਕਦਾ ਹੈ। ਧਰਤੀ ਦੇ ਅੱਠ ਅਰਬਵੇਂ ਵਾਸੀ ਦਾ ਜਨਮ ਕੋਈ ਮਾੜਾ ਕਾਰਨਾਮਾ ਨਹੀਂ ਹੈ। ਇਹ ਸਾਡੀ ਵਿਭਿੰਨਤਾ ਦਾ ਜਸ਼ਨ ਮਨਾਉਣ, ਸਾਡੀ ਸਾਂਝੀ ਮਨੁੱਖਤਾ ਨੂੰ ਪਛਾਣਨ, ਅਤੇ ਸਿਹਤ ਵਿੱਚ ਤਰੱਕੀ 'ਤੇ ਹੈਰਾਨ ਹੋਣ ਦਾ ਮੌਕਾ ਹੈ ਜਿਸ ਨੇ ਉਮਰ ਵਧਾ ਦਿੱਤੀ ਹੈ ਅਤੇ ਮਾਵਾਂ ਅਤੇ ਬਾਲ ਮੌਤ ਦਰਾਂ ਨੂੰ ਨਾਟਕੀ ਢੰਗ ਨਾਲ ਘਟਾਇਆ ਹੈ।

ਕੀ ਸਾਨੂੰ ਵੱਧ ਆਬਾਦੀ, ਖਾਸ ਕਰਕੇ ਭਾਰਤ ਵਰਗੇ ਦੇਸ਼ ਵਿੱਚ ਚਿੰਤਾ ਕਰਨੀ ਚਾਹੀਦੀ ਹੈ? ਸਾਡਾ ਧਿਆਨ ਇਸ ਗੱਲ 'ਤੇ ਨਹੀਂ ਹੋਣਾ ਚਾਹੀਦਾ ਕਿ ਆਬਾਦੀ ਕਿਵੇਂ ਵਧ ਰਹੀ ਹੈ, ਸਗੋਂ ਇਸ ਗੱਲ 'ਤੇ ਹੋਣਾ ਚਾਹੀਦਾ ਹੈ ਕਿ ਨੌਜਵਾਨਾਂ ਨੂੰ ਕਿਵੇਂ ਸਿੱਖਿਅਤ ਕੀਤਾ ਜਾਵੇ, ਅਤੇ ਉਨ੍ਹਾਂ ਦੇ ਉਤਪਾਦਕ ਰੁਜ਼ਗਾਰ ਲਈ ਹਾਲਾਤ ਕਿਵੇਂ ਪੈਦਾ ਕੀਤੇ ਜਾਣ। ਯੂਐਸ, ਜਰਮਨੀ ਅਤੇ ਯੂਕੇ, ਹੋਰਨਾਂ ਤੋਂ ਇਲਾਵਾ, ਇਸ ਸਮੇਂ ਮਜ਼ਦੂਰਾਂ ਦੀ ਭਾਰੀ ਘਾਟ ਦਾ ਸਾਹ-ਮਣਾ ਕਰ ਰਹੇ ਹਨ, ਉਜਰਤਾਂ ਵਿੱਚ ਵਾਧਾ ਕਰ ਰਹੇ ਹਨ ਅਤੇ ਮਹਿੰਗਾਈ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵਿੱਚ ਰੁਕਾਵਟ ਪਾ ਰਹੇ ਹਨ, ਅਤੇ ਆਟੋਮੇਸ਼ਨ ਅਤੇ ਨਕਲੀ ਬੁੱਧੀ 'ਤੇ ਨਿਰਭਰਤਾ ਵਧ ਰਹੀ ਹੈ। ਇਮੀਗ੍ਰੇਸ਼ਨ ਦੀਆਂ ਉਦਾਰ ਖੁਰਾਕਾਂ ਇਸ ਸਮੱਸਿਆ ਨੂੰ ਠੀਕ ਕਰ ਸਕਦੀਆਂ ਹਨ, ਪਰ ਇਮੀਗ੍ਰੇਸ਼ਨ ਪਰੇਸ਼ਾਨੀ ਵਾਲੀ ਰਾਜਨੀਤੀ ਪੈਦਾ ਕਰਦੀ ਹੈ। ਇਹ ਸਾਨੂੰ ਦਿਖਾਉਂਦਾ ਹੈ ਕਿ ਜਦੋਂ ਆਬਾਦੀ ਵਾਧੇ ਦੀ ਗੱਲ ਆਉਂਦੀ ਹੈ ਤਾਂ ਸਾਨੂੰ ਕਿਸ ਬਾਰੇ ਚਿੰਤਾ ਕਰਨੀ ਚਾਹੀਦੀ ਹੈ। ਇਹ ਕੁੱਲ ਸੰਖਿਆਵਾਂ ਬਾਰੇ ਨਹੀਂ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ ਪੰਜਾਬ।*

# ਰੁਜ਼ਗਾਰ ਅਤੇ ਉਜਰਤਾਂ ਵਧਾਕੇ ਹੀ ਗੁਰਬਤ ਖ਼ਤਮ ਕੀਤੀ ਜਾਵੇ

ਵੀਚਾਰ ਆਪੋ ਆਪਣਾ

ਇਹ ਗੱਲ ਸਾਨੂੰ ਮਨ ਲੈਣੀ ਪਵੇਗੀ ਕਿ ਇਸ ਮੁਲਕ ਵਿੱਚ ਗ਼ੁਲਾਮੀ ਦੇ ਦਿੰਨਾਂ ਵਿੱਚ ਵਕਤ ਦੀਆਂ ਸਰਕਾਰਾਂ ਅਤੇ ਅਮੀਰ ਲੋਕੀਂ ਰਲੇ ਪਏ ਸਨ ਅਤੇ ਇਹ ਵਿਗਿਆਨ ਅਤੇ ਤਕਨਾਲੋਜੀ ਹਾਲਾਂ ਨਹੀਂ ਸਨ ਪੁਜੀਆਂ, ਇਸ ਲਈ ਸਸਤੀ ਲੇਬਰ ਦੀ ਭਾਰੀ ਜ਼ਰੂਰਤ ਸੀ। ਅਤੇ ਇਹ ਨਿਸ਼ਾਨਾ ਸਾਹਮਣੇ ਰਖਕੇ ਵਕਤ ਦੀਆ ਸਰਕਾਰਾ ਲੇ ਆਮ ਆਦਮੀ ਨੂੰ ਬਹੁਤ ਹੀ ਘਟ ਉਜਰਤ ਉਤੇ ਕੰਮ ਲਾਈ ਰਖਿਆ ਹੈ। ਅਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਗੁਰਬਤ ਜਿਸ ਵੀ ਘਰ ਵਿੱਚ ਇੱਕ ਵਾਰੀਂ ਵੜ ਜਾਵੇ ਫਿਰ ਉਸ ਘਰ ਦੀਆਂ ਅਗਲੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਹੋਈ ਜਾਂਦੀਆਂ ਹਨ ਅਤੇ ਅੱਜ ਗ਼ਰੀਬਾਂ ਦੀ ਇਤਲੀ ਵਡੀ ਗਿਣਤੀ ਦੇਖਕੇ ਅਸੀਂ ਹੈਰਾਨ ਪ੍ਰੇਸ਼ਾਨ ਹਾਂ। ਆਜ਼ਾਦੀ ਆਈ ਅਤੇ ਇਹ ਪਰਜਾਤੰਤਰ ਵੀ ਆਇਆ, ਪਰ ਗੁਰਬਤ ਦੀਆਂ ਜੜ੍ਹਾਂ ਕਟਣ ਬਾਰੇ ਕੋਈ ਵੀ ਕੋਸ਼ਿਸ਼ ਨਾ ਕਰ ਪਾਇਆ ਅਤੇ ਅਜ ਵੀ ਸਾਫ ਪਿਆ ਲਗਦਾ ਹੈ ਕਿ ਅਮੀਰ ਅਤੇ ਵਕਤ ਦੀਆਂ ਸਰਕਾਰਾਂ ਅਜ ਵੀ ਰਲੀਆਂ ਪਈਆਂ ਹਨ। ਇਸ ਲਈ ਗੱਲ ਸਮਝਣ ਵਾਲੀ ਹੈ ਕਿ ਮੁਲਕ ਵਿੱਚ ਰੁਜ਼ਗਾਰ ਦੇ ਮੌਕੇ ਵਧਾਏ ਜਾਣ ਅਤੇ ਉਰਤਾਂ ਵੀ ਵਧਾਈਆਂ ਜਾਣ ਤਾਂ ਹੀ ਇਹ ਵਾਲੀ ਗੁਰਬਤ ਖ਼ਤਮ ਕੀਤੀ ਜਾ ਸਕਦੀ ਹੈ।

ਹਾਲ ਦੀ ਘੜੀ ਸਾਡੇ ਪਾਸ ਰੁਜ਼ਗਾਰ ਦੇ ਮੌਕੇ ਉਹੀ ਹਨ ਅਤੇ ਇਹ ਜਿਹੜੇ ਵੀ ਰੁਜ਼ਗਾਰ ਦੇ ਮੌਕੇ ਹਨਇਹੀ ਵੰਡਣੇ ਪੈਣਗੇ। ਸਾਨੂੰ ਕੈਨੇਡਾ ਦੀ ਤਰ੍ਹਾਂ ਇਹ ਅਠ ਘੰਟਿਆ ਦੀ ਦਿਹਾੜੀ ਵਾਲਾ ਸਿਲਸਿਲਾ ਖ਼ਤਮ ਕਰਨਾ ਹੈ ਅਤੇ ਘੰਟਿਆਂ ਵਿੱਚ ਬਦਲਣਾ ਹੈ। ਉਜਰਤਾ ਇਤਨੀਆਂ ਕਰ ਦੇਣੀਆਂ ਹਨ ਕਿ ਅਗਰ ਕੋਈ ਕਾਮਾ ਚਾਰ ਘੰਟੇ ਕੰਮ ਵੀ ਕਰੇ ਤਾਂ ਰੋਟੀ ਕਮਾਉਣ ਜੋਗਾ ਹੋ ਜਾਵੇ। ਜਿਥੇ ਕਿਧਰੇ ਵੀ ਸ਼ਿਫ਼ਟਾਂ ਲਗਦੀਆਂ ਹਨ ਉਥੇ ਦਿਹਾੜੀ ਅਰਥਾਤ ਇੱਕ ਸ਼ਿਫ਼ਟ ਪੰਜ ਘੰਟਿਆ ਦੀ ਕਰ ਦਿਤੀ ਜਾਵੇ ਅਤੇ ਘਟੋ ਘਟ ਚਾਰ ਸ਼ਿਫ਼ਟਾ ਕਰ ਦਿਤੀਆਂ ਜਾਣ॥ ਇਹ ਹੋਰ ਨਿਕੇ ਨਿਕੇ ਘਰਾਂ ਦੇ ਕੰਮ ਕਰਨ ਵਾਲੀਆਂ ਸਹਿਕਾਰਤਾ ਸਮਿਤੀਆਂ ਵੀ ਖੜੀਆਂਆਂ ਕੀਤੀਆਂ ਜਾਣ ਤਾਂਕਿ ਘਰਾਂ ਵਿੱਚ ਕੰਮ ਘਟਾਇਆ ਜਾਵੇ। ਖਾਣਾਂ ਪਕਿਆ ਪਕਾਇਆ ਆਵੇ ਅਤੇ ਕਪੜੇ ਧੋਣ ਦੀਆਂ ਵੀ ਵਡੀਆ ਮਸ਼ੀਨਾ ਇਸ ਖੇਤਰ ਵਿੱਚ ਖੜੀਆਂ ਕੀਤੀਆਂ ਜਾਣ। ਅਜ ਨਿਕੀਆਂ ਨਿਕੀਆ ਸਹਿਕਾਰਤਾ ਸਮਿਤੀਆਂ ਦਾ ਵਕਤ ਨਹਹੀਂ ਹੈ ਅਤੇ ਹਰ ਸਹਿਕਾਰਤਾ ਸਮਿਤੀ ਐਸੀ ਬਣੇ ਜਿਵੇ ਕੋਈਹੀ ਕੰਪਨੀ ਹੁੰਦੀ ਹੈ। ਇਹ ਛੋਟੇ ਕਿਸਾਨ ਵੀ ਰਲਕੇ ਸਹਿਕਾਰਤਾ ਸਮਿਤੀਆਂ ਬਣਾ ਲੈਣ। ਇਥੇ ਵੀ ਗਤਾ ਫੈਕਟਰੀਆਂ, ਕਾਗਿਜ਼ ਫੈਕਟਰੀਆਂ, ਬਿਸਕੁਟ ਅਤੇ ਡਬਲਰੋਟੀਆਂ ਵਡੀਆਂ ਡੇਅਰੀਆਂ, ਮੁਗ਼ਗ਼ੀਖ਼ਾਨੇ, ਦੁਧ ਫ਼ੈਕਟਰੀਆਂ ਆਦਿ ਲਗਾਈਆਂ ਜਾ ਸਕਦੀਆਂ ਹਨ। ਇਹ ਗਲਾਂ ਤਾਂ ਬਸ ਆਮ ਆਦਮੀ ਦਾ ਸੁਝਾਉ ਹੀ ਹੈ ਅਤੇ ਮਾਹਿਰ ਲੋਕੀਂ ਹੋਰ ਕੁਝ ਵੀਖੜਾ ਕਰਨ ਦੀ ਸਲਾਹ ਦੇ ਸਕਦੇ ਹਨ। ਕੁਝ ਕਰਨਾ ਪਵੇਗਾ ਤਾਂ ਹੀ ਮੁਲਕ ਦੀ ਗੁਰਬਤ ਖਤਮ ਕੀਤੀ ਜਾਸਕਦੀ ਹੈ।ਭਾਰਤ ਬਹੁਤ ਹੀ ਅਮੀਰ ਦੇਸ਼ ਹੈ ਅਤੇ ਆਜ਼ਾਦੀ ਅਤੇ ਪਰਜਾਤੰਤਰ ਆ ਜਾਣ ਦੇ ਬਾਵਜੂਦ ਇਤਨੀ ਵਡੀ ਗਿਣਤੀ ਗ਼ਬੀਬਾਂ ਦੀ ਰਖਕੇ ਅਸੀਂ ਦੁਨੀਆਂ ਭਰ ਵਿੱਚ ਬਦਨਾਮ ਹਾਂ ਅਤੇ ਆਰਥਿਕ ਤੋਰ ਤੇ ਤਰਕੀ ਕਰਨ ਦੇ ਬਾਵਜੂਦ ਹਾਲਾਂ ਵੀ ਗਰੀਬ ਦੇਸ਼ ਵਿੱਚਗਿਣੇ ਜਾ ਰਹੇ ਹਾਂ।

*-ਦਲੀਪ ਸਿੰਘ ਵਾਸਨ,*
*ਐਡਵੋਕੇਟ*
*101 ਸੀ ਵਿਕਾਸ ਕਲੋਨੀ,*
*ਪਟਿਆਲਾ।*

## ਬਾਲ ਕਹਾਣੀ - ਹਾਥੀ ਤੇ ਜੰਗਲ



ਇੱਕ ਵਾਰ ਦੀ ਗੱਲ ਹੈ।ਇੱਕ ਜੰਗਲ ਵਿੱਚ ਹਾਥੀ ਰਹਿੰਦਾ ਸੀ। ਉਹ ਸਭ ਦੀ ਸਹਾਇਤਾ ਕਰਦਾ ਸੀ। ਇੱਕ ਦਿਨ ਇੱਕ ਸ਼ੇਰ ਨੂੰ ਕੁਝ ਇਨਸਾਨ ਫੜ ਕੇ ਲੈ ਜਾ ਰਹੇ ਸਨ। ਹਾਥੀ ਨੇ ਸ਼ੇਰ ਦੀ ਮਦਦ ਕੀਤੀ। ਸ਼ੇਰ ਆਜ਼ਾਦ ਹੋ ਗਿਆ।

ਇੱਕ ਦਿਨ ਹਾਥੀ ਇੱਕ ਜਾ.ਲ ਵਿੱਚ ਫਸ ਗਿਆ। ਫੇਰ ਸ਼ੇਰ ਨੇ ਉਸ ਦੀ ਮਦਦ ਕੀਤੀ ਤੇ ਹਾਥੀ ਜਾ.ਲ ਵਿੱਚੋਂ ਬਚ ਗਿਆ।

ਸਿੱਖਿਆ : ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਇੱਕ - ਦੂਜੇ ਦੀ ਸਹਾਇਤਾ ਕਰਨੀ ਚਾਹੀਦੀ ਹੈ।



*ਭੁਪਿੰਦਰ ਸਿੰਘ , ਜਮਾਤ - ਪੰਜਵੀਂ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ )*

*ਗਾਈਡ ਅਧਿਆਪਕ ਸਟੇਟ ਅਵਾਰਡੀ ਮਾਸਟਰ ਸੰਜੀਵ ਧਰਮਾਣੀ ਪ੍ਰਸਿੱਧ ਲੇਖਕ ਸ੍ਰੀ ਅਨੰਦਪੁਰ ਸਾਹਿਬ।*

## .ਗ਼ਜ਼ਲ

### ਸੱਜਣਾ ਜਾਈਂ ਨਾ...

*ਸਾਡਾ ਲੁੱਟ ਕੇ ਚੈਨ ਕਰਾਰ,ਸੱਜਣਾ*
*ਜਾਈਂ ਨਾ।*
*ਅਸਾਂ ਤੈਨੂੰ ਕੀਤਾ ਪਿਆਰ,*
*ਸੱਜਣਾ ਜਾਈਂ ਨਾ।*

*ਸਮਝ ਨਾ ਆਵੇ ਕਿਸ ਗੱਲ ਦੀ*
*ਦਏਂ ਸਜ਼ਾ,*
*ਲਾਹ ਦੇ ਮਨ ਤੋਂ ਭਾਰ,*
*ਸੱਜਣਾ ਜਾਈਂ ਨਾ।*

*ਫ਼ੁੱਲਾਂ ਨਾਲੋਂ ਵੱਧ ਕੇ ਕੋਮਲ*
*ਹਿਰਦੇ ਵਿੱਚ,*
*ਕਿਉਂ ਮਾਰੇਂ ਤੇਜ਼ ਕਟਾਰ,*
*ਸੱਜਣਾ ਜਾਈਂ ਨਾ।*

*ਤੇਰੇ ਨਾਲ ਹੀ ਦੁਨੀਆਂ ਸਾਡੀ*
*ਹੱਸਦੀ ਹੈ,*
*ਨਹੀਂ,ਕਿਸ ਕੰਮ ਦਾ ਸੰਸਾਰ,*
*ਸੱਜਣਾ ਜਾਈਂ ਨਾ।*

*ਕਿੰਨਾ ਔਖਾ ਹੁੰਦੈ ਝੱਲਣਾ*
*ਵਿਛੋੜੇ ਨੂੰ,*
*ਬਹੁਤ ਦਿਲ ਤੇ ਭਾਰ,*
*ਸੱਜਣਾ ਜਾਈਂ ਨਾ।*

*ਆਪਣਾ ਤੈਨੂੰ ਮੰਨਿਆ, ਤੂੰ ਵੀ*
*ਮੰਨ ਜਰਾ,*
*ਕਦੇ ਤਾਂ ਕਰ ਇਜ਼ਹਾਰ,*
*ਸੱਜਣਾ ਜਾਈਂ ਨਾ।*

*ਸਹਿਣਾ ਔਖਾ ਹੋ ਜਾਂਦਾ*
*ਰੁਸਵਾਈਆਂ ਨੂੰ,*
*ਤੈਨੂੰ ਮੰਨ ਬੈਠੇ ਦਿਲਦਾਰ,*
*ਸੱਜਣਾ ਜਾਈਂ ਨਾ।*

*ਗ.ਲ ਵਿੱਚ ਹੁੰਦੇ ਸਨ ਬਾਹਾਂ*
*ਦੇ ਹਾਰ ਕਦੇ,*
*ਹੁਣ ਪਾ ਨਾ ਸਾਡੇ ਖਾਰ,*
*ਸੱਜਣਾ ਜਾਈਂ ਨਾ।*

*ਕੀ ਕਰਨੇ ਲੋਕ ਦਿਖਾਵੇ ਆਉਣੇ*
*ਕੰਮ ਨਹੀਂ,*
*ਆਖਰ ਹੱਡ ਵੀ ਦੇਣੇ ਤਾਰ,*
*ਸੱਜਣਾ ਜਾਈਂ ਨਾ।*

*ਨਾ ਬਣ ਜਾਵੇ ਬੋਝ ਮੁਹੱਬਤ*
*ਰਹਿਣ ਦਿਉ,*
*ਅਹਿਸਾਸ, ਨਹੀਂ ਵਪਾਰ, ਸੱਜਣਾ*
*ਜਾਈਂ ਨਾ।*

*ਸੱਚੀ ਪਾਕ ਮੁਹੱਬਤ ਮਿਲਦੀ*
*ਕਿਸਮਤ ਨਾਲ,*
*ਜੇ ਖੁਦ ਬਖ਼ਸ਼ੇ ਕਰਤਾਰ,*
*ਸੱਜਣਾ ਜਾਈਂ ਨਾ।*

*-ਸੁਲੱਖਣ ਮਹਿਮੀ*
*+647-786-6329*

## ਕੀ ਸਾਡਾ ਦੇਸ਼ ਪਰਜਾਤੰਤਰ ਬਣ ਗਿਆ ਹੈ?

ਪਰਜਾਤੰਤਰ ਦੀ ਪ੍ਰੀਭਾਸ਼ਾ ਅਸੀਂ ਸਾਰਿਆਂ ਨੇ ਕਈ ਵਾਰੀਂ ਪੜ੍ਹ ਲਈ ਹੈ। ਇਹ ਵਾਲੀ ਪ੍ਰੀਭਾਸ਼ਾਂ ਇਹ ਆਖਦੀ ਹੈ ਕਿ ਪਾਰਲੀਮੈਂਟ ਵਿੱਚ ਲੋਕਾਂ ਦੇ ਸਿਰਫ ਅਤੇ ਸਿਰਫ਼ ਪ੍ਰਤੀਨਿਧ ਜਾਕੇ ਬੈਠਣੇ ਚਾਹੀਦੇ ਹਨ। ਸਿਰਫ ਇਸ ਨੁਕਤੇ ਉਤੇ ਹੀ ਅਸੀਂ ਵਿਚਾਰ ਕਰਦੇ ਹਾਂ ਤਾਂ ਸਾਫ ਹੋ ਆਉਂਵਦਾ ਹੈ ਕਿ ਸਾਡੀ ਪਾਰਲੀਮੈਂਟ ਵਿੱਚ ਲੋਕਾਂ ਦੇ ਪ੍ਰਤੀਨਿਧ ਨਹੀਂ ਬੈਠਦੇ ਹਨ ਬਲਕਿ ਇਹ ਤਾਂ ਸੰਭਾਵੀ ਪ੍ਰਧਾਨ ਮੰਤਰੀਆਂ ਦੇ ਸਪੋਰਟਰ ਹਨ ਅਤੇ ਜਿਸ ਵੀ ਸੰਭਾਵੀ ਪ੍ਰਧਾਨ ਮੰਤਰੀ ਦੇ ਜ਼ਿਆਦਾ ਸਪੋਰਟਰ ਆ ਗਏ ਹਨ ਉਹ ਆਪ ਹੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਅਤੇ ਬਾਕੀ ਦੇ ਰਲਕੇ ਵਿਰੋਧੀ ਧਿਰਾਂ ਬਣ ਬੈਠਦੀਆਂ ਹਨ। ਅਸੀਂ ਇਹ ਵੀ ਦੇਖ ਲਿਆ ਹੈ ਕਿ ਇਹ ਜਿਹੜੇ ਵੀ ਪ੍ਰਧਾਨ ਮੰਤਰੀ ਦੇ ਸਪੋਰਟਰ ਹਨ ਇਹ ਤਾਂ ਬਸ ਇਹੀ ਭੂਮਿਕਾ ਨਿਭਾਉਂਵਦੇ ਹਨ ਕਿ ਪ੍ਰਧਾਨ ਮੰਤਰੀ ਜੀ ਸਦਨ ਵਿੱਚ ਜੋ ਵੀ ਲਿਆਏ ਹਨ, ਹਾਂ ਹੀ ਕਰਨੀ ਹੈ। ਅਰਥਾਤ ਇਹ ਕੋਈ ਵੀ ਸੁਝਾ ਨਹ॥ ਦੇ ਸਕਦੇ ਹਨ ਅਤੇ ਹਾਂ ਵਿੱਚ ਹੀ ਵੋਟਾਂ ਪਾ ਦਿੰਦੇ ਹਨ। ਅਤੇ ਜਿਹੜੀਆਂ ਵਿਰੋਧੀ ਧਿਰਾਂ ਹਲ ਇਹ ਜਾਣਦੀਆਂ ਹਨ ਕਿ ਗਿਣਤੀ ਘਟ ਹੈ, ਇਸ ਲਈ ਪਹਿਲਾਂ ਤਾ ਬੋਲਦੀਆਂ ਹੀ ਨਹੀ ਹਨ ਅਤੇ ਅਗਰ ਕੋਈ ਰਸਮੀ ਤੋਰ ਤੇ ਕੋਈ ਇਤਰਾਜ਼ ਉਠਾ ਦੇਵੇ ਜਾਂ ਸੁਝਾਉ ਹੀ ਦੇ ਦੇਵੇ ਤਾਂ ਇਹ ਸਰਕਾਰੀ ਧਿਰਾਂ ਉਸਦਾ ਮਜ਼ਾਕ ਉਡਾਉਂਦੀਆਂ ਹਨ ਜਾਂ ਇਹ ਆਖੀ ਗਲ ਅਣਸੁਣੀ ਹੀ ਕਰ ਦਿੱਤੀ ਜਾਂਦੀ ਹੈ। ਇਹ ਜਿਹੜਾ ਵੀ ਤਰੀਕਾ ਬਣ ਆਹਿਆ ਹੈ ਇਸ ਵਿੱਚ ਤਾਂ ਪਰਜਾਤੰਤਰ ਵਾਲੀ ਕੋਈ ਵੀ ਗਲ ਲਗਦੀ ਨਹੀਂ ਹੈ। ਪਰ ਹੁਣ ਇਹੀ ਸਾਧਨ ਬਣ ਗਿਆ ਹੈ, ਪਕਾ ਵੀ ਹੋ ਗਿਆ ਹੈ ਅਤੇ ਅੱਜ ਅਸੀਂ ਇਸ ਰਾਜ ਨੂੰ ਹੀ ਪਰਜਾਤੰਤਰ ਆਖੀ ਜਾਂਦੇਹਾਂ। ਇਹ ਵੀ ਸਾਫ ਹੋ ਗਿਆ ਹੈ ਕਿ ਅਜ ਦੁਨੀਆਂ ਭਰ ਵਿੱਚ ਜਿਥੇ ਕਿਧਰੇ ਵੀ ਪਰਜਾਤੰਤਰ ਆਇਆ ਹੈ ਉਥੇ ਦੀਆਂ ਪਾਰਲੀਮੈਂਟ ਵਿੱਚ ਵੀ ਐਸਾ ਹੀ ਹੈ। ਅਤੇ ਇਸ ਲਈ ਅਜ ਵਕਤ ਆ ਗਿਆ ਹੈ ਕਿ ਜਿਹੜੀ ਪੁਰਾਣੀ ਪ੍ਰੀਭਾਸ਼ਾ ਸਥਾਪਿਤ ਸੀ ਉਹ ਰਾਜਨੀਤੀ ਸ਼ਾਸਤਰੀਆਂ ਨੂੰ ਬਦਲ ਦੇਣੀ ਚਾਹੀਦੀ ਹੈ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101 ਸੀ ਵਿਕਾਸ ਕਲੋਨੀ, ਪਟਿਆਲਾ।*

# ਦੋਵੇ ਪੰਜਾਬਾਂ ਦੀ ਸਾਂਝੀ ਗਾਇਕਾ ਧੀ — ਸੁਰਿੰਦਰ ਕੌਰ



ਜਨਮ ਦਿਨ 'ਤੇ ਵਿਸ਼ੇਸ਼

ਜਿਵੇਂ ਫੁੱਲ ਦੀ ਕੀਮਤ ਖੁਸ਼ਬੂ ਲਈ ਹੁੰਦੀ ਹੈ ਠੀਕ ਉਸੇ ਤਰ੍ਹਾਂ ਮਨੁੱਖ ਦੀ ਕੀਮਤ ਉਸਦੇ ਗੁਣਾਂ ਅਤੇ ਸਖਸ਼ੀਅਤ ਕਰਕੇ ਹੁੰਦੀ ਹੈ । ਇਹ ਸਤਰਾਂ ਪੰਜਾਬੀ ਦੀ ਸੁਥਰੀ ਗਾਇਕਾ ਸੁਰਿੰਦਰ ਕੌਰ ਤੇ ਢੁੱਕਦੀਆਂ ਹਨ । ਸੱਭਿਆਚਾਰ ਮਨੁੱਖ ਦੁਆਰਾ ਸਿਰਜੀ ਜੀਵਨ ਜਾਂਚ ਨੂੰ ਕਹਿੰਦੇ ਹਨ । ਇਹ ਕਿਸੇ ਸਮਾਜ ਵਿੱਚ ਗਹਿਰਾਈ ਤੱਕ ਬਿਆਪਤ ਗੁਣਾਂ ਦੇ ਸਮੱ.ਚ ਦਾ ਨਾਮ ਹੈ , ਜੋ ਉਸ ਸਮਾਜ ਦੇ ਸੋਚਾਂ , ਵਿਚਾਰਨ , ਕਾਰਜਕਰਨ , ਖਾਣ ਪੀਣ , ਬੋਲਣ , ਨਾਚ, ਗਾਉਣ , ਸਾਹਿਤ , ਕਲਾ ਆਦਿ ਵਿੱਚ ਰੂਪਮਾਨ ਹੁੰਦਾ ਹੈ । ਲੋਕ ਗੀਤਾਂ ਰਾਹੀਂ ਸੱਭਿਆਚਾਰ ਦੀ ਖੁਸ਼ਬੂ ਨੂੰ ਵਿਗਾੜਨ ਦੀ ਬਜਾਏ ਸਾਂਭ ਕੇ ਰੱਖਣ ਦੀ ਜ਼ਰੂਰਤ ਸੁਰਿੰਦਰ ਕੌਰ ਨੇ ਕਾਇਮ ਰੱਖੀ ਜੋ ਸਦਾ ਬਹਾਰ ਚਲੀ ਆ ਰਹੀ ਹੈ । ਕਿਸੇ ਪ੍ਰਸਿੱਧ ਦਾਰਸ਼ਨਿਕ ਨੇ ਕਿਹਾ ਸੀ , " ਤੁਸੀਂ ਮੈਨੂੰ ਕਿਸੇ ਸਮਾਜ ਦੇ ਪੰਜ ਗੀਤ ਸੁਣਾ ਦਿਓ , ਮੈਂ? ਤੁਹਾਨੂੰ ਉਸ ਸਮਾਜ ਦੀਆਂ ਪੀੜ੍ਹੀਆਂ ਦਾ ਭਵਿੱਖ ਦੱਸ ਸਕਦਾ ਹਾਂ " ਸੱਭਿਆਚਾਰ ਨੂੰ ਇਤਿਹਾਸਿਕ ਬਣਾਉਣ ਲਈ ਲੇਖਕ ਦੀ ਵੱਡੀ ਭੂਮਿਕਾ ਹੁੰਦੀ ਹੈ । ਜਾਰਜ ਬਰਨਾਡ ਸ਼ਾਹ ਨੇ ਲਿਖਿਆ ਸੀ " ਜਿਹੜਾ ਆਦਮੀ ਲੋਕਾਂ ਬਾਰੇ ਅਤੇ ਸਾਰੇ ਸਮਿਆਂ ਬਾਰੇ ਲਿਖਦਾ ਹੈ ਉਹ ਸੱਚਾ ਲੇਖਕ ਹੈ " । ਸੱਚਾ ਲੇਖਕ ਹੀ ਗਾਇਕ ਨੂੰ ਸੱਭਿਆਚਾਰਕ ਸ਼ਬਦਾਵਲੀ ਦਿੰਦਾ ਹੈ । ਸਿਆਣੇ ਗਾਇਕ ਦੀ ਨਿਸ਼ਾਨੀ ਹੀ ਸੱਭਿਆਚਾਰਕ ਅਤੇ ਸਦਾ ਜੀਉਂਦੇ ਰਹਿਣ ਵਾਲੇ ਗੀਤ ਗਾਉਣ ਕਰਕੇ ਹੀ ਹੁੰਦੀ ਹੈ ।

ਕੁਝ ਗਾਇਕਾਂ ਨੇ ਸੱਭਿਆਚਾਰ ਨੂੰ ਫਰਸ਼ ਤੋਂ ਅਰਸ਼ ਤੱਕ ਅਤੇ ਅਰਸ਼ ਤੋਂ ਫਰਸ਼ ਤੱਕ ਲਿਆਦਾ ਹੈ । ਅੱਜ ਤੱਕ ਦੇ ਹਲਾਤਾਂ ਨੂੰ ਸੇਧ ਦੇਣ ਲਈ ਮਾਣ ਮੱਤੀ ਗਾਇਕਾ ਸੁਰਿੰਦਰ ਕੌਰ ਆਪਣੇ ਗੀਤਾਂ ਅਤੇ ਆਵਾਜ਼ ਨਾਲ ਗੂੰਜਦੀ ਹੈ । ਪਹਿਲੀ ਕਿਲਕਾਰੀ ਨਾਲ ਲਾਹੌਰ ਵਿੱਚ 25 ਨੰਵਬਰ 1929 ਨੂੰ ਜਨਮ ਤੋਂ 15 ਜੂਨ 2006 ਤੱਕ 77 ਵਰੇ ਇਹ ਸੁਰੀਲੀ ਕੋਇਲ ਸੱਭਿਆਚਾਰ ਦੇ ਬਾਗਾਂ ਵਿੱਚ ਖੁਸ਼ਬੂ ਦਿੰਦੀ ਰਹੀ । ਸੁਰਿੰਦਰ ਕੌਰ ਨੇ ਆਪਣੀ ਪੇਸ਼ੇਵਾਰ ਸ਼ੁਰੂਆਤ ਅਗਸਤ 1943 ਵਿੱਚ ਲਾਹੌਰ ਰੇਡੀਓ ਤੋਂ ਕੀਤੀ ਇਸੇ ਰਫਤਾਰ ਨਾਲ ਉਹ ਅੱਜ ਤੱਕ ਚਾਨਣਮੁਨਾਰਾ ਗਾਇਕ ਹੈ । ਅੱਜ ਜ਼ਮਾਨੇ ਨੇ ਇਸ ਖੇਤਰ ਵਿੱਚ ਹੁੰਦੇ ਕਿੰਤੂ ਪ੍ਰੰਤੂ ਦੇਖਕੇ ਅਜਿਹੀ ਗਾਇਕਾਂ ਨੂੰ ਦੁਬਾਰੇ ਚੇਤੇ ਕਰਨਾ ਸ਼ੁਰੂ ਕਰ ਦਿੱਤਾ ਹੈ । ਸਾਡੇ ਵਿੱਚ ਇੱਕ ਕਮੀ ਵੀ ਰਹੀ ਕਿ ਅਸੀਂ ਵੀ ਕੀਮਤ ਮਰਨ ਤੋਂ ਬਾਅਦ ਹੀ ਪਾਈ ।

ਪੰਜਾਬ ਦੀ ਇਸ ਕੋਇਲ ਗਾਇਕਾ ਦੀ ਧੀ ਡੋਲੀ ਗਲੇਰੀਆ ਨੇ ਕਿਸਾਨ ਅੰਦੋਲਨ ਵਿੱਚ 16 ਸਾਲ ਬਾਅਦ ਦਰਦ ਫਰੋਲਦੇ ਹੋਏ ਕਿਹਾ ਕਿ ਸਾਡੀ ਮਾਂ ਨੂੰ ਪਦਮਸ਼੍ਰੀ ਵੀ ਹਰਿਆਣਾ ਨੇ ਦਿੱਤਾ । ਗਾਇਕੀ ਦੇ ਖੇਤਰ ਵਿੱਚ ਸੱਭਿਆਚਾਰਕ ਅਤੇ ਮਾਂ ਬੋਲੀ ਦੀ ਸੇਵਾ ਪੰਜਾਬੀਅਤ ਲਈ ਕੀਤੀ । ਧੀ ਨੇ ਦੁੱਖ ਇੱਥੋਂ ਤੱਕ ਦੱਸਿਆ ਕਿ ਉਸਦੀ ਮਰਨ ਦੀ ਇੱਛਾ ਪੰਜਾਬ ਵਿੱਚ ਸੀ ਪਰ ਫਿਰ ਵੀ ਪੰਜਾਬ ਨੇ ਉਸਦੀ ਸਾਰ ਨਹੀਂ ਲਈ ।

ਪੰਜਾਬੀ ਸੱਭਿਆਚਾਰ ਦੇ ਅੰਗ ਢੋਲਾ , ਮਾਹੀਆ , ਭਾਬੋ , ਡੋਲੀ ਲਈ ਦਿਲ ਟੁੰਬਵੇਂ ਸੁਨੇਹੇ ਦਿੱਤੇ ਜੋ ਅੱਜ ਤੱਕ ਵੀ ਖੁਸ਼ਬੂ ਦਿੰਦੇ ਹਨ । ਪਰ ਇਹਨਾਂ ਨੂੰ ਘਸਮੈਲੇ ਕਰਨ ਦਾ ਵਰਕਾ ਵੀ ਨਾਲ ਦੀ ਨਾਲ ਖੁਲ ਗਿਆ । ਧੀ ਨੂੰ ਦਰਵਾਜ਼ੇ ਤੋਂ ਡੋਲੀ ਤੋਰਨ ਤੱਕ ਹੰਝੂ ਪੂੰਝਣ ਵਾਲਾ ਸੁਨੇਹਾ ਵੀ ਮੱਧਮ ਪਿਆ ਹੈ ਪਰ ਮਾਂ ਪਿਓ ਦਾ ਧੀ ਲਈ ਪਿਆਰ ਸੁਰਿੰਦਰ ਕੌਰ ਮੁਤਾਬਿਕ ਹੀ ਚੱਲ ਰਿਹਾ ਹੈ ।

" ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਏ
" ਸੱਸ ਨੂੰ ਹਊਆ ਬਣਾ ਕੇ ਪੇਸ਼ ਕਰਨ ਵਾਲਿਆਂ ਨੂੰ ਸੁਰਿੰਦਰ ਕੌਰ ਕਰਾਰਾ ਜਵਾਬ ਇਓਂ ਦੇ ਰਹੀ ਹੈ ।
" ਮਾਂਵਾ ਲਾਡ ਲਡਾਵਣ ਧੀ ਵਿਗਾੜਨ ਲਈ , ਸੱਸਾਂ ਦੇਵਣ ਮੱਤਾਂ ਉਮਰ ਸਵਾਰਨ ਲਈ "

ਧੀ ਪ੍ਰਤੀ ਜ਼ਿਆਦਾ ਜਾਗਰੂਕ ਹੁੰਦੀ ਸਦਾ ਬਹਾਰ ਅਤੇ ਸੱਭਿਆਚਾਰ ਦੀ ਮਲਿਕਾ ਇਸ ਗਾਇਕ ਨੇ ਇਓਂ ਰੂਪਮਾਨ ਕੀਤਾ ਹੈ
" ਡਾਚੀ ਵਾਲਿਆ ਮੋੜ ਮੋਹਾਰ ਵੇ ,
ਸੋਹਣੀ ਵਾਲਿਆ ਲੈ ਚੱਲ ਨਾਲ ਵੇ "

ਅੱਜ ਭਾਵੇਂ ਅਜਿਹੀ ਗਾਇਕਾ ਦਾ ਸਾਹਿਤ ਸਾਂਭਿਆ ਹੋਇਆ ਹੈ , ਪਰ ਉਸਦੀ ਮਹਿਕ ਨੂੰ ਕੁਝ ਮਾਣ ਮੱਤੇ ਗਾਇਕਾਂ ਨੇ ਜੀਉਂਦਾ ਰੱਖਿਆ ਹੋਇਆ ਹੈ । ਸ਼ਰੀਰ ਕਰਕੇ ਭਾਂਵੇ ਸਾਡੇ ਵਿੱਚ ਨਹੀਂ ਹੈ , ਪਰ ਸੱਭਿਆਚਾਰ ਦੀ ਆਵਾਜ਼ ਅਤੇ ਸੁਰੀਲੀ ਆਵਾਜ਼ ਕਰਕੇ ਸਾਨੂੰ ਭਵਿੱਖ ਮੁੱਖੀ ਸੁਨੇਹੇ ਦਿੰਦੀ ਹੋਈ ਅੱਜ ਵੀ ਜੀਉਂਦੀ ਲੱਗਦੀ ਹੈ । ਬਟਵਾਰੇ ਤੋਂ ਬਾਅਦ ਅੱਜ ਤੱਕ ਚੜ੍ਹਦੇ ਅਤੇ ਲਹਿੰਦੇ ਪੰਜਾਬਾਂ ਨੇ ਇਸ ਮਾਣਮੱਤੀ ਕੋਇਲ ਸਾਂਝੇ ਰੂਪ ਵਿੱਚ ਆਪਣੀ ਧੀ ਮੰਨਿਆ ਹੋਇਆ ਹੈ । ਸਰੀਰ ਕਰਕੇ ਭਾਵੇਂ ਉਹ ਨਹੀਂ ਹੈ । ਪਰ ਆਪਣੀ ਸੁਥਰੀ ਗਾਇਕੀ ਕਰਕੇ ਉਸਦੀ ਮਹਿਕ ਤਰੋਤਾਜ਼ਾ ਹੈ ।

*-ਸੁਖਪਾਲ ਸਿੰਘ ਗਿੱਲ*
*9878111445*
*ਅਬਿਆਣਾ ਕਲਾਂ।*

# ਬੱਚਿਆਂ ਵਿਚ ਵਧ ਰਹੀ ਹਮਲਾਵਰਤਾ ਇਕ ਵੱਡੀ ਚੁਣੌਤੀ

ਇੰਟਰਨੈੱਟ ਦੀ ਦੁਨੀਆਂ ਨੇ ਬੱਚਿਆਂ ਅਤੇ ਨੌਜੁਆਨਾ ਦੀ ਮਨੋਦਸ਼ਾ ਨੂੰ ਹਮਲਾਵਰ ਬਣਾ ਦਿੱਤਾ ਹੈ। ਕੌੜਾ ਸੱਚ ਇਹ ਵੀ ਹੈ ਕਿ ਪਰਿਵਾਰਾਂ *ਚ ਬਜ਼ੁਰਗਾਂ ਦੀ ਅਹਿਮੀਅਤ ਖਤਮ ਜਿਹੀ ਹੋ ਗਈ ਹੈ। ਛੋਟੇ ਪਰਿਵਾਰਾਂ ਤੋਂ ਬਾਦ ਬਣੇ ਕੰਮਕਾਜੀ ਇਕੱਲੇ ਪਰਿਵਾਰਾਂ *ਚ ਮਾਂ ਬਾਪ ਵੀ ਹੁਣ ਬੱਚਿਆਂ ਦੇ ਬਚਪਨ ਤੋਂ ਗਾਇਬ ਹੋ ਰਹੇ ਹਨ। ਅਜਿਹੇ ਇਕੱਲੇ ਵਾਤਾਵਰਨ *ਚ ਬੱਚੇ ਆਪਣੇ ਮਨੋਰੰਜਨ ਦੀਆਂ ਚੀਜਾਂ ਦੀ ਚੋਣ ਦੇ ਲਈ ਅਜਾਦ ਹੋ ਗਏ ਹਨ। ਇੰਟਰਨੈੱਟ ਦੀ ਦੁਨੀਆਂ ਨੇ ਬੱਚਿਆਂ ਅਤੇ ਨੋਜੁਆਨਾਂ ਦੇ ਮਨਾਂ ਨੂੰ ਉੱਤੇਜਿੱਤ ਬਣਾ ਦਿੱਤਾ ਹੈ। ਇਸ ਸੰਦਰਭ ਨੂੰ ਪ੍ਰਮਾਣ ਦੇਣ ਵਾਲੀਆਂ ਘਟਨਾਵਾਂ ਅਕਸਰ ਦੇਖਣ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਮੋਬਾਇਲ, ਇੰਟਰਨੈੱਟ ਆਦਿ ਦੀ ਲਤ ਦੇ ਸ਼ਿਕਾਰ ਬੱਚੇ ਤੱਕ ਦਹਿਲਾ ਦੇਣ ਵਾਲੇ ਅਪਰਾਧ ਕਰ ਬੈਠਦੇ ਹਨ। ਮੋਬਾਇਲ ਇਸਤਮ-ਾਲ ਕਰਨ ਅਤੇ ਪਬਜੀ ਜਿਹੀਆਂ ਹਿੰਸਕ ਖੇਡਾਂ ਖੇਡਣ ਤੋਂ ਰੋਕਣ ਜਿਹੀਆਂ ਗੱਲਾਂ *ਤੇ ਹੀ ਬੱਚੇ ਮਾਤਾ ਪਿਤਾ ਨੂੰ ਜਾਨੋ ਮਾਰਨ ਜਾਂ ਖੁਦਕੁਸ਼ੀ ਜਿਹਾ ਆਤਮਘਾਤੀ ਕਦਮ ਚੱਕ ਲੈਂਦੇ ਹਨ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਘਟਨਾਵਾਂ ਤੇਜੀ ਨਾਲ ਵਧ ਰਹੀਆਂ ਹਨ। ਕੁਝ ਸਮਾਂ ਪਹਿਲਾਂ ਲਖਨਊ *ਚ 16 ਸਾਲ ਦੇ ਇਕ ਲੜਕੇ ਨੇ ਆਪਣੀ ਮਾਂ ਦੀ ਹੱਤਿਆ ਕਰ ਦਿੱਤੀ ਸੀ।ਕਾਰਨ ਪਤਾ ਚੱਲਿਆ ਕਿ ਉਹ ਉਸਨੂੰ ਮੋਬ-ਾਇਲ *ਤੇ ਪਬਜੀ ਗੇਮ ਖੇਡਣ ਤੋਂ ਮਨ੍ਹਾਂ ਕਰਦੀ ਸੀ।ਇਹ ਲੜਕਾ ਦਸਵੀਂ ਕਲਾਸ ਦਾ ਵਿਦਿਆਰਥੀ ਸੀ। ਅਜਿਹੀਆਂ ਘਟਨਾਵਾਂ ਨੂੰ ਦੇਖ ਕੇ ਲਗਦਾ ਹੈ ਕਿ ਇੰਟਰਨੈੱਟ ਰਾਹੀਂ ਉਂਭਰਦੀ ਇਸ ਹਿੰਸਾ ਦੇ ਸਮਾਜ ਸ਼ਾਸਤਰ ਨੂੰ ਸਮਾਂ ਰਹਿੰਦੇ ਸਮਝਣ ਅਤੇ ਇਸ ਸਮੱਸਿਆ ਦਾ ਹੱਲ ਲੱਭਣ ਦੀ ਲੋੜ ਹੈ। ਅਜਿਹੀਆਂ ਘਟਨਾਵਾਂ ਪਰਿਵਾਰ, ਸਮਾਜ ਅਤੇ ਸਮਾਜਕ ਤਾਣੇ ਬਾਣੇ *ਤੇ ਸਵਾਲ ਖੜ੍ਹਾ ਕਰਦੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਲੱਗਦਾ ਹੈ ਕਿ ਬੱਚਿਆਂ ਦੇ ਸਮਾਜੀਕਰਨ *ਚ ਆਪਣਾ ਅਹਿਮ ਰੋਲ ਨਿਭਾਉਣ ਵਾਲੇ ਪਰਿਵਾਰ ਅਤੇ ਸਕੂਲ ਜਿਹੀਆਂ ਸੰਸਥਾਵਾਂ ਦੀ ਜਿੰਮੇਵਾਰੀ ਕਿਤੇ ਨਾ ਕਿਤੇ ਸਿਮਟਦੀ ਜਾ ਰਹੀ ਹੈ। ਇਸਦਾ ਅਸਰ ਇਹ ਹੋਇਆ ਕਿ ਬੱਚੇ ਆਪਣੀ ਦੁਨੀਆਂ ਅਲੱਗ ਸਿਰਜਦੇ ਜਾ ਰਹੇ ਹਨ। ਸੱਚਾਈ ਇਹ ਹੈ ਕਿ ਪਿਛਲੇ ਕੁਝ ਦਹਾਕਿਆਂ ਤੋਂ ਕੰਪਿਊਟਰ ਅਤੇ ਇੰਟਰਨੈੱਟ ਸੂਚਨਾਵਾਂ ਨੇ ਇਕ ਸੰਵੇਦਨਹੀਣ ਸਮਾਜ ਗੜ੍ਹ ਦਿੱਤਾ ਹੈ।ਅੱਜ ਇੰਟਰਨੈੱਟ *ਤੇ ਉਪਲਬਧ ਅਲੱਗ ^ਅਲੱਗ ਹਿੰਸਕ ਖੇਡਾਂ ਦੇ ਸਾਹਮਣੇ ਸਾਡੇ ਦਿਮਾਗ ਨੂੰ ਤਰੋਤਾਜਾ ਰੱਖਣ ਵਾਲੀਆਂ ਸਮਾਜਕ ਅਤੇ ਵਿੱਦਿਅਕ ਗਤੀਵਿਧੀਆਂ ਸਮਾਜ ਵਿਚੋਂ ਗਾਇਬ ਕਿਉਂ ਹੁੰਦੀਆਂ ਜਾ ਰਹੀਆਂ ਹਨ।ਲਗਾਤਾਰ ਫੈਲ ਰਹੀ ਇਹ ਅਭਾਸੀ ਦੁਨੀਆਂ ਅੱਜ ਇਕ ਬਿਮਾਰੀ ਦੀ ਸ਼ਕਲ ਕਿਉਂ ਲੈਂਦੀ ਜਾ ਰਹੀ ਹੈ< ਸਕੂਲਾਂ *ਚ ਪੜ੍ਹਨ^ਪੜ੍ਹਾਉਣ ਦੀ ਸਮੱਗਰੀ ਅਤੇ ਅਧਿਆਪਕਾਂ ਦੀ ਮੌਜੂਦਗੀ ਦੇ ਬਾਵਜੂਦ ਵੀ ਇੰਟਰਨੈੱਟ ਨਾਲ ਜੁੜੀਆਂ ਗੇਮਾ ਹਿੰਸਾ ਦੀ ਹੱਦ ਕਿਉਂ ਪਾਰ ਕਰ ਜਾਂਦੀਆਂ ਹਨ< ਤਕਨੀਕ ਅਤੇ ਡਿਜੀਟਲ ਸਮਾਜ ਦੀ ਤਰੱਕੀ ਦੇ ਇਸ ਮਾਇਆਜਾਲ *ਚ ਇਨ੍ਹਾ ਸਵਾਲਾਂ ਦੇ ਜਵਾਬ ਲੱਭਣੇ ਲਾਜ਼ਮੀ ਹੋ ਗਏ ਹਨ। ਕੌੜੀ ਸੱਚਾਈ ਇਹ ਹੈ ਕਿ ਪਰਿਵਾਰ ਦੇ ਵਖਰੇਂਵੇ ਨਾਲ ਬੱਚਿਆਂ ਦਾ ਬਚਪਨ ਸਭ ਤੋਂ ਜਿਆਦਾ ਪ੍ਰਭਾਵਤ ਹੋਇਆ ਹੈ। ਦਾਦਾ ਦਾਦੀ, ਨਾਨਾ ਨਾਨੀ ਦੀ ਦੇਖਰੇਖ *ਚ ਪਲਣ ਵਾਲਾ ਬਚਪਨ ਹੁਣ ਕੰਪਿਊਟਰ ,ਇੰਟਰਨੈੱਟ, ਟੀਵੀ ਅਤੇ ਵੀਡ੍ਹੀ ਗੇਮ ਜਿਹੇ ਸੰਚਾਰ ਸਾਧਨਾ ਦੇ ਅਧੀਨ ਪਲ ਰਿਹਾ ਹੈ। ਅੱਜ ਆਰਥਕ ਦਬਾਅ ਦੇ ਚੱਲਦਿਆਂ ਮਾਪਿਆਂ ਨੂੰ ਐਨੀ ਫੁਰਸਤ ਹੀ ਨਹੀਂ ਹੈ ਕਿ ਜੋ ਉਸ ਨੂੰ ਦੱਸ ਸਕਣ ਕਿ ਉਸਦੀ ਜਿੰਦਗੀ *ਚ ਸਕਰਾਤਮਕਤਾ ਅਤੇ ਉਪਯੋਗੀ ਚੀਜਾਂ ਦੀ ਚੋਣ ਕਰਨ ਲਈ ਕਿਸ ਦਿਸ਼ਾ ਵੱਲ ਆਪਣਾ ਰੁਝਾਨ ਕਰਨਾ ਹੈ। ਮੌਜੂਦਾ ਸਮੇਂ ਦਾ ਕੌੜਾ ਸੱਚ ਇਹ ਵੀ ਹੈ ਕਿ ਪਰਿਵਾਰਾਂ *ਚ ਬਜ਼ੁਰਗਾਂ ਦਾ ਅਹਿਮ ਰੋਲ ਖਤ਼ਮ ਜਿਹਾ ਹੋ ਗਿਆ ਹੈ। ਤੱਥ ਦੱਸਦੇ ਹਨ ਕਿ ਅੱਜ ਦੇਸ਼ ਦੁਨੀਆਂ *ਚ ਆਨਲਾਈਨ ਗੇਮਾਂ ਦਾ ਵਿਸ਼ਵ ਪੱਧਰੀ ਕਾਰੋਬਾਰ 37 ਅਰਬ ਡਾਲਰ ਤੋਂ ਵੀ ਜਿਆਦਾ ਦਾ ਰਿਹਾ ਹੈ।ਸਾਲ 2025 ਤੱਕ ਇਸਦੇ 120 ਅਰਬ ਡਾਲਰ ਤੋਂ ਵੀ ਜਿਆਦਾ ਹੋਣ ਦਾ ਅੰਦਾਜ਼ਾ ਹੈ। ਆਨਲਾਈਨ ਗੇਮਾਂ ਖੇਡਣ ਵਾਲਿਆਂ ਦੀ ਗਿਣਤੀ ਨਾਲ ਜੁੜੇ ਆਂਕੜੇ ਦੱਸਦੇ ਹਨ ਕਿ ਕਰੋਨਾ ਕਾਲ *ਚ ਇਨ੍ਹਾ ਦੀ ਗਿਣੀ 35 ਕਰੋੜ ਦੇ ਕਰੀਬ ਸੀ, ਜੋ ਇਸ ਸਾਲ ਦੇ ਅੰਤ ਤੱਕ 50 ਕਰੋੜ ਤੋਂ ਜਿਆਦਾ ਹੋਣ ਦਾ ਅੰਦਾਜ਼ਾ ਹੈ।ਹਾਲਾਂਕਿ ਭਾਰਤ ਸਰਕਾਰ ਨੇ ਪਿਛਲੇ ਦੋ ਸਾਲਾਂ *ਚ ਚੀਨ ਦੀਆਂ 100 ਤੋਂ ਜਿਆਦਾ ਐਪਲੀਕੇਸ਼ਨਜ਼ *ਤੇ ਬੈਨ ਲਾਇਆ ਹੈ, ਪਰ ਇਸਦੇ ਬਾਵਜੂਦ ਨਾਂਅ ਬਦਲ^ਬਦਲ ਕੇ ਇਹ ਹਿੰਸਕ ਖੇਡਾਂ ਆਪਣੇ ਕਰਤਬ ਦਿਖਾਉਣ ਤੋਂ ਬਾਜ ਨਹੀਂ ਆ ਰਹੀਆਂ ਹਨ। ਅੱਜ ਜਿਸ ਹਿੰਸਾ ਦਾ ਇਸਤੇਮਾਲ ਬੱਚੇ ਆਪਣੇ ਦੋਸਤਾਂ, ਸਹਿਪਾਠੀਆ ਅਤੇ ਪਰਿਵਾਰਕ ਮੈਂਬਰਾਂ ਦੇ ਨਾਲ ਕਰ ਰਹੇ ਹਨ, ਉਹ ਯਕੀਨਨ ਹੀ ਉਨ੍ਹਾਂ ਦੀ ਸਹਿਣਸ਼ਕਤੀ ਦੇ ਕਮਜ਼ੋਰ ਹੋਣ ਅਤੇ ਉਨ੍ਹਾ ਦੀ ਕ੍ਰੋਧੀ ਸ਼ਖਸੀਅਤ ਦਾ ਪ੍ਰਤੀਬਿੰਬ ਹੈ। ਪਹਿਲਾਂ ਪਰਿਵਾਰ ,ਅਧਿਆਪਕ ਅਤੇ ਸਿੱਖਿਆ ਦਾ ਸੁਮੇਲ ਬੱਚਿਆਂ ਦੀ ਸਖਸ਼ੀਅਤ ਲਈ ਸੁਰੱਖਿਆ ਕਵਚ ਦਾ ਕੰਮ ਕਰਦੇ ਸਨ। ਪਰ ਲਗਦਾ ਹੈ ਕਿ ਹੁਣ ਉਹ ਕਵਚ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸੰਚਾਰ ਸਾਧਨਾ ਨੇ ਤਾਂ ਬੱਚਿਆਂ ਦੀ ਕਲਪਨਾ ਅਤੇ ਉਨ੍ਹਾਂ ਦੇ ਯਥਾਰਥ *ਚ ਘਾਲਮੇਲ ਕਰਦੇ ਹੋਏ ਗੁੱਸੇ, ਚਿੜਚਿੜੇਪਨ ਅਤੇ ਹਿੰਸਾ ਨੂੰ ਅੱਗੇ ਲਿਆ ਕੇ ਉਸ ਨੂੰ ਜਿੰਦਗੀ ਦਾ ਮਕਸਕ ਜਾਂ ਟੀਚਾ ਹਾਸਲ ਕਰਨ ਦਾ ਸਾਧਨ ਬਣਾ ਦਿੱਤਾ ਹੈ। ਹਿੰਸਾ ਹੁਣ ਬੱਚਿਆਂ ਦੀ ਆਮ ਜਿੰਦਗੀ ਦਾ ਹਿੱਸਾ ਬਣਦੀ ਜਾ ਰਹੀ ਹੈ।

ਸੰਜ਼ਮ, ਸਹਿਣਸ਼ੀਲਤਾ, ਹਮਦਰਦੀ ਅਤੇ ਅਹਿੰਸਾ ਜਿਹੀਆਂ ਕਦਰਾਂ ਕੀਮਤਾਂ ਆਪਣੀ ਅਹਿਮੀਅਤ ਲਗਾਤਾਰ ਗਵਾਉਂਦੀਆਂ ਪ੍ਰਤੀਤ ਹੋ ਰਹੀਆਂ ਹਨ। ਮੰਜ਼ਿਲ ਪ੍ਰਾਪਤੀ *ਚ ਦੇਰੀ ਬੱਚਿਆਂ ਲਈ ਸਹਿਣ ਕਰਨੀ ਮੁਸ਼ਕਲ ਹੋ ਰਹੀ ਹੈ। ਪਰਿਵਾਰਾਂ *ਚ ਬੱਚੇ ਘਰ ਵਾਲਿਆਂ ਤੋਂ ਅਲੱਗ ਹੋਣ ਦੀ ਮੰਗ ਕਰ ਰਹੇ ਹਨ। ਇਹੋ ਕਾਰਨ ਹੈ ਕਿ ਪਰਿਵਾਰ *ਚ ਟੋਕਾ ਟੁਕਾਈ ਤੱਕ ਬੱਚਿਆਂ ਦੇ ਬਰਦਾਸ਼ਤ ਤੋਂ ਬਾਹਰ ਹੋ ਰਹੀ ਹੈ। ਬੱਚਿਆਂ ਨੂੰ ਹਿੰਸਾ ਦੀ ਗ੍ਰਿਫ਼ਤ ਚੋਂ ਬਚਾਉਣ ਦੇ ਲਈ ਜ਼ਰੂਰੀ ਹੈ ਕਿ ਅਸੀਂ ਬੱਚਿਆਂ ਦੇ ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੇ ਹੋਏ ਉਨ੍ਹਾਂ ਦੇ ਨਜ਼ਦੀਕ ਆਉਦ ਦੀਆਂ ਕੋਸ਼ਿਸ਼ ਕਰੀਏ। ਇਸ ਤੋਂ ਇਲਾਵਾ ਬੱਚਿਆਂ *ਚ ਹਿੰਸਕ ਪ੍ਰਵਿਰਤੀ ਨੂੰ ਘੱਟ ਕਰਦੇ ਹੋਏ ਮਾਪੇ ਉਨ੍ਹਾਂ ਨਾਲ ਨਜ਼ਦੀਕੀ ਅਤੇ ਸੰਵਾਦ ਸਥਾਪਤ ਕਰਨ ਦੇ ਯਤਨ ਲਗਾਤਾਰ ਜਾਰੀ ਰੱਖਣ। ਧਿਆਨ ਰਹੇ ਕਿ ਬੱਚਿਆਂ ਦੀ ਜਿੰਦਗੀ ਦਾ ਇਕੱਲਾਪਨ ਉਨ੍ਹਾਂ ਭਟਕਣ ਵਾਲੇ ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਲਈ ਉਕਸਾਉਂਦਾ ਹੈ।ਬੱਚਾ ਜੋ ਕਹਿਣਾ ਚਾਹੁੰਦਾ ਹੈ, ਮਾਪਿਆਂ ਦੇ ਨਾਲ^ਨਾਲ ਸਕੂਲ *ਚ ਵੀ ਉਸ ਦੀ ਗੱਲ ਨੂੰ ਠੀਕ ਤਰੀਕੇ ਨਾਲ ਸੁਣਿਆ ਜਾਵੇ। ਬੱਚੇ ਦੇ ਸਕੂਲ ਜਾਂ ਪਰਿਵਾਰ *ਚ ਉਸਦੇ ਲੋੜ ਤੋਂ ਵਧ ਸ਼ਾਂਤ ਰਹਿਣ ਅਤੇ ਅਲੱਗ ^ਅਲੱਗ ਰਹਿਣ ਦੀ ਦਸ਼ਾ *ਚ ਵੀ ਉਸਦੀ ਸੁਣਵਾਈ ਠੀਕ ਢੰਗ ਨਾਲ ਹੋਵੇ ਅਤੇ ਉਸ ਨਾਲ ਲਗਾਤਾਰ ਤਰ੍ਹਾਂ ਤਰ੍ਹਾ ਦੇ ਸਕਰਾਤਮਕ ਸੰਵਾਦ ਕਰਨ ਦੇ ਲਈ ਜ਼ਰੀਏ ਤਲਾਸ਼ੇ ਜਾਣ। ਇਨ੍ਹਾਂ ਛੋਟੇ ਛੋਟੇ ਯਤਨਾਂ ਨਾਲ ਹੀ ਬੱਚਿਆਂ ਨੂੰ ਅਭਾਸੀ ਅਤੇ ਹਿੰਸਕ ਦੂਨੀਆਂ ਦੀਆਂ ਚੁਣੌਤੀਆਂ ਤੋਂ ਬਚਾਇਆ ਜਾ ਸਕਦਾ ਹੈ।

*-ਹਰਪ੍ਰੀਤ ਸਿੰਘ ਬਰਾੜ*
*ਸਿਹਤ,ਸਿੱਖਿਆ ਅਤੇ ਸਮਾਜਕ ਲੇਖਕ*
*ਮੇਨ ਏਅਰ ਫੋਰਸ ਰੋਡ,ਬਠਿੰਡਾ*



# ਸ਼ੋਕ ਸਮਾਚਾਰ: ਮਸ਼ਹੂਰ ਪੰਜਾਬੀ ਅਦਾਕਾਰਾ ਦਲਜੀਤ ਕੌਰ ਦਾ ਦੇਹਾਂਤ



ਚੰਡੀਗੜ੍ਹ 17 ਨਵੰਬਰ (ਪੋਸਟ ਬਿਊਰੋ): ਮਸ਼ਹੂਰ ਪੰਜਾਬੀ ਅਦਾਕਾਰਾ ਦਲਜੀਤ ਕੌਰ (69) ਦਾ ਕਸਬਾ ਸੁਧਾਰ ਬਾਜ਼ਾਰ 'ਚ ਦੇਹਾਂਤ ਹੋ ਗਿਆ ਹੈ। ਦਲਜੀਤ ਕੌਰ ਨੇ ਹਿੰਦੀ ਅਤੇ ਪੰਜਾਬੀ ਫਿਲਮਾਂ ਵਿੱਚ ਕੰਮ ਕੀਤਾ ਹੈ। ਦਲਜੀਤ ਕੌਰ ਲੰਬੇ ਸਮੇਂ ਤੋਂ ਬਿਮਾਰ ਸਨ। ਦਲਜੀਤ ਕੌਰ ਨੇ 10 ਤੋਂ ਜ਼ਿਆਦਾ ਹਿੰਦੀ ਤੇ 70 ਤੋਂ ਜ਼ਿਆਦਾ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ ਸੀ। ਦਿੱਲੀ ਦੇ ਲੇਡੀ ਸ਼੍ਰੀ ਰਾਮ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਪੁਣੇ ਫ਼ਿਲਮ ਇੰਸਟੀਚਿਊਟ ਤੋਂ ਅਦਾਕਾਰੀ ਦੀ ਸ਼ੁਰੂਆਤ ਕੀਤੀ। ਸਾਲ 1976 'ਚ ਉਨ੍ਹਾਂ ਦੀ ਪਹਿਲੀ ਫ਼ਿਲਮ 'ਦਾਜ਼' ਰਿਲੀਜ਼ ਹੋਈ ਸੀ। ਉਨ੍ਹਾਂ ਨੇ 'ਪੁੱਤ ਜੱਟਾਂ ਦੇ', 'ਮਾਮਲਾ ਗੜਬੜ ਹੈ', 'ਕੀ ਬਨੂੰ ਦੁਨੀਆ ਦਾ', 'ਸਰਪੰਚ' ਅਤੇ 'ਪਟੋਲਾ' ਵਰਗੀਆਂ ਕਈ ਸੁਪਰਹਿੱਟ ਪੰਜਾਬੀ ਫ਼ਿਲਮਾਂ 'ਚ ਮੁੱਖ ਭੂਮਿਕਾ ਨਿਭਾਈ ਸੀ।

## 20 ਨਵੰਬਰ ਤੋਂ ਚੰਡੀਗੜ੍ਹ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਦੀ ਲੰਘੇਗੀ ਭਾਰਤ ਜੋੜੋ ਯਾਤਰਾ : ਵਿਨੋਦ ਸ਼ਰਮਾ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਤੋਂ ਪ੍ਰੇਰਿਤ ਚੰਡੀਗੜ੍ਹ ਕਾਂਗਰਸ ਨੇ ਅੱਜ ਇੱਥੇ ਕਾਂਗਰਸ ਭਵਨ ਵਿਖੇ ਪ੍ਰੈਸ ਕਾਨਫਰੰਸ ਕੀਤੀ। ਇਸ ਗੱਲਬਾਤ ਦੌਰਾਨ ਭਾਰਤ ਜੋੜੋ ਯਾਤਰਾ ਦਾ ਚੰਡੀਗੜ੍ਹ ਚੈਪਟਰ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਇਸ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਚੰਡੀਗੜ੍ਹ ਲਈ ਭਾਰਤ ਜੋੜੋ ਯਾਤਰਾ ਦੇ ਸੂਬਾ ਕੋਆਰਡੀਨੇਟਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਇਹ ਯਾਤਰਾ 20 ਨਵੰਬਰ ਤੋਂ ਸ਼ਹਿਰ ਵਿੱਚ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ ਕਿ ਅਗਲੇ ਇੱਕ ਮਹੀਨੇ ਤੱਕ ਰੋਜ਼ਾਨਾ ਸ਼ਾਮ ਨੂੰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਦੀ ਲੰਘੇਗੀ। ਯਾਤਰਾ ਦੌਰਾਨ ਭਾਰਤੀ ਜਨਤਾ ਪਾਰਟੀ ਦੀਆਂ ਫੁੱਟ ਪਾਊ ਨੀਤੀਆਂ ਦਾ ਪਰਦਾਫਾਸ਼ ਕਰਨ ਦਾ ਯਤਨ ਕੀਤਾ ਜਾਵੇਗਾ, ਜਿਨ੍ਹਾਂ ਦਾ ਮਕਸਦ ਸਿਰਫ਼ ਆਪਣੇ ਲੋਕ ਵਿਰੋਧੀ ਰਾਜ ਨੂੰ ਕਾਇਮ ਰੱਖਣ ਲਈ ਭਾਰਤ ਦੇ ਲੋਕਾਂ ਦੇ ਦਿਲਾਂ ਵਿੱਚ ਬੇਚੈਨੀ ਅਤੇ ਦਰਾਰ ਪੈਦਾ ਕਰਨਾ ਹੈ। ਯਾਤਰਾ ਦੌਰਾਨ ਇਸ ਤੱਥ ਦਾ ਵੀ ਪਰਦਾਫਾਸ਼ ਕੀਤਾ ਜਾਵੇਗਾ ਕਿ ਭਾਜਪਾ ਧਨਾਢਾਂ ਦੇ ਹੱਕ ਵਿਚ ਨੀਤੀਆਂ ਬਣਾ ਕੇ ਦੇਸ਼ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਖ਼ਤਮ ਕਰਨ 'ਤੇ ਤੁਲੀ ਹੋਈ ਹੈ ਅਤੇ ਅਜਿਹਾ ਕਰਕੇ ਦੇਸ਼ ਵਿਚ ਆਰਥਿਕ ਅਸਮਾਨਤਾ ਨੂੰ ਹੋਰ ਵਿਆਪਕ ਬਣਾ ਰਹੀ ਹੈ ਇਨ੍ਹਾਂ ਸਾਰੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਮੱਧ ਵਰਗ ਅਤੇ ਗਰੀਬ ਲੋਕ ਬਹੁਤ ਦੁਖੀ ਹੋ ਰਹੇ ਹਨ। ਇਸ ਦੌਰਾਨ ਕਾਂਗਰਸ ਪਾਰਟੀ ਦੀ ਨਿਆਏ ਯੋਜਨਾ ਦੇ ਲਾਭਾਂ ਦਾ ਪ੍ਰਚਾਰ ਕਰੇਗੀ, ਜਿਸ ਵਿਚ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਸਰਕਾਰ ਤੋਂ 6,000 ਰੁਪਏ ਪ੍ਰਤੀ ਮਹੀਨਾ ਮਿਲਣਗੇ।

# ਸਰਕਾਰ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਕੀਤੀਆਂ ਲਾਲ ਐਂਟਰੀਆਂ ਤੁਰੰਤ ਖਤਮ ਕਰੇ : ਅਕਾਲੀ ਦਲ

## ਆਪ ਸਰਕਾਰ ਦੀ ਲਾਲ ਸੂਚੀ ਕੇਂਦਰ ਦੀ ਕਾਲੀ ਸੂਚੀ ਬਰਾਬਰ ਜੋ ਕਿਸਾਨਾਂ ਨਾਲ ਵਿਤਕਰੇ ਦਾ ਸਬੱਬ ਬਣੇਗੀ : ਮਜੀਠੀਆ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਸਾਬਕਾ ਮਾਲ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਮੰਗ ਕੀਤੀ ਕਿ ਸਰਕਾਰ ਹਜ਼ਾਰਾਂ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਕੀਤੀਆਂ ਲਾਲ ਐਂਟਰੀਆਂ ਤੁਰੰਤ ਖਾਰਜ ਕਰੇ ਅਤੇ ਕਿਹਾ ਕਿ ਕਿਸਾਨ ਪਰਾਲੀ ਸਾੜਨ ਲਈ ਇਸ ਲਈ ਮਜਬੂਰ ਹੋਏ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਪਰਾਲੀ ਦੀ ਸੰਭਾਲ 'ਤੇ ਹੁੰਦੇ ਖਰਚ ਦਾ ਮੁਆਵਜ਼ਾ ਕਿਸਾਨਾਂ ਨੂੰ ਦੇਣ ਵਿਚ ਫੇਲ੍ਹ ਹੋਏ।

ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਅਕਾਲੀ ਦਲ ਪਹਿਲਾਂ ਹੀ ਸੰਕਟ ਵਿਚ ਕਿਸਾਨਾਂ ਦੇ ਨਾਲ ਹੈ ਤੇ ਪਾਰਟੀ ਕਿਸਾਨਾਂ 'ਤੇ ਪਰਾਲੀ ਸਾੜਨ ਲਈ ਲਗਾਏ ਜੁਰਮਾਨੇ ਵੀ ਕਿਸੇ ਵੀ ਕੀਮਤ 'ਤੇ ਨਹੀਂ ਵਸੂਲਣ ਦੇਵੇਗਾ ਅਤੇ ਜੇਕਰ ਜ਼ਮੀਨੀ ਰਿਕਾਰਡ ਵਿਚੋਂ ਲਾਲ ਐਂਟਰੀਆਂ ਖਤਮ ਨਾ ਕੀਤੀਆਂ ਗਈਆਂ ਤਾਂ ਇਸ ਵਿਰੁੱਧ ਨਿਰੰਤਰ ਮੁਹਿੰਮ ਚਲਾਈ ਜਾਵੇਗੀ।

ਉਹਨਾਂ ਕਿਹਾ ਕਿ ਆਪ ਸਰਕਾਰ ਨੇ ਉਸੇ ਤਰ੍ਹਾਂ ਇਕ ਹੋਰ ਸੂਚੀ ਤਿਆਰ ਕਰ ਦਿੱਤੀ ਹੈ ਜਿਵੇਂ ਕੇਂਦਰ ਸਰਕਾਰ



ਨੇ ਕਾਲੀ ਸੂਚੀ ਬਣਾਈ ਸੀ। ਹੁਣ ਇਸ ਸੂਚੀ ਕਾਰਨ ਕਿਸਾਨਾਂ ਨੂੰ ਅਣਗਿਣਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਉਹ ਨਾ ਤਾਂ ਕਰਜ਼ਾ ਲੈ ਸਕਣਗੇ ਤੇ ਨਾ ਹੀ ਆਪਣੀ ਜ਼ਮੀਨ ਗਹਿਣੇ ਰੱਖ ਸਕਣਗੇ। ਇਹ ਵਿਤਕਰਾ ਹੈ ਤੇ ਇਹ ਉਹਨਾਂ ਨੂੰ ਵੱਖ ਵੱਖ ਸਰਕਾਰੀ ਸਕੀਮਾਂ ਦੇ ਲਾਭ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਹੈ ਜੋ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਹਨਾਂ ਹਾਲਾਤਾਂ ਲਈ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸਰਦਾਰ ਮਜੀਠੀਆ ਨੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਮਜਬੂਰ ਇਸ ਕਰ ਕੇ ਹੋਣਾ ਪਿਆ ਕਿਉਂਕਿ ਮੁੱਖ ਮੰਤਰੀ ਉਹਨਾਂ ਨੂੰ ਪਰਾਲੀ ਦੀ ਸੰਭਾਲ ਲਈ 2500 ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਣ ਦੇ ਐਲਾਨ ਨੂੰ ਪੂਰਾ ਕਰਨ ਵਿਚ ਫੇਲ੍ਹ ਹੋ ਗਏ। ਉਹਨਾਂ ਕਿਹਾ ਕਿ ਮੁੱਖ ਮੰਤਰੀ ਨੇ ਇਹ ਐਲਾਨ ਸਿਰਫ ਸਸਤੀ ਸ਼ੋਹਰਤ ਹਾਸਲ ਕਰਨ ਵਾਸਤੇ ਕੀਤੇ ਸਨ। ਆਪ ਸਰਕਾਰ ਨੇ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਵਾਸਤੇ ਇਕ ਧੇਲਾ ਵੀ ਨਹੀਂ ਦਿੱਤੀ।

ਅਕਾਲੀ ਆਗੂ ਨੇਕਿਹਾ ਕਿ ਪੁਲਿਸ ਕਾਰਵਾਈਆਂ ਸਮੇਤ ਹੋਰ ਧੱਕੇਸ਼ਾਹੀਆਂ ਕੀਤੀਆਂ ਗਈਆਂ ਤਾਂ ਜੋ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਆਪਣੇ ਪੱਧਰ 'ਤੇ ਕਰਨ ਵਾਸਤੇ ਮਜਬੂਰ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਜਿਹੜੇ ਵਿੱਤੀ ਔਕੜਾਂ ਕਾਰਨ ਅਜਿਹਾ ਨਹੀਂ ਕਰ ਸਕੇ, ਉਹਨਾਂ ਨੂੰ ਜੁਰਮਾਨੇ ਠੋਕੇ ਗਏ ਅਤੇ ਉਹਨਾਂ ਦੇ ਜ਼ਮੀਨੀ ਰਿਕਾਰਡ ਵਿਚ ਲਾਲ ਐਂਟਰੀਆਂ ਕਰ ਦਿੱਤੀਆਂ ਗਈਆਂ।

ਮਜੀਠੀਆ ਨੇ ਕਿਹਾ ਕਿ ਅਮਨ ਕਾਨੂੰਨ ਵਿਵਸਥਾ ਤੇ ਆਮ ਪ੍ਰਬੰਧ ਦੇ ਮਾਮਲੇ ਵਾਂਗੂ ਹੀ ਆਪ ਸਰਕਾਰ ਨੇ ਖੇਤੀਬਾੜੀ ਖੇਤਰ ਵਿਚ ਵੀ ਸੰਕਟ ਖੜ੍ਹਾ ਕਰ ਦਿੱਤਾ ਹੈ ਕਿਉਂਕਿ ਉਹ ਕਿਸਾਨਾਂ ਦੀ ਮਦਦ ਕਰਨ ਵਿਚ ਲਗਾਤਾਰ ਫੇਲ੍ਹ ਹੋਈ ਅਤੇ ਉਹਨਾਂ ਦੀਆਂ ਸ਼ਿਕਾਇਤਾਂ ਹੱਲ ਨਹੀਂ ਕਰ ਸਕੀ।

# ਅਕਾਲੀ ਦਲ ਦੇ ਆਗੂ ਆਪਣੀ ਪਾਰਟੀ ਦੀ ਚਿੰਤਾ ਕਰਨ, ਉਨ੍ਹਾਂ ਨੂੰ ਭਾਜਪਾ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ : ਅਸ਼ਵਨੀ ਸ਼ਰਮਾ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਬਾਰੇ ਅਕਾਲੀ ਦਲ ਦੇ ਆਗੂਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਬਾਰੇ ਭਾਜਪਾ ਪੰਜਾਬ ਦਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਦੀ ਕੋਈ ਸੰਭਾਵਨਾ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕੁਝ ਆਗੂ ਪੰਜਾਬ ਵਿੱਚ ਆਪਣੀ ਸਾਖ ਬਚਾਉਣ ਲਈ ਝੂਠੇ ਬਿਆਨ ਦੇ ਕੇ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਦੋਂ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ ਤਾਂ ਇਹ ਸੂਬੇ ਦੀ ਲੋੜ ਸੀ ਅਤੇ ਸੂਬੇ ਦੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਪੰਜਾਬ ਦੇ ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਭਾਜਪਾ ਨੇ ਘਾਟੇ ਦਾ ਸੌਦਾ ਕੀਤਾ ਸੀ। ਇਹ ਸਿਆਸੀ ਗਠਜੋੜ ਨਹੀਂ ਸਗੋਂ ਸਮਾਜਿਕ ਗਠਜੋੜ ਸੀ। ਪਰ ਅੱਜ ਪੰਜਾਬ ਦੀਆਂ ਲੋੜਾਂ ਬਦਲ ਗਈਆਂ ਹਨ। ਪੰਜਾਬ ਵਿੱਚ ਭਾਵੇਂ ਸ਼੍ਰੋਮਣੀ ਅਕਾਲੀ ਦਲ ਹੋਵੇ ਜਾਂ ਕਾਂਗਰਸ, ਜਨਤਾ ਵਿੱਚ ਉਨ੍ਹਾਂ ਦੀ ਲੋਕਪ੍ਰਿਅਤਾ ਖਤਮ ਹੋ ਗਈ ਹੈ ਅਤੇ



ਲੋਕਾਂ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ। ਅੱਜ ਪੰਜਾਬ ਵਿੱਚ ਮੌਜੂਦਾ ਸਰਕਾਰ ਦੇ ਪਿਛਲੇ ਸੱਤ ਮਹੀਨਿਆਂ ਦੇ ਰਾਜ ਤੋਂ ਤੋਂ ਲੋਕ ਬਹੁਤ ਦੁਖੀ ਹਨ। ਮੌਜੂਦਾ ਪੰਜਾਬ ਸਰਕਾਰ ਦੇ ਰਾਜ ਵਿੱਚ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ। ਗੈਂਗਸਟਰਾਂ ਦਾ ਰਾਜ ਚੱਲ ਰਿਹਾ ਹੈ। ਜਨਤਾ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੀ ਹੈ। ਅੱਜ ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਨੂੰ ਸੂਬੇ ਵਿੱਚ ਇੱਕ ਬਦਲ ਅਤੇ ਲੋੜ ਵਜੋਂ ਦੇਖ ਰਹੇ ਹਨ। ਵਿਕਾਸ, ਸਦਭਾਵਨਾ, ਭਾਈਚਾਰਾ, ਅਮਨ-ਕਾਨੂੰਨ ਆਦਿ ਦੇ ਸਬੰਧ ਵਿੱਚ ਜਨਤਾ ਦੀਆਂ ਇੱਛਾਵਾਂ ਨੂੰ ਦੇਖਦੇ ਹੋਏ, ਜਨਤਾ ਮਹਿਸੂਸ ਕਰਦੀ ਹੈ ਕਿ ਭਾਰਤੀ ਜਨਤਾ ਪਾਰਟੀ ਇਸ 'ਤੇ ਖਰੀ ਉਤਰੇਗੀ।

ਅਸ਼ਵਨੀ ਸ਼ਰਮਾ ਨੇ 'ਜਿਨਾ ਨਹਾਤਾ ਓਨਾ ਪੁੰਨ' ਵਾਲੀ ਕਹਾਵਤ ਦੀ ਮਿਸਾਲ ਦਿੰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਜਿੰਨੀ ਦੇਰ ਗਠਜੋੜ ਰਿਹਾ ਉਹ ਚੰਗਾ ਸੀ। ਪਰ ਹੁਣ ਜਨਤਾ ਦੇ ਨਜ਼ਰੀਏ ਅਤੇ ਸੋਚ ਅਨੁਸਾਰ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਇੱਕ ਮਜ਼ਬੂਤ ਵਿਰੋਧੀ ਧਿਰ ਵਜੋਂ ਉਭਰੀ ਹੈ। ਜੇਕਰ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਹੋਰ ਪਾਰਟੀਆਂ ਦਾ ਕੋਈ ਬਦਲ ਹੋ ਸਕਦਾ ਹੈ ਤਾਂ ਉਹ ਹੈ ਭਾਰਤੀ ਜਨਤਾ ਪਾਰਟੀ। ਭਾਜਪਾ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ ਗਠਜੋੜ ਨਹੀਂ ਹੋਵੇਗਾ।

ਅਸ਼ਵਨੀ ਸ਼ਰਮਾ ਨੇ ਅਕਾਲੀ ਦਲ ਦੇ ਆਗੂਆਂ ਨੂੰ ਜਨਤਾ ਨੂੰ ਗੁੰਮ-ਰਾਹ ਕਰਨਾ ਬੰਦ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਅਕਾਲੀ ਦਲ ਦੇ ਆਗੂਆਂ ਨੂੰ ਆਪਣੀ ਪਾਰਟੀ ਦੀ ਚਿੰਤਾ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਭਾਰਤੀ ਜਨਤਾ ਪਾਰਟੀ ਨੇ ਆਪਣਾ ਰਾਹ ਚੁਣ ਲਿਆ ਹੈ। ਲੋਕਾਂ ਨੂੰ ਆਪਣਾ ਰਸਤਾ ਚੁਣਨ ਦਿਓ ਜਿਸ ਤੇ ਉਹ ਤੁਰਨਾ ਚਾਹੁੰਦੇ ਹਨ। ਭਾਰਤੀ ਜਨਤਾ ਪਾਰਟੀ ਪ੍ਰਤੀ ਜਨਤਾ ਦੇ ਇਸ ਰੁਝਾਨ ਅਤੇ ਪਿਆਰ ਤੋਂ ਸਪੱਸ਼ਟ ਹੈ ਕਿ ਜਨਤਾ ਨੇ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿੱਚ ਆਉਣ ਵਾਲੇ ਬਦਲ ਵਜੋਂ ਚੁਣਿਆ ਹੈ।

# ਵਿਜੀਲੈਂਸ ਨੇ 10 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਪੁਲਿਸ ਮੁਲਾਜ਼ਮ ਅਤੇ ਇੱਕ ਨਿੱਜੀ ਵਿਅਕਤੀ ਨੂੰ ਕੀਤਾ ਗ੍ਰਿਫਤਾਰ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਵਿੱਢੀ ਮੁਹਿੰਮ ਦੌਰਾਨ ਸੋਮਵਾਰ ਨੂੰ ਇੱਕ ਸੀਨੀਅਰ ਪੁਲਿਸ ਕਾਂਸਟੇਬਲ ਅਤੇ ਇੱਕ ਵਿਅਕਤੀ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਸਿਪਾਹੀ ਗੁਰਦੀਪ ਸਿੰਘ (ਨੰਬਰ 1665/ਅੰਮ੍ਰਿਤਸਰ), ਜੋ ਕਿ ਏ.ਸੀ.ਪੀ. ਪੂਰਬੀ ਅੰਮ੍ਰਿਤਸਰ ਦੇ ਦਫਤਰ ਵਿੱਚ ਨਾਇਬ ਰੀਡਰ ਵਜੋਂ ਤਾਇਨਾਤ ਹੈ, ਅਤੇ ਪ੍ਰਾਈਵੇਟ ਵਿਅਕਤੀ ਮਯੂਰ, ਵਾਸੀ ਕਰੀਮਪੁਰਾ, ਅੰਮ੍ਰਿਤਸਰ ਨੂੰ ਸੁੱਚਾ ਸਿੰਘ ਵਾਸੀ ਪ੍ਰਤਾਪ ਨਗਰ, ਅੰਮ੍ਰਿਤਸਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ





ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚਕੇ ਦੋਸ਼ ਲਗਾਇਆ ਹੈ ਕਿ ਸਥਾਨਕ ਪੁਲਿਸ ਨੇ ਉਸਦੇ ਲੜਕੇ ਦੇ ਖਿਲਾਫ ਮਾਮਲਾ ਦਰਜ ਕੀਤਾ ਹੋਇਆ ਹੈ ਅਤੇ ਉਕਤ ਪੁਲਿਸ ਕਰਮਚਾਰੀ ਅਤੇ ਪ੍ਰਾਈਵੇਟ ਵਿਅਕਤੀ ਇਸ ਸਬੰਧ ਵਿੱਚ ਸ਼ਿਕਾਇਤਕਰਤਾ ਨਾਲ ਪੁਲਿਸ ਕੇਸ ਵਿੱਚ ਸਮਝੌਤਾ ਕਰਵਾਉਣ ਬਦਲੇ 15,000 ਰੁਪਏ ਰਿਸ਼ਵਤ ਦੀ ਮੰਗ ਕਰ ਰਹੇ ਹਨ, ਪਰ ਸੌਦਾ 10,000 ਰੁਪਏ ਵਿੱਚ ਹੋਇਆ ਹੈ।

ਪ੍ਰਾਪਤ ਸ਼ਿਕਾਇਤ ਦੇ ਤੱਥਾਂ ਅਤੇ ਸਬੂਤਾਂ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਪੁਲਿਸ ਮੁਲਾਜ਼ਮ ਅਤੇ ਪ੍ਰਾਈਵੇਟ ਵਿਅਕਤੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਰੰਗੇ ਹੱਥੀਂ ਕਾਬੂ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿਚ ਦੋਵਾਂ ਦੋਸ਼ੀਆਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੁੱਖ ਸਕੱਤਰ ਨੇ ਅੰਕੜਿਆਂ ਦੇ ਸੰਸਥਾਗਤਕਰਨ ਅਤੇ ਨੀਤੀਆਂ ਪ੍ਰਤੀ ਪ੍ਰਮਾਣ-ਆਧਾਰਿਤ ਪਹੁੰਚ ਲਈ ਵੱਖ-ਵੱਖ ਪ੍ਰੋਜੈਕਟਾਂ ਦੀ ਕੀਤੀ ਸਮੀਖਿਆ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਸਕੱਤਰ ਵੀ.ਕੇ. ਜੰਜੂਆ ਨੇ ਅੱਜ ਇੱਥੇ ਇੱਕ ਉੱਚ-ਪੱਧਰੀ ਮੀਟਿੰਗ ਦੌਰਾਨ ਅੰਕੜਿਆਂ ਦੇ ਸੰਸਥਾਗਤਕਰਨ ਅਤੇ ਨੀਤੀਆਂ ਪ੍ਰਤੀ ਪ੍ਰਮਾਣ-ਆਧਾਰਿਤ ਪਹੁੰਚ ਲਈ ਜੇ-ਪੀ.ਏ.ਐਲ. ਸਾਊਥ ਏਸ਼ੀਆ ਪਾਰਟਨਰ-ਸ਼ਿਪ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ।



ਜੇ-ਪੀ.ਏ.ਐਲ. ਸਾਊਥ ਏਸ਼ੀਆ ਪਾਰਟਨਰਸ਼ਿਪ ਵੱਲੋਂ ਪੰਜਾਬ ਵਿੱਚ ਵੱਖ-ਵੱਖ ਪ੍ਰਾਜੈਕਟ ਚਲਾਏ ਜਾ ਰਹੇ ਹਨ ਜਿਹਨਾਂ ਵਿੱਚ ਓਪੀਔਡ ਦੀ ਵਰਤੋਂ ਨੂੰ ਰੋਕਣ, ਪਾਣੀ ਬਚਾਓ ਪੈਸਾ ਕਮਾਓ ਸਕੀਮ, ਟੈਕਸ ਵਸੂਲੀ ਵਿੱਚ ਵਾਧਾ ਕਰਨ ਲਈ ਜੀ.ਐਸ.ਟੀ. ਈਕੋਸਿਸਟਮ ਵਿੱਚ ਜਾਅਲੀ ਫਰਮਾਂ ਦਾ ਪਤਾ ਲਗਾਉਣ ਲਈ ਮਸ਼ੀਨ ਲਰਨਿੰਗ ਟੂਲ ਦੀ ਵਰਤੋਂ, ਵਾਤਾਵਰਣ ਸਬੰਧੀ ਨਿਯਮਾਂ (ਇਮਿਸ਼ਨ ਟ੍ਰੇਡਿੰਗ ਸਕੀਮ) ਲਈ ਪੰਜਾਬ ਮਾਰਕੀਟ ਅਧਾਰਤ ਪ੍ਰਣਾਲੀ ਬਾਰੇ ਪ੍ਰਾਜੈਕਟ ਸ਼ਾਮਲ ਹਨ ਜਦਕਿ ਪੰਜਾਬ ਵਿੱਚ ਨੌਜਵਾਨਾਂ ਲਈ ਨੌਕਰੀਆਂ ਵਿੱਚ ਸੁਧਾਰ ਕਰਨ ਬਾਰੇ ਪ੍ਰਾਜੈਕਟ ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ ਜੈਂਡਰ ਸੈਂਸਟਿਵ ਪੁਲਿਸਿੰਗ ਸਕੋਪਿੰਗ ਸਟੱਡੀ ਪ੍ਰੋਜੈਕਟ ਦਾ ਵੀ ਪ੍ਰਸਤਾਵ ਹੈ।

ਮੁੱਖ ਸਕੱਤਰ ਨੇ ਨਵੇਂ ਜੈਂਡਰ ਸੈਂਸਟਿਵ ਪੁਲਿਸਿੰਗ ਸਕੋਪਿੰਗ ਸਟੱਡੀ ਪ੍ਰੋਜੈਕਟ ਲਈ ਸਹਿਮਤੀ ਦੇ ਦਿੱਤੀ ਹੈ। ਜੈਂਡਰ ਸੈਂਸਟਿਵ ਪੁਲਿਸਿੰਗ ਸਕੋਪਿੰਗ ਸਟੱਡੀ, ਕਮਿਊਨਿਟੀ ਆਊਟਰੀਚ ਅਤੇ ਜੈਂਡਰ-ਰਿਸਪਾਂਸਿਵ ਪੁਲਿਸਿੰਗ ਦੇ ਨਾਲ-ਨਾਲ ਮਹਿਲਾ ਅਧਿਕਾਰੀਆਂ ਦੀ ਲਿੰਗ ਪ੍ਰਤੀਕ੍ਰਿਆ ਅਤੇ ਜਵਾਬਦੇਹੀ ਵਧਾਉਣ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਕਾਉਂਸਲਿੰਗ ਦੀ ਭੂਮਿਕਾ ਤੇ ਔਰਤਾਂ ਦੀ ਸੁਰੱਖਿਆ 'ਤੇ ਪ੍ਰਭਾਵ ਅਤੇ ਕਾਉਂਸਲਿੰਗ ਤੇ ਕਾਨੂੰਨੀ ਕੇਸ ਦਰਮਿਆਨ ਸਬੰਧਾਂ ਦਾ ਵੀ ਅਧਿਐਨ ਕੀਤਾ ਜਾਵੇਗਾ। ਇਸ ਦਾ ਉਦੇਸ਼ ਕਾਉਂਸਲਿੰਗ ਦੇ ਕੰਮਕਾਜ ਅਤੇ ਲਿੰਗ ਪ੍ਰਤੀਕਿਰਿਆ ਦਾ ਅਧਿਐਨ ਕਰਨਾ ਹੈ।

ਜੰਜੂਆ ਨੇ ਪੰਜਾਬ ਵਿੱਚ ਓਪੀਔਡ ਦੀ ਵਰਤੋਂ ਦੀ ਰੋਕਥਾਮ, ਪਾਣੀ ਬਚਾਓ ਪੈਸਾ ਕਮਾਓ ਸਕੀਮ, ਟੈਕਸ ਵਸੂਲੀ ਵਿੱਚ ਵਾਧਾ ਕਰਨ ਲਈ ਜੀ.ਐਸ.ਟੀ. ਈਕੋਸਿਸਟਮ ਵਿੱਚ ਜਾਅਲੀ ਫਰਮਾਂ ਦਾ ਪਤਾ ਲਗਾਉਣ ਲਈ ਮਸ਼ੀਨ ਲਰਨਿੰਗ ਟੂਲ ਦੀ ਵਰਤੋਂ, ਵਾਤਾਵਰਣ ਸਬੰਧੀ ਨਿਯਮਾਂ (ਇਮਿਸ਼ਨ ਟ੍ਰੇਡਿੰਗ ਸਕੀਮ) ਲਈ ਪੰਜਾਬ ਮਾਰਕੀਟ ਅਧਾਰਤ ਪ੍ਰਣਾਲੀ ਸਬੰਧੀ ਪ੍ਰਾਜੈਕਟਾਂ 'ਤੇ ਤਸੱਲੀ ਪ੍ਰਗਟਾਈ।

# ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਲੁਧਿਆਣਾ ਦੇ ਨਵੇਂ ਪੁਲਿਸ ਕਮਿਸ਼ਨਰ ਵਜੋਂ ਅਹੁਦਾ ਸਾਂਭਿਆ

ਚੰਡੀਗੜ੍ਹ 17 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਨਵੇਂ ਪੁਲਿਸ ਕਮਿਸ਼ਨਰ ਆਈਪੀਐਸ ਮਨਦੀਪ ਸਿੰਘ ਸਿੱਧੂ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਚਾਰਜ ਸੰਭਾਲਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਸ਼ਹਿਰ ਦੀ ਅਮਨ ਕਾਨੂੰਨ ਦੀ ਸਥਿਤੀ ਨੂੰ ਵਿਗੜਨ ਨਹੀਂ ਦਿੱਤਾ ਜਾਵੇਗਾ। ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਕਤ ਨਸ਼ਾ ਤਸਕਰਾਂ 'ਤੇ ਸਿਕੰਜਾ ਕੱਸਿਆ ਜਾਵੇਗਾ। ਮਨਦੀਪ ਸਿੱਧੂ ਸੋਸ਼ਲ ਮੀਡੀਆ 'ਤੇ ਸਮਾਜ ਸੇਵਾ ਨੂੰ ਲੈ ਕੇ ਵੀ ਚਰਚਾ ਵਿਚ ਰਹਿੰਦੇ ਹਨ। ਮਨਦੀਪ ਸਿੰਘ ਸਿੱਧੂ 2008 ਬੈਚ ਦੇ ਆਈਪੀਐਸ ਅਧਿਕਾਰੀ ਹਨ। ਉਹ ਪੰਜਾਬ ਦੇ ਕਈ ਸ਼ਹਿਰਾਂ ਵਿਚ ਅਹਿਮ ਅਹੁਦਿਆਂ 'ਤੇ ਸੇਵਾ ਨਿਭਾਅ ਚੁੱਕੇ ਹਨ। ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੰਗਰੂਰ ਤੋਂ ਸੰਸਦ ਮੈਂਬਰ ਸਨ ਤਾਂ ਮਨਦੀਪ ਸਿੰਘ ਸਿੱਧੂ ਨੇ ਵੀ ਐੱਸ.ਐੱਸ.ਪੀ. ਵਜੋਂ ਸੇਵਾ ਨਿਭਾਈ।

ਉਨ੍ਹਾਂ ਕਿਹਾ ਕਿਹਾ ਕਿ ਆਈਪੀਐਸ ਡਾਕਟਰ ਕੌਸਤੁਭ ਸ਼ਰਮਾ ਵੱਲੋਂ ਜੋ ਕੰਮ ਕੀਤਾ ਜਾ ਰਿਹਾ ਹੈ, ਉਸ ਨੂੰ ਹੋਰ ਵਧੀਆ ਤਰੀਕੇ ਨਾਲ ਪੂਰਾ ਕੀਤਾ ਜਾਵੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਸ਼ਹਿਰ ਵਾਸੀਆਂ



ਨੂੰ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਲੁਧਿਆਣਾ ਉਦਯੋਗਿਕ ਸ਼ਹਿਰ ਹੈ, ਜਿਸ ਕਾਰਨ ਵਪਾਰੀਆਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾਵੇਗੀ। ਲੋਕਾਂ ਨੂੰ ਭਰੋਸਾ ਦਿਵਾਇਆ ਜਾਵੇਗਾ ਕਿ ਲੁਧਿਆਣਾ ਪੁਲਿਸ ਉਨ੍ਹਾਂ ਲਈ ਬਣੀ ਹੈ। ਥਾਣਿਆਂ ਵਿੱਚ ਲੋਕਾਂ ਦੀ ਸੁਣਵਾਈ ਪਹਿਲ ਦੇ ਆਧਾਰ 'ਤੇ ਕੀਤੀ ਜਾਵੇਗੀ।

ਬੀਤੇ ਦੀ ਐਸਐਸਪੀ ਮਨਦੀਪ ਸਿੰਘ ਸਿੱਧੂ ਦੇ ਡੀਆਈਜੀ ਬਣਨ ਤੋਂ ਬਾਅਦ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨਾਲ ਮੁਲਾਕਾਤ ਹੋਈ . ਇਸ ਦੌਰਾਨ ਐਸਐਸਪੀ ਮਨਦੀਪ ਸਿੰਘ ਸਿੱਧੂ ਦੇ ਡੀਆਈਜੀ ਵਜੋਂ ਪਦ ਉੱਨਤ ਹੋਣ 'ਤੇ ਡੀਜੀਪੀ ਨੇ ਸਟਾਰ ਲਗਾਏ . ਆਈਪੀਐਸ ਮਨਦੀਪ ਸਿੰਘ ਸਿੱਧੂ ਲੁਧਿਆਣਾ ਆਉਣ ਤੋਂ ਪਹਿਲਾਂ ਸੰਗਰੂਰ ਦੇ ਐਸਐਸਪੀ ਸਨ। ਮਨਦੀਪ ਸਿੱਧੂ ਨੂੰ ਤਿੰਨ ਵਾਰ ਐਸਐਸਪੀ ਸੰਗਰੂਰ ਦਾ ਅਹੁਦਾ ਸੰਭਾਲਣ ਦਾ ਮੌਕਾ ਮਿਲਿਆ ਹੈ। ਮਨਦੀਪ ਸਿੰਘ ਸੰਧੂ ਸੰਗਰੂਰ ਨੂੰ ਆਪਣੀ ਕਰਮ ਭੂਮੀ ਦੱਸਿਆ ਸੀ।

ਉਨ੍ਹਾਂ ਨੇ ਸੰਗਰੂਰ ਦੇ ਐਸ.ਐਸ.ਪੀ ਵਜੋਂ ਮਿਲਣ ਵਾਲੀ ਪਹਿਲੀ ਤਨਖਾਹ ਵਿੱਚੋਂ 51 ਹਜ਼ਾਰ ਰੁਪਏ ਅਤੇ ਫਿਰ ਸੰਗਰੂਰ ਵਿਖੇ ਪੋਸਟਿੰਗ ਤੱਕ ਹਰ ਮਹੀਨੇ ਆਪਣੀ ਤਨਖਾਹ ਵਿੱਚੋਂ 21 ਹਜ਼ਾਰ ਰੁਪਏ ਉਹ ਅਜਿਹੀਆਂ ਲੋੜਵੰਦ ਬੱਚੀਆਂ ਨੂੰ ਦੇਣ ਦਾ ਐਲਾਨ ਕੀਤਾ ਸੀ ਜੋ ਖੁਦਕੁਸ਼ੀ ਪੀੜਤ ਕਿਸਾਨ ਅਤੇ ਖੇਤ ਮਜ਼ਦੂਰ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਵਿਦਿਅਕ ਪੱਧਰ ਉਤੇ ਹੋਣਹਾਰ ਹੋਣ ਦੇ ਬਾਵਜੂਦ ਆਰਥਿਕ ਤੰਗੀਆਂ ਕਾਰਨ ਅੱਗੇ ਨਹੀਂ ਵਧ ਪਾ ਰਹੀਆਂ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਤਰਫੋਂ ਸੰਕੇਤਕ ਮਦਦ ਹੈ ਅਤੇ ਮਦਦ ਦੀ ਇਹ ਰਾਸ਼ੀ ਕਿਸੇ ਹੋਰ ਕੋਲੋਂ ਇਕੱਤਰ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਲੋੜਵੰਦ ਬੱਚੀਆਂ ਨੂੰ ਸਹਾਇਤਾ ਰਾਸ਼ੀ ਦਿੱਤੀ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ



BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



## ਮਿਜ਼ੋਰਮ 'ਚ ਪੱਥਰ ਦੀ ਖਾਨ ਡਿੱਗੀ, 12 ਲੋਕਾਂ ਦੇ ਫਸੇ ਹੋਣ ਦਾ ਖਦਸ਼ਾ



ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਉੱਤਰ-ਪੂਰਬੀ ਸੂਬੇ ਮਿਜ਼ੋਰਮ 'ਚ ਪੱਥਰ ਦੀ ਖਾਨ ਦੇ ਡਿੱਗਣ ਦੀ ਖ਼ਬਰ ਹੈ। ਹਾਦਸੇ ਤੋਂ ਬਾਅਦ ਖਾਨ 'ਚ 12 ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਏਬੀਸੀਆਈ ਇੰਫਰਾਸਟਰੱਕਚਰ ਪ੍ਰਾਈਵੇਟ ਲਿਮਟਿਡ ਦੇ ਕਰਮਚਾਰੀ ਸੂਬੇ ਦੇ ਨਹਥਿਆਲ ਜ਼ਿਲ੍ਹੇ ਦੇ ਮੌਦਰਾਹ ਵਿੱਚ ਦੁਪਹਿਰ ਦੇ ਖਾਣੇ ਦੀ ਛੁੱਟੀ ਤੋਂ ਬਾਅਦ ਵਾਪਸ ਪਰਤ ਰਹੇ ਸਨ ਜਦੋਂ ਪੱਥਰ ਦੀ ਖਾਨ ਡਿੱਗ ਗਈ। ਖਾਨ ਦੇ ਡਿੱਗਣ ਕਾਰਨ 10 ਤੋਂ ਵੱਧ ਮਜ਼ਦੂਰ ਅਤੇ ਡਰਿਲਿੰਗ ਮਸ਼ੀਨ ਖਾਣ ਵਿੱਚ ਦੱਬ ਗਏ। ਆਸਪਾਸ ਦੇ ਲੀਤੇ ਅਤੇ ਨਹਥਿਆਲ ਦੇ ਲੋਕ ਤੁਰੰਤ ਬਚਾਅ ਕਾਰਜ ਲਈ ਮੌਕੇ 'ਤੇ ਪਹੁੰਚ ਗਏ ਹਨ। ਖੋਜ ਅਤੇ ਬਚਾਅ ਕਾਰਜ ਵਿੱਚ ਸਹਾਇਤਾ ਲਈ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ, ਬੀਐਸਐਫ ਅਤੇ ਅਸਾਮ ਰਾਈਫਲਜ਼ ਨੂੰ ਵੀ ਬੁਲਾਇਆ ਗਿਆ ਹੈ। ਢਾਈ ਸਾਲਾਂ ਤੋਂ ਖਾਣ ਵਿੱਚ ਮਾਈਨਿੰਗ ਦਾ ਕੰਮ ਚੱਲ ਰਿਹਾ ਹੈ।

## ਭਾਰਤ ਤੋਂ ਕੰਬੋਡੀਆ ਭੇਜੇ ਜਾਣਗੇ ਟਾਈਗਰ, ਦੋਵਾਂ ਦੇਸ਼ਾਂ ਵਿਚਾਲੇ ਸਮਝੌਤਾ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਭਾਰਤ ਤੋਂ ਟਾਈਗਰਾਂ ਨੂੰ ਕੰਬੋਡੀਆ ਭੇਜਿਆ ਜਾਵੇਗਾ। ਇਸ ਲਈ ਸ਼ਨੀਵਾਰ ਨੂੰ ਦੋਹਾਂ ਦੇਸ਼ਾਂ ਵਿਚਾਲੇ ਐਮਓਯੂ 'ਤੇ ਦਸਤਖ਼ਤ ਕੀਤੇ ਗਏ। ਜਿਸ ਤਰ੍ਹਾਂ ਚੀਤਿਆਂ ਨੂੰ ਭਾਰਤ ਲਿਆਂਦਾ ਗਿਆ ਸੀ, ਉਸੇ ਤਰ੍ਹਾਂ ਭਾਰਤ ਤੋਂ ਬਾਘਾਂ ਨੂੰ ਲਿਆ ਕੇ ਕੰਬੋਡੀਆ ਵਿੱਚ ਮੁੜ ਵਸੇਬਾ ਕੀਤਾ ਜਾਵੇਗਾ। ਕੰਬੋਡੀਆ ਦੇ ਫਨੋਮ ਪੇਨ ਵਿੱਚ, ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਹੁਨ ਸੇਨ ਨਾਲ ਮੁਲਾਕਾਤ ਕੀਤੀ। ਆਸੀਆਨ-ਭਾਰਤ ਸੰਮੇਲਨ ਤੋਂ ਇਲਾਵਾ, ਦੋਵਾਂ ਦੇਸ਼ਾਂ ਨੇ ਸੱਭਿਆਚਾਰ, ਜੰਗਲੀ ਜੀਵਣ ਅਤੇ ਸਿਹਤ ਦੇ ਖੇਤਰਾਂ ਵਿੱਚ ਚਾਰ ਸਮਝੌਤਿਆਂ 'ਤੇ ਦਸਤਖਤ ਕੀਤੇ। ਇਸ ਵਿੱਚ ਕੰਬੋਡੀਆ ਵਿੱਚ ਬਾਘਾਂ ਨੂੰ ਮੁੜ ਵਸਾਉਣ ਦਾ ਇੱਕ ਪ੍ਰੋਜੈਕਟ ਵੀ ਸ਼ਾਮਲ ਹੈ।




ਵਾਈਸ ਪ੍ਰੈਜ਼ੀਡੈਂਟ ਜਗਦੀਪ ਧਨਖੜ ਨੇ ਟਵੀਟ ਕੀਤਾ ਕਿ ਭਾਰਤ ਤੋਂ ਕੰਬੋਡੀਆ ਵਿੱਚ ਬਾਘਾਂ ਨੂੰ ਲਿਆਉਣ ਲਈ ਇੱਕ ਸਮਝੌਤੇ ਦਾ ਆਦਾਨ-ਪ੍ਰਦਾਨ ਦੇਖ ਕੇ ਖੁਸ਼ੀ ਹੋਈ। ਬਾਘਾਂ ਦਾ ਇਹ ਅਭਿਲਾਸ਼ੀ ਟਰਾਂਸ-ਕੰਟਰੀ ਰੀਲੋਕੇਸ਼ਨ ਸਾਡੀ ਖੂਬਸੂਰਤ ਧਰਤੀ 'ਤੇ ਜੈਵ ਵਿਭਿੰਨਤਾ ਦੀ ਸੰਭਾਲ ਲਈ ਇਕ ਵੱਡਾ ਕਦਮ ਸਾਬਤ ਹੋਵੇਗਾ।

ਮੀਤ ਪ੍ਰਧਾਨ ਜਗਦੀਪ ਧਨਖੜ ਨੇ ਸ਼ਨੀਵਾਰ ਨੂੰ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਸੇਨ ਨਾਲ ਮੁਲਾਕਾਤ ਕੀਤੀ ਅਤੇ ਮਨੁੱਖੀ ਸਰੋਤਾਂ, ਡੀ-ਮਾਈਨਿੰਗ ਅਤੇ ਵਿਕਾਸ ਪ੍ਰੋਜੈਕਟਾਂ ਸਮੇਤ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਹੋਰ ਬਿਹਤਰ ਬਣਾਉਣ ਬਾਰੇ ਚਰਚਾ ਕੀਤੀ। ਆਸੀਆਨ-ਭਾਰਤ ਸੰਮੇਲਨ ਤੋਂ ਇਲਾਵਾ, ਦੋਵਾਂ ਦੇਸ਼ਾਂ ਨੇ ਸੱਭਿਆਚਾਰ, ਜੰਗਲੀ ਜੀਵਣ ਅਤੇ ਸਿਹਤ ਦੇ ਖੇਤਰਾਂ ਵਿੱਚ ਚਾਰ ਸਮਝੌਤਿਆਂ 'ਤੇ ਦਸਤਖਤ ਕੀਤੇ। ਧਨਖੜ ਨੇ ਕਿਹਾ ਕਿ ਉਨ੍ਹਾਂ ਨੇ ਕੰਬੋਡੀਆ ਦੇ ਪ੍ਰਧਾਨ ਮੰਤਰੀ ਨੂੰ ਆਸੀਆਨ ਸੰਮੇਲਨ ਦੀ ਸਫਲ ਪ੍ਰਧਾਨਗੀ ਲਈ ਵਧਾਈ ਦਿੱਤੀ।

ਦੋਵਾਂ ਦੇਸ਼ਾਂ ਵਿਚਾਲੇ ਹਸਤਾਖਰ ਕੀਤੇ ਗਏ ਚਾਰ ਸਮਝੌਤਿਆਂ ਵਿੱਚ ਸਿਹਤ ਅਤੇ ਦਵਾਈ, ਜੈਵ ਵਿਭਿੰਨਤਾ ਸੰਭਾਲ ਅਤੇ ਟਿਕਾਊ ਜੰਗਲੀ ਜੀਵ ਪ੍ਰਬੰਧਨ ਦੇ ਖੇਤਰ ਵਿੱਚ ਸਹਿਯੋਗ ਸ਼ਾਮਲ ਹੈ। ਇਸ ਤਹਿਤ ਕੰਬੋਡੀਆ ਵਿੱਚ ਬਾਘਾਂ ਨੂੰ ਮੁੜ ਵਸਾਉਣ ਦਾ ਪ੍ਰਾਜੈਕਟ ਵੀ ਸ਼ਾਮਲ ਹੈ। ਸੱਭਿਆਚਾਰਕ ਵਿਰਾਸਤ ਦੇ ਡਿਜੀਟਲ ਦਸਤਾਵੇਜ਼ਾਂ ਵਿੱਚ ਖੋਜ, ਵਿਕਾਸ ਅਤੇ ਤਕਨਾਲੋਜੀ ਦੀ ਵਰਤੋਂ ਦੇ ਖੇਤਰ ਵਿੱਚ ਆਈਆਈਟੀ ਜੋਧਪੁਰ ਅਤੇ ਕੰਬੋਡੀਆ ਦੇ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿਚਕਾਰ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਸਨ।

## ਜਾਮੀਆ ਮਸਜਿਦ ’ਚ ਲੱਗੀ ਅੱਗ, ਇਮਾਰਤ ਨੂੰ ਹੋਇਆ ਭਾਰੀ ਨੁਕਸਾਨ



ਲੱਦਾਖ, 17 ਨਵੰਬਰ (ਪੋਸਟ ਬਿਊਰੋ)- ਲੱਦਾਖ ਦੇ ਕਾਰਗਿਲ ਜ਼ਿਲੇ ਦੀ ਜਾਮੀਆ ਮਸਜਿਦ 'ਚ ਬੁੱਧਵਾਰ ਸ਼ਾਮ ਨੂੰ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਕਾਰਨ ਇਮਾਰਤ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ। ਮਸਜਿਦ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਫੌਜ, ਪੁਲਿਸ, ਫਾਇਰ ਅਤੇ ਐਮਰਜੈਂਸੀ ਵਿਭਾਗ ਨੇ ਅੱਗ 'ਤੇ ਕਾਬੂ ਪਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਅੱਗ ਤੇਜ਼ੀ ਨਾਲ ਲੱਗੀ ਅਤੇ ਪੂਰੀ ਮਸਜਿਦ 'ਚ ਫੈਲ ਗਈ। ਅੱਗ 'ਤੇ ਕਾਬੂ ਪਾਉਣ ਲਈ ਕਾਰਗਿਲ ਅਤੇ ਹੋਰ ਕਈ ਇਲਾਕਿਆਂ ਤੋਂ ਫਾਇਰ ਟੈਂਡਰ ਬੁਲਾਏ ਗਏ। ਅੱਗ ਕਾਰਨ ਹਫੜਾ-ਦਫੜੀ ਮੱਚ ਗਈ। ਮਸਜਿਦ 'ਚ ਅੱਗ ਬਹੁਤ ਭਿਆਨਕ ਸੀ। ਦੱਸ ਦੇਈਏ ਕਿ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਦਰਾਸ ਇੱਕ ਸੰਵੇਦਨਸ਼ੀਲ ਇਲਾਕਾ ਹੈ, ਪਰ ਹੋਰ ਵੀ ਮੰਦਭਾਗੀ ਗੱਲ ਇਹ ਹੈ ਕਿ ਇੱਥੇ ਇੱਕ ਵੀ ਫਾਇਰ ਬ੍ਰਿਗੇਡ ਉਪਲਬਧ ਨਹੀਂ ਹੈ। ਇੱਥੇ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਪ੍ਰਸ਼ਾਸਨ ਨੇ ਇਨ੍ਹਾਂ ਘਟਨਾਵਾਂ ਤੋਂ ਕੁਝ ਨਹੀਂ ਸਿੱਖਿਆ। ਉੱਥੇ ਦੇ ਸਥਾਨਕ ਲੋਕਾਂ ਨੇ ਦੱਸਿਆ ਹੈ ਕਿ ਦਰਾਸ 'ਚ ਕੋਈ ਫਾਇਰ ਸਰਵਿਸ ਸਟੇਸ਼ਨ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਗ ਬੁਝਾਉਣ ਲਈ ਕਾਰਗਿਲ ਤੋਂ ਫਾਇਰ ਇੰਜਨ ਬੁਲਾਏ ਗਏ ਸਨ, ਜੇਕਰ ਦਰਾਸ 'ਚ ਫਾਇਰ ਸਟੇਸ਼ਨ ਹੁੰਦਾ ਤਾਂ ਮਸਜਿਦ ਨੂੰ ਨੁਕਸਾਨ ਤੋਂ ਬਚਾਇਆ ਜਾ ਸਕਦਾ ਸੀ।

## ਜੰਮੂ ਦੇ ਕਿਸ਼ਤਵਾੜ ’ਚ ਕਾਰ ਖਾਈ ’ਚ ਡਿੱਗੀ, 4 ਔਰਤਾਂ ਸਮੇਤ 8 ਦੀ ਮੌਤ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਜੰਮੂ ਦੇ ਕਿਸ਼ਤਵਾੜ ਜ਼ਿਲੇ ਦੇ ਮਡਵਾ ਇਲਾਕੇ 'ਚ ਬੁੱਧਵਾਰ ਸ਼ਾਮ ਨੂੰ ਇਕ ਟਾਟਾ ਸੂਮੋ ਖਾਈ 'ਚ ਡਿੱਗਣ ਨਾਲ ਗੱਡੀ 'ਚ ਸਵਾਰ 8 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਕਿਸ਼ਤਵਾੜ ਤੋਂ ਕਰੀਬ 90 ਕਿਲੋਮੀਟਰ ਦੂਰ ਮਡਵਾ ਦੇ ਰਾਚਲ ਇਲਾਕੇ 'ਚ ਹੋਏ ਇਸ ਹਾਦਸੇ 'ਚ ਚਾਰ ਔਰਤਾਂ ਸਮੇਤ 8 ਲੋਕਾਂ ਦੀ ਮੌਤ ਹੋ ਗਈ। ਟਾਟਾ ਸੂਮੋ ਡਰੇਨ ਦੇ ਨਾਲ ਲੱਗਦੀ ਟੋਏ ਵਿੱਚ ਜਾ ਡਿੱਗੀ।



ਹਾਦਸੇ ਵਿੱਚ ਜਾਨ ਗਵਾਉਣ ਵਾਲਿਆਂ ਵਿੱਚ ਸੂਮੋ ਦਾ ਡਰਾਈਵਰ ਵੀ ਸ਼ਾਮਲ ਹੈ। ਹਾਦਸੇ 'ਚ ਮਾਰੇ ਗਏ ਸਾਰੇ ਲੋਕ ਮੜਵਾ ਦੇ ਰਹਿਣ ਵਾਲੇ ਸਨ, ਮ੍ਰਿਤਕਾਂ 'ਚੋਂ 7 ਲੋਕਾਂ ਦੀ ਪਛਾਣ ਹੋ ਗਈ ਹੈ, ਸਿਰਫ ਇਕ ਲਾਸ਼ ਦੀ ਪਛਾਣ ਨਹੀਂ ਹੋ ਸਕੀ ਹੈ। ਪ੍ਰਸ਼ਾਸਨ ਮੁਤਾਬਕ ਸਰਚ ਆਪਰੇਸ਼ਨ ਖਤਮ ਹੋ ਗਿਆ ਹੈ। ਹਾਦਸੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਜਾਣਕਾਰੀ ਮੁਤਾਬਕ ਉਸ ਇਲਾਕੇ 'ਚ ਬਰਫਬਾਰੀ ਹੋਈ ਹੈ। ਸੜਕ 'ਤੇ ਜੰਮੀ ਬਰਫ ਨੂੰ ਵੀ ਹਟਾ ਦਿੱਤਾ ਗਿਆ ਹੈ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਸੂਮੋ ਸੜਕ ਤੋਂ ਫਿਸਲ ਕੇ ਟੋਏ ਵਿੱਚ ਜਾ ਡਿੱਗੀ। ਦੱਸ ਦੇਈਏ ਕਿ ਮੜਵਾ ਕਿਸ਼ਤਵਾੜ ਜ਼ਿਲ੍ਹੇ ਦੀ ਸਭ ਤੋਂ ਪਛੜੀ ਤਹਿਸੀਲ ਹੈ ਅਤੇ ਇੱਥੇ ਡੇਢ ਸਾਲ ਪਹਿਲਾਂ ਹੀ ਸੜਕ ਪਹੁੰਚੀ ਸੀ। ਪਹਿਲਾਂ ਇੱਥੇ ਪੈਦਲ ਪਹੁੰਚਣ ਲਈ ਇੱਕ ਹਫ਼ਤਾ ਲੱਗ ਜਾਂਦਾ ਸੀ।

## ਮੱਧ ਪ੍ਰਦੇਸ਼ ਵਿਚ ਹਨੂੰਮਾਨ ਮੰਦਰ ਵਿਚ ਭਗਦੜ ਕਾਰਨ ਔਰਤ ਦੀ ਮੌਤ

ਭੋਪਾਲ, 17 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭਿੰਡ 'ਚ ਦਾਦਰਿਆ ਹਨੂੰਮਾਨ ਮੰਦਰ 'ਚ ਚੱਲ ਰਹੇ ਪ੍ਰਵਚਨ ਦੌਰਾਨ ਭਗਦੜ ਨਾਲ ਇਕ ਔਰਤ ਦੀ ਮੌਤ ਹੋ ਗਈ। ਘਟਨਾ ਬਾਰੇ ਦੱਸਿਆ ਜਾ ਰਿਹਾ ਹੈ ਕਿ ਹਨੂੰਮਾਨ ਮੰਦਰ 'ਚ ਸੰਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਦਾ ਪ੍ਰਵਚਨ ਚੱਲ ਰਿਹਾ ਸੀ। ਜਿਸ ਨੂੰ ਸੁਣਨ ਲਈ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ ਹੋਏ ਸਨ। ਹਾਲਾਂਕਿ ਪੁਲਿਸ ਅਧਿਕਾਰੀਆਂ ਵੱਲੋਂ ਦਿੱਤੇ ਗਏ ਬਿਆਨ ਅਤੇ ਮ੍ਰਿਤਕ ਦੇ ਪੁੱਤਰ ਵੱਲੋਂ ਦਿੱਤੇ ਗਏ ਬਿਆਨ ਵਿੱਚ ਫਰਕ ਹੈ। ਦੋ ਵੱਖ-ਵੱਖ ਪੁਲਿਸ ਅਧਿਕਾਰੀਆਂ ਨੇ ਵੀ ਵੱਖ-ਵੱਖ ਬਿਆਨ ਦਿੱਤੇ ਹਨ। ਚੰਬਲ ਦੇ ਆਈਜੀ ਰਾਜੇਸ਼ ਚਾਵਲਾ ਨੇ ਔਰਤ ਦੀ ਮੌਤ ਦਾ ਕਾਰਨ ਭੀੜ ਵਿੱਚ ਦਮ ਘੁੱਟਣ ਨੂੰ ਦੱਸਿਆ ਹੈ। ਦੂਜੇ ਪਾਸੇ ਐਸਡੀਓਪੀ ਗੋਹਾਦ ਸੌਰਭ ਕੁਮਾਰ ਨੇ ਦੱਸਿਆ ਹੈ ਕਿ ਮੰਦਰ ਦੀਆਂ ਪੌੜੀਆਂ ਚੜ੍ਹਦੇ ਸਮੇਂ ਧੱਕਾ ਲੱਗਣ ਕਾਰਨ ਔਰਤ ਜ਼ਮੀਨ ’ਤੇ ਡਿੱਗ ਗਈ। ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ



ਉਸ ਦੀ ਮੌਤ ਹੋ ਗਈ।

ਇਕ ਹੋਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਘਟਨਾ 'ਚ ਕਰੀਬ ਇਕ ਦਰਜਨ ਹੋਰ ਸ਼ਰਧਾਲੂਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਮ੍ਰਿਤਕ ਔਰਤ ਦੇ ਪੁੱਤਰ ਰਾਮ ਬਾਂਸਲ ਨੇ ਦੋਸ਼ ਲਾਇਆ ਕਿ ਜਿੱਥੇ ਇੰਨਾ ਵੱਡਾ ਪ੍ਰੋਗਰਾਮ ਕਰਵਾਇਆ ਗਿਆ ਸੀ, ਉੱਥੇ ਮੰਦਰ ਦੇ ਖੇਤਰ ਵਿੱਚ ਡਾਕਟਰਾਂ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਉਸ ਨੇ ਦੱਸਿਆ ਕਿ ਉਸ ਦੀ ਮਾਂ ਡਿੱਗ ਪਈ ਅਤੇ ਦੂਸਰੇ ਉਸ ਦੇ ਉੱਪਰੋਂ ਲੰਘ ਗਏ। ਬਾਂਸਲ ਨੇ ਦੋਸ਼ ਲਾਇਆ ਕਿ ਕਰੀਬ ਇਕ ਘੰਟੇ ਤੱਕ ਉਸ ਦੀ ਮਾਂ ਨੂੰ ਕੋਈ ਡਾਕਟਰੀ ਸਹਾਇਤਾ ਨਹੀਂ ਦਿੱਤੀ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।

## ਅਧਿਕਾਰੀ ਨੇ ਰਾਅ ਦੇ ਦਫ਼ਤਰ ਦੀ 10ਵੀਂ ਮੰਜ਼ਿਲ ਤੋਂ ਮਾਰੀ ਛਾਲ, ਮੌਕੇ ’ਤੇ ਮੌਤ




ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਖੁਫੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ ਜਾਂ ਰਾਅ ਦੇ ਇਕ ਅਧਿਕਾਰੀ ਨੇ ਸੋਮਵਾਰ ਨੂੰ ਦਿੱਲੀ 'ਚ ਏਜੰਸੀ ਦੀ ਇਮਾਰਤ ਦੀ 10ਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਦਿੱਲੀ ਪੁਲਿਸ ਮੁਤਾਬਕ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਮੁਤਾਬਕ ਅਧਿਕਾਰੀ ਡਿਪ੍ਰੈਸ਼ਨ ਦਾ ਸ਼ਿਕਾਰ ਸੀ। ਗੌਰਤਲਬ ਹੈ ਕਿ ਰਾਅ ਦਾ ਦਫ਼ਤਰ ਲੋਧੀ ਕਲੋਨੀ ਇਲਾਕੇ ਵਿੱਚ ਸਥਿਤ ਹੈ। ਦੱਸ ਦੇਈਏ ਕਿ ਹਾਲ ਹੀ ਵਿੱਚ ਸਾਕੇਤ ਕੋਰਟ ਦੇ ਰਿਹਾਇਸ਼ੀ ਕੰਪਲੈਕਸ ਵਿੱਚ ਰਹਿਣ ਵਾਲੇ ਇੱਕ ਜੱਜ ਦੀ ਪਤਨੀ ਵੱਲੋਂ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਜਿਸ ਦੀ ਉਮਰ 42 ਸਾਲ ਸੀ। ਮਾਮਲੇ ਦੀ ਪੁਸ਼ਟੀ ਕਰਦੇ ਹੋਏ ਡੀਸੀਪੀ ਬੇਨੀਤਾ ਮੈਰੀ ਜੈਕਰ ਨੇ ਦੱਸਿਆ ਕਿ ਉਹ ਸਵੇਰੇ 11:30 ਵਜੇ ਮਾਲਵੀਆ ਨਗਰ ਬਾਜ਼ਾਰ ਗਈ ਸੀ। ਪਰ ਉਹ ਮੁੜ ਕੇ ਨਹੀਂ ਪਰਤੀ। ਉਸ ਦੇ ਲਾਪਤਾ ਹੋਣ ਦੀ ਰਿਪੋਰਟ ਸਾਕੇਤ ਥਾਣੇ ਵਿੱਚ ਦਰਜ ਕਰਵਾਈ ਗਈ ਸੀ।

## ਵਿਸ਼ਵ ਦੀ ਆਬਾਦੀ ਹੋਈ 8 ਅਰਬ ਤੋਂ ਪਾਰ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਮਨੁੱਖਤਾ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਵਿੱਚ, ਪਿਛਲੇ 12 ਸਾਲਾਂ ਵਿੱਚ ਇੱਕ ਅਰਬ ਲੋਕਾਂ ਨੂੰ ਜੋੜਨ ਤੋਂ ਬਾਅਦ ਮੰਗਲਵਾਰ ਨੂੰ ਵਿਸ਼ਵ ਦੀ ਆਬਾਦੀ ਅੱਠ ਅਰਬ ਤੱਕ ਪਹੁੰਚ ਗਈ। ਇਸ ਮਹੱਤਵਪੂਰਨ ਪੜਾਅ 'ਤੇ ਪਹੁੰਚਣ 'ਚ ਭਾਰਤ ਦੀ ਵੱਡੀ ਭੂਮਿਕਾ ਰਹੀ ਹੈ। ਇਸ ਸਮੇਂ ਦੌਰਾਨ, ਭਾਰਤ ਨੇ ਵਿਸ਼ਵ ਦੀ ਆਬਾਦੀ ਵਿੱਚ ਸਭ ਤੋਂ ਵੱਧ 17.70 ਮਿਲੀਅਨ ਲੋਕਾਂ ਨੂੰ ਸ਼ਾਮਲ ਕੀਤਾ। ਜਦੋਂ ਕਿ ਵਿਸ਼ਵ ਦੀ ਆਬਾਦੀ ਵਿੱਚ ਅਗਲੇ ਇੱਕ ਅਰਬ ਨੂੰ ਜੋੜਨ ਵਿੱਚ ਚੀਨ ਦਾ ਯੋਗਦਾਨ ਘੱਟ ਨਹੀਂ ਹੋਵੇਗਾ। ਭਾਰਤ ਅਗਲੇ ਸਾਲ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਚੀਨ ਨੂੰ ਪਛਾੜਨ ਦੀ ਕਗਾਰ 'ਤੇ ਹੈ। ਸੰਯੁਕਤ ਰਾਸ਼ਟਰ (ਯੂ.ਐਨ.) ਨੇ ਕਿਹਾ ਕਿ ਵਿਸ਼ਵਵਿਆਪੀ ਅੰਕੜਾ ਜਨਤਕ ਸਿਹਤ ਵਿੱਚ ਵੱਡੇ ਸੁਧਾਰਾਂ ਨੂੰ ਦਰਸਾਉਂਦਾ ਹੈ ਜਿਸ ਨਾਲ ਮੌਤ ਦੇ ਜੋਖਮ ਨੂੰ ਘਟਾਇਆ ਗਿਆ ਹੈ ਅਤੇ ਜੀਵਨ ਦੀ ਸੰਭਾਵਨਾ ਵਧੀ ਹੈ।

ਗਲੋਬਲ ਬਾਡੀ ਨੇ ਕਿਹਾ ਕਿ ਇਹ ਪਲ ਮਨੁੱਖਤਾ ਲਈ ਸੰਖਿਆਵਾਂ ਤੋਂ ਪਰੇ ਵੇਖਣ ਅਤੇ ਸਭ ਤੋਂ ਕਮਜ਼ੋਰ ਲੋਕਾਂ ਤੋਂ ਸ਼ੁਰੂ ਕਰਦੇ ਹੋਏ, ਲੋਕਾਂ ਅਤੇ ਗ੍ਰਹਿ ਦੀ ਰੱਖਿਆ ਲਈ ਆਪਣੀ ਸਾਂਝੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਇੱਕ ਸਪੱਸ਼ਟ ਸੱਦਾ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਜੇਕਰ ਦੁਨੀਆ ਅਮੀਰ ਅਤੇ ਗਰੀਬ ਵਿਚਕਾਰ ਪਾੜੇ ਨੂੰ ਬੰਦ ਨਹੀਂ ਕਰਦੀ ਹੈ, ਤਾਂ ਅੱਠ ਅਰਬ ਦੀ ਇਹ ਆਬਾਦੀ "ਤਣਾਅ ਅਤੇ ਅਵਿਸ਼ਵਾਸ, ਸੰਕਟ ਅਤੇ ਸੰਘਰਸ਼ ਨਾਲ ਭਰ ਜਾਵੇਗੀ।"

## ਜਦੋਂ ਮਮਤਾ ਬੈਨਰਜੀ ਆਪਣੇ ਕਾਫਲੇ ਨੂੰ ਰੋਕ ਕੇ ਸੜਕ ਕਿਨਾਰੇ ਲੋਕਾਂ ਨੂੰ ਪਕੌੜੇ ਪਰੋਸਣ ਲੱਗੇ

ਕੋਲਕਾਤਾ, 17 ਨਵੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਝਾਰਗ੍ਰਾਮ 'ਚ ਸੜਕ ਕਿਨਾਰੇ ਇਕ ਦੁਕਾਨ 'ਤੇ ਆਪਣੇ ਕਾਫਲੇ ਨੂੰ ਅਚਾਨਕ ਰੋਕ ਲਿਆ ਅਤੇ ਲੋਕਾਂ ਨੂੰ ਪਕੌੜੇ ਪਰੋਸਣੇ ਸ਼ੁਰੂ ਕਰ ਦਿੱਤੇ। ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਇਕ ਦੁਕਾਨ 'ਤੇ ਖੜ੍ਹੀ ਮਮਤਾ ਬੈਨਰਜੀ ਆਪਣੇ ਵਰਕਰਾਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਅਖਬਾਰ ਦੇ ਟੁਕੜਿਆਂ 'ਤੇ ਪਕੌੜੇ ਦੇ ਰਹੀ ਹੈ। ਕੁਝ ਦਿਨ ਪਹਿਲਾਂ ਵੀ ਮਮਤਾ ਬੈਨਰਜੀ ਦੀ ਇਕ ਅਜਿਹੀ ਹੀ ਤਸਵੀਰ ਸਾਹਮਣੇ ਆਈ ਸੀ, ਜਿੱਥੇ ਉਹ ਸੜਕ ਕਿਨਾਰੇ ਇਕ ਦੁਕਾਨ 'ਤੇ ਰੁਕ ਕੇ ਚਾਹ ਬਣਾਉਣ ਲੱਗੀ ਸੀ।



ਦਰਅਸਲ, ਸੀਐਮ ਮਮਤਾ ਬੈਨਰਜੀ ਝਾਰਗ੍ਰਾਮ ਵਿੱਚ ਇੱਕ ਕਬਾਇਲੀ ਆਊਟਰੀਚ ਪ੍ਰੋਗਰਾਮ ਵਿੱਚ ਗਏ ਸਨ। ਜਿੱਥੇ ਉਨ੍ਹਾਂ ਨੇ ਪੱਛਮੀ ਬੰਗਾਲ ਦੇ ਬਕਾਇਆ ਪੈਸਿਆਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਤਿੱਖਾ ਨਿਸ਼ਾਨਾ ਸਾਧਿਆ। ਉਨ੍ਹਾਂ ਦਾਅਵਾ ਕੀਤਾ ਕਿ ਜੀਐਸਟੀ ਅਤੇ ਵੱਖ-ਵੱਖ ਕੇਂਦਰੀ ਸਕੀਮਾਂ ਤਹਿਤ ਬੰਗਾਲ ਦੇ ਬਕਾਏ ਰੋਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 100 ਦਿਨ ਰੁਜ਼ਗਾਰ ਗਾਰੰਟੀ ਸਕੀਮ ਫੰਡ ਲਾਜ਼ਮੀ ਹੈ। ਇੱਕ ਸਾਲ ਪਹਿਲਾਂ ਮੈਂ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਵੀ ਮਿਲਿਆ ਸੀ, ਕੀ ਹੁਣ ਮੈਨੂੰ ਉਨ੍ਹਾਂ ਦੇ ਪੈਰੀਂ ਪੈ ਕੇ ਭੀਖ ਮੰਗਣੀ ਪਵੇਗੀ?

ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਮਮਤਾ ਬੈਨਰਜੀ ਨੇ ਕਿਹਾ, "ਕੀ ਅਸੀਂ ਲੋਕਤੰਤਰ 'ਚ ਰਹਿ ਰਹੇ ਹਾਂ? ਜਾਂ ਭਾਰਤ 'ਇਕ ਪਾਰਟੀ' ਦੇਸ਼ ਬਣ ਗਿਆ ਹੈ?" ਆਜ਼ਾਦੀ ਘੁਲਾਟੀਏ ਬਿਰਸਾ ਮੁੰਡਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ, "ਸਾਨੂੰ ਸਾਡਾ ਬਕਾਇਆ ਦਿਓ। ਇਹ ਸਾਡਾ ਪੈਸਾ ਹੈ, ਨਹੀਂ ਤਾਂ ਜੀ.ਐਸ.ਟੀ. ਖਤਮ ਕਰ ਦਿਓ। ਤੁਸੀਂ ਸਾਨੂੰ 100 ਦਿਨਾਂ ਦੀ ਰੁਜ਼ਗਾਰ ਸਕੀਮ ਲਈ ਸਾਡੇ ਬਕਾਏ ਦੇ ਦਿਓ ਜਾਂ ਆਪਣੀ ਕੁਰਸੀ ਛੱਡ ਦਿਓ।"

ਮੁੱਖ ਮੰਤਰੀ ਨੇ ਕਿਹਾ, "ਉਹ ਬੰਗਾਲ ਨੂੰ ਫੰਡ ਰੋਕਣ ਦੀ ਧਮਕੀ ਦਿੰਦੇ ਹਨ। ਅਸੀਂ ਜੀਐਸਟੀ ਨੂੰ ਵੀ ਰੋਕ ਸਕਦੇ ਹਾਂ।" ਭਾਜਪਾ ਦੀ ਅਗਵਾਈ ਵਾਲੀ ਸਰਕਾਰ 'ਤੇ ਤਿੱਖਾ ਹਮਲਾ ਕਰਦੇ ਹੋਏ ਬੈਨਰਜੀ ਨੇ ਕਿਹਾ, "ਤੁਸੀਂ ਇੱਥੇ ਟੈਕਸ ਇਕੱਠਾ ਨਹੀਂ ਕਰ ਸਕਦੇ ਅਤੇ ਸਾਡੇ ਜਾਇਜ਼ ਬਕਾਏ ਨਹੀਂ ਰੋਕ ਸਕਦੇ। ਤੁਸੀਂ ਬੰਗਾਲ ਦੇ ਲੋਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਦੇ ਰਹੇ ਹੋ।"

## ਜੇਕਰ ਲੋਕ ਇਕਜੁੱਟ ਹੋਣ ਤਾਂ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਤੋਂ ਵੀ ਕਿਤੇ ਵੱਧ ਹਾਸਲ ਕਰ ਸਕਦੇ ਹਾਂ: ਮਹਿਬੂਬਾ ਮੁਫਤੀ

ਸ੍ਰੀਨਗਰ, 17 ਨਵੰਬਰ (ਪੋਸਟ ਬਿਊਰੋ)- ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਕਿਹਾ ਹੈ ਕਿ ਜੇਕਰ ਜੰਮੂ-ਕਸ਼ਮੀਰ ਦੇ ਲੋਕ ਭਾਰਤ ਵਾਂਗ ਅੰਗਰੇਜ਼ਾਂ ਖ਼ਿਲਾਫ਼ ਇਕਜੁੱਟ ਹੋ ਜਾਂਦੇ ਹਨ ਤਾਂ ਇਸ ਦਾ ਵਿਸ਼ੇਸ਼ ਦਰਜਾ ਵਾਪਸ ਲੈਣਾ ਕੋਈ ਵੱਡਾ ਕੰਮ ਨਹੀਂ ਹੋਵੇਗਾ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਨੇ 2019 ਵਿੱਚ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦੇ ਜ਼ਿਆਦਾਤਰ ਪ੍ਰਬੰਧਾਂ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਵੀ ਇਹ ਕਿਹਾ। ਪੀਡੀਪੀ ਦਾ ਧਿਆਨ ਕਸ਼ਮੀਰ ਮੁੱਦੇ ਨੂੰ ਹੱਲ ਕਰਨ 'ਤੇ ਹੈ। ਉਨ੍ਹਾਂ ਕਿਹਾ, "ਸਾਡੀ ਪਛਾਣ ਅਤੇ ਸਾਡੀ ਹੋਂਦ ਦਾਅ 'ਤੇ ਹੈ। ਇਹ ਧਾਰਾ 370 ਅਤੇ 35ਏ ਬਾਰੇ ਨਹੀਂ ਹੈ, ਇਹ ਜੰਮੂ-ਕਸ਼ਮੀਰ ਦੇ ਮੁੱਦੇ ਬਾਰੇ ਹੈ। ਸਾਡੇ ਮੁੱਦੇ ਬਦਲ ਰਹੇ ਹਨ। ਉਹ ਸੋਚਦੇ ਹਨ ਕਿ ਲੋਕ ਮੂਲ ਮੁੱਦੇ ਨੂੰ ਭੁੱਲ ਜਾਣਗੇ ਅਤੇ ਧਾਰਾ 370 ਬਾਰੇ ਗੱਲ ਕਰਨਗੇ।

ਮਹਿਬੂਬਾ ਨੇ ਕਿਹਾ, "ਅਸੀਂ ਇਸ ਮੁੱਦੇ ਨੂੰ ਵਾਰ-ਵਾਰ ਨਹੀਂ ਉਠਾਵਾਂਗੇ, ਇਸ ਦੀ (ਧਾਰਾ 370) ਬਹਾਲੀ ਇਕ ਹਕੀਕਤ ਹੈ ਅਤੇ ਇਹ ਅੱਜ, ਕੱਲ੍ਹ ਜਾਂ ਪਰਸੋਂ ਹੋਵੇਗੀ ਪਰ ਇਸ ਦੇ ਨਾਲ ਹੀ ਪੀਡੀਪੀ ਇਸ ਮੁੱਦੇ ਨੂੰ ਹੱਲ ਕਰਨ ਲਈ ਆਪਣਾ ਸੰਘਰਸ਼ ਜਾਰੀ ਰੱਖੇਗੀ। ਮਹਿਬੂਬਾ ਇੱਥੇ ਪੀਡੀਪੀ ਹੈੱਡਕੁਆਰਟਰ ਵਿੱਚ ਇੱਕ ਸਮਾਗਮ ਵਿੱਚ ਬੋਲ ਰਹੀ ਸੀ ਜਿਸ ਵਿੱਚ ਜੰਮੂ-ਕਸ਼ਮੀਰ ਪੀਪਲਜ਼ ਮੂਵਮੈਂਟ ਦੇ ਉਪ ਪ੍ਰਧਾਨ ਸਈਅਦ ਇਕਬਾਲ ਤਾਹਿਰ ਪਾਰਟੀ ਵਿੱਚ ਸ਼ਾਮਲ ਹੋਏ। ਪੀਡੀਪੀ ਮੁਖੀ ਨੇ ਕਿਹਾ ਕਿ ਜੇਕਰ ਜੰਮੂ-ਕਸ਼ਮੀਰ ਦੇ ਲੋਕ ਇੱਕਜੁੱਟ ਹੋਣਗੇ ਅਸੀਂ ਪੁਰਾਣੇ ਰਾਜ ਦੇ ਵਿਸ਼ੇਸ਼ ਦਰਜੇ ਤੋਂ ਵੱਧ ਪ੍ਰਾਪਤ ਕਰ ਸਕਦੇ ਹਾਂ। ਉਨ੍ਹਾਂ ਕਿਹਾ, "ਜਦੋਂ ਲੋਕ ਇਕਜੁੱਟ ਹੋ ਜਾਂਦੇ ਹਨ, ਜਿਵੇਂ ਪੂਰਾ ਭਾਰਤ ਅੰਗਰੇਜ਼ਾਂ ਵਿਰੁੱਧ ਇਕਜੁੱਟ ਹੋ ਜਾਂਦਾ ਹੈ। ਇਸੇ ਤਰ੍ਹਾਂ ਜੇ ਜੰਮੂ-ਕਸ਼ਮੀਰ ਦੇ ਲੋਕ ਇਕਜੁੱਟ ਹੋ ਜਾਂਦੇ ਹਨ, ਤਾਂ ਧਾਰਾ 370 ਨੂੰ ਵਾਪਸ ਲੈਣਾ ਕੋਈ ਵੱਡਾ ਕੰਮ ਨਹੀਂ ਹੋਵ-ੇਗਾ। ਵਾਸਤਵ ਵਿੱਚ, ਅਸੀਂ ਇਸ ਤੋਂ ਵੱਧ ਪ੍ਰਾਪਤ ਕਰ ਸਕਦੇ ਹਾਂ।

ਮਹਿਬੂਬਾ ਨੇ ਕਿਹਾ ਕਿ ਜੇਕਰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾ ਹੁੰਦੇ ਤਾਂ ਜੰਮੂ-ਕਸ਼ਮੀਰ ਭਾਰਤ ਦਾ ਹਿੱਸਾ ਨਹੀਂ ਬਣ ਸਕਦਾ ਸੀ। ਉਨ੍ਹਾਂ ਕਿਹਾ, "ਜੇਕਰ ਇਹ ਸਥਿਤੀ 1947 'ਚ ਹੁੰਦੀ ਤਾਂ ਜੰਮੂ-ਕਸ਼ਮੀਰ ਕਦੇ ਵੀ ਇਸ ਭਾਰਤ 'ਚ ਸ਼ਾਮਲ ਨਹੀਂ ਹੁੰਦਾ, ਜਿਸ ਨੂੰ ਉਹ ਬਣਾਉਣਾ ਚਾਹੁੰਦੇ ਹਨ, ਜਿੱਥੇ ਉਹ ਧਰਮ ਨਿਰਪੱਖਤਾ, ਜਮਹੂਰੀਅਤ ਨੂੰ ਖਤਮ ਕਰਨਾ ਚਾਹੁੰਦੇ ਹਨ। ਜੇਕਰ ਜਵਾਹਰ ਲਾਲ ਨਹਿਰੂ ਨਾ ਹੁੰਦੇ ਤਾਂ ਅਸੀਂ ਸ਼ਾਇਦ ਇਸ ਦਾ ਹਿੱਸਾ ਨਾ ਹੁੰਦੇ।

## ਕੈਂਸਰ ਦੀਆਂ ਨਕਲੀ ਦਵਾਈਆਂ ਬਣਾਉਣ ਵਾਲੇ ਗਿਰੋਹ ਦਾ ਪਰਦਾਫਾਸ਼, ਡਾਕਟਰ-ਇੰਜਨੀਅਰ ਸਮੇਤ 7 ਗ੍ਰਿਫਤਾਰ

ਗਾਜ਼ੀਆਬਾਦ, 17 ਨਵੰਬਰ (ਪੋਸਟ ਬਿਊਰੋ)- ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਮੌਤ ਦੇ ਸੌਦਾਗਰਾਂ ਦੇ ਇੱਕ ਅਜਿਹੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜੋ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਵਿੱਚ ਤੁਹਾਨੂੰ ਸਸਤੇ ਭਾਅ 'ਤੇ ਨਕਲੀ ਦਵਾਈਆਂ ਮੁਹੱਈਆ ਕਰਵਾ ਕੇ ਝੂਠੀ ਉਮੀਦ ਵੇਚ ਰਹੇ ਸਨ। ਇਹ ਗਿਰੋਹ ਸਟਾਰਚ ਤੋਂ ਗੋਲੀਆਂ ਅਤੇ ਕੈਪਸੂਲ ਬਣਾ ਕੇ ਲੋੜਵੰਦਾਂ ਨੂੰ ਸਸਤੇ ਭਾਅ 'ਤੇ ਵੇਚਦੇ ਸਨ। ਪੁਲੀਸ ਨੇ ਇਸ ਗਰੋਹ ਵਿੱਚ ਸ਼ਾਮਲ ਡਾਕਟਰ ਸਮੇਤ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਉਸ ਦੇ ਕਬਜ਼ੇ 'ਚੋਂ 8 ਕਰੋੜ ਰੁਪਏ ਦੀਆਂ 20 ਅੰਤਰਰਾਸ਼ਟਰੀ ਬ੍ਰਾਂਡ ਦੀਆਂ ਕੈਂਸਰ ਦੀਆਂ ਦਵਾਈਆਂ ਬਰਾਮਦ ਕੀਤੀਆਂ ਹਨ। ਮੁਲਜ਼ਮਾਂ ਦੀ ਪਛਾਣ ਡਾਕਟਰ ਪਵਿਤਰ ਨਰਾਇਣ ਪ੍ਰਧਾਨ, ਸ਼ੁਭਮ ਮੰਨਾ, ਪੰਕਜ ਸਿੰਘ ਬੋਹਰਾ, ਅੰਕਿਤ ਸ਼ਰਮਾ ਉਰਫ ਅੰਕੂ ਉਰਫ ਭੱਜੀ, ਰਾਮ ਕੁਮਾਰ ਉਰਫ ਹਰਬੀਰ, ਅਕਾਂਕਸ਼ਾ ਵਰਮਾ ਅਤੇ ਪ੍ਰਭਾਤ ਕੁਮਾਰ ਰਸਤੋਗੀ ਵਜੋਂ ਹੋਈ ਹੈ।

ਕ੍ਰਾਈਮ ਬ੍ਰਾਂਚ ਦੇ ਸਪੈਸ਼ਲ ਕਮਿਸ਼ਨਰ ਰਵਿੰਦਰ ਯਾਦਵ ਦੇ ਅਨੁਸਾਰ, ਅਪਰਾਧ ਸ਼ਾਖਾ ਨੂੰ ਨਕਲੀ ਜੀਵਨ ਰੱਖਿਅਕ ਕੈਂਸਰ ਦਵਾਈਆਂ ਦੇ ਨਿਰਮਾਣ ਅਤੇ ਸਪਲਾਈ ਵਿੱਚ ਸ਼ਾਮਲ ਇੱਕ ਅੰਤਰਰਾਸ਼ਟਰੀ ਰੈਕੇਟ ਬਾਰੇ ਪਤਾ ਲੱਗਿਆ। ਸੂਚਨਾ ਦੇ ਆਧਾਰ 'ਤੇ ਪੁਲਸ ਟੀਮ ਨੇ ਦੋ ਮਹੀਨੇ ਤੱਕ ਜਾਣਕਾਰੀ ਇਕੱਠੀ ਕੀਤੀ। ਜਿਸ ਤੋਂ ਬਾਅਦ ਮੁਲਜ਼ਮਾਂ ਨੂੰ ਫੜ੍ਹਿਆ ਗਿਆ।

## ਅਗਨੀਪਥ ਸਕੀਮ, ਨੋਟਬੰਦੀ, ਜੀਐਸਟੀ ਦਾ ਉਦੇਸ਼ ਲੋਕਾਂ ਵਿੱਚ ਡਰ ਪੈਦਾ ਕਰਨਾ: ਰਾਹੁਲ ਗਾਂਧੀ

ਹਿੰਗੋਲੀ, 17 ਨਵੰਬਰ (ਪੋਸਟ ਬਿਊਰੋ)- ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਨਰਿੰਦਰ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਗਾਇਆ ਕਿ ਹਥਿਆਰਬੰਦ ਬਲਾਂ ਲਈ 'ਅਗਨੀਪਥ' ਭਰਤੀ ਯੋਜਨਾ, ਨੋਟਬੰਦੀ ਅਤੇ ਵਸਤੂ ਅਤੇ ਸੇਵਾ ਟੈਕਸ (ਜੀ. ਐੱਸ.ਟੀ.) ਨੀਤੀਆਂ ਦਾ ਉਦੇਸ਼ ਲੋਕਾਂ 'ਚ ਡਰ ਪੈਦਾ ਕਰਨਾ ਹੈ।

ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੇ 68ਵੇਂ ਦਿਨ ਮਹਾਰਾਸ਼ਟਰ ਦੇ ਹਿੰਗੋਲੀ ਜ਼ਿਲੇ 'ਚ ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ 'ਮੇਡ ਇਨ ਚਾਈਨਾ' ਉਤਪਾਦ ਚਾਹੁੰਦੇ ਹਨ ਕਿਉਂਕਿ ਇਸ ਨਾਲ ਦੇਸ਼ ਦੇ 'ਦੋ-ਤਿੰਨ ਅਰਬਪਤੀਆਂ' ਨੂੰ ਫਾਇਦਾ ਹੋਵੇਗਾ।

ਕਾਂਗਰਸੀ ਆਗੂ ਨੇ ਦੋਸ਼ ਲਾਇਆ, "ਨਰਿੰਦਰ ਮੋਦੀ ਜੀ ਕੀ ਕਰ ਰਹੇ ਹਨ? ਉਹ (ਭਾਜਪਾ) ਡਰ, ਹਿੰਸਾ ਅਤੇ ਨਫ਼ਰਤ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਨੋਟਬੰਦੀ ਹੋਵੇ, ਅਗਨੀਵੀਰ ਹੋਵੇ, ਜੀਐਸਟੀ ਹੋਵੇ, ਉਸ ਦੀਆਂ ਸਾਰੀਆਂ ਨੀਤੀਆਂ ਲੋਕਾਂ ਵਿੱਚ ਡਰ ਪੈਦਾ ਕਰਦੀਆਂ ਰਹੀਆਂ ਹਨ। ਜਿਹੜਾ ਡਰ ਜਾਂਦਾ ਹੈ, ਉਸ ਦੇ ਦਿਲ ਵਿਚ ਨਫ਼ਰਤ ਹੁੰਦੀ ਹੈ, ਜੋ ਸਮਾਜ ਨੂੰ ਵੰਡਣ ਵੱਲ ਲੈ ਜਾਂਦੀ ਹੈ ਅਤੇ ਫਿਰ ਕਹਿੰਦਾ ਹੈ ਕਿ ਉਹ ਦੇਸ਼ ਭਗਤ ਹੈ।

ਰਾਸ਼ਟਰੀ ਸਵੈ ਸੇਵਕ ਸੰਘ (ਆਰ.ਐੱਸ.ਐੱਸ.) 'ਤੇ ਨਿਸ਼ਾਨਾ ਸਾਧਦੇ ਹੋਏ ਗਾਂਧੀ ਨੇ ਦੋਸ਼ ਲਗਾਇਆ, 'ਕਿਸਾਨਾਂ ਦਾ ਕਰਜ਼ਾ ਮੁਆਫ ਨਾ ਕਰਨਾ ਦੇਸ਼ ਭਗਤੀ ਹੈ, ਗਲਤ ਜੀਐੱਸਟੀ



ਲਾਗੂ ਕਰਨਾ ਦੇਸ਼ ਭਗਤੀ ਹੈ, ਦੇਸ਼ 'ਚ ਨਫਰਤ ਫੈਲਾਉਣਾ ਦੇਸ਼ ਭਗਤੀ ਹੈ, ਖੇਤੀਬਾੜੀ ਕਾਨੂੰਨ ਲਿਆਉਣਾ (ਜਿਸ ਨੂੰ ਬਾਅਦ 'ਚ ਰੱਦ ਕਰ ਦਿੱਤਾ ਗਿਆ) ਦੇਸ਼ ਭਗਤੀ ਹੈ, ਬੇਰੁਜ਼ਗਾਰੀ ਦੇਸ਼ ਭਗਤੀ ਹੈ ਅਤੇ ਮਹਿੰਗਾਈ ਦੇਸ਼ ਭਗਤੀ ਹੈ। ਇਹ ਭਾਰਤ ਦੀ ਦੇਸ਼ ਭਗਤੀ ਨਹੀਂ ਹੈ। ਇਹ ਆਰ.ਐਸ.ਐਸ. ਦੀ ਦੇਸ਼ ਭਗਤੀ ਹੈ।

ਇਸ ਤੋਂ ਪਹਿਲਾਂ ਦਿਨ ਵਿੱਚ, ਸੀਨੀਅਰ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਸੋਮਵਾਰ ਨੂੰ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਦੀ ਕਿਤਾਬ 'ਭਾਰਤ ਦੇ ਖੋਜ' ਦੀਆਂ 600 ਕਾਪੀਆਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਜਨਮ ਦਿਨ ਦੇ ਮੌਕੇ 'ਤੇ ਯਾਤਰਾ ਦੇ ਭਾਗੀਦਾਰਾਂ ਨੂੰ ਵੰਡੀਆਂ ਜਾਣਗੀਆਂ। ਮਹਾਰਾਸ਼ਟਰ 'ਚ 'ਭਾਰਤ ਜੋੜੋ ਯਾਤਰਾ' ਨੂੰ ਇਕ ਦਿਨ ਦਾ ਬ੍ਰੇਕ ਦਿੱਤਾ ਗਿਆ। ਸੋਮਵਾਰ ਨੂੰ ਇਹ ਯਾਤਰਾ ਹਿੰਗੋਲੀ ਦੇ ਕਲਾਮਨੁਰੀ ਤੋਂ ਵਾਸ਼ਿਮ ਲਈ ਰਵਾਨਾ ਹੋਈ।

ਭਾਰਤ ਜੋੜੋ ਯਾਤਰਾ' 7 ਸਤੰਬਰ ਨੂੰ ਤਾਮਿਲਨਾਡੂ ਦੇ ਕੰਨਿਆਕੁਮਾਰੀ ਤੋਂ ਸ਼ੁਰੂ ਹੋਈ ਸੀ। ਇਹ ਯਾਤਰਾ ਹੁਣ ਤੱਕ ਛੇ ਰਾਜਾਂ ਦੇ 28 ਜ਼ਿਲ੍ਹਿਆਂ ਵਿੱਚੋਂ ਲੰਘ ਚੁੱਕੀ ਹੈ। 20 ਨਵੰਬਰ ਨੂੰ ਮੱਧ ਪ੍ਰਦੇਸ਼ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਇਹ ਯਾਤਰਾ ਮਹਾਰਾਸ਼ਟਰ ਦੇ ਪੰਜ ਜ਼ਿਲ੍ਹਿਆਂ ਦੇ ਲੋਕਾਂ ਨਾਲ ਸੰਪਰਕ ਕਰਕੇ 382 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ। ਲਗਭਗ 150 ਦਿਨਾਂ ਵਿੱਚ 3,570 ਕਿਲੋਮੀਟਰ ਦੀ ਦੂਰੀ ਤੈਅ ਕਰਨ ਤੋਂ ਬਾਅਦ, ਯਾਤਰਾ ਜੰਮੂ-ਕਸ਼ਮੀਰ ਵਿੱਚ ਸਮਾਪਤ ਹੋਣ ਤੋਂ ਪਹਿਲਾਂ 12 ਰਾਜਾਂ ਵਿੱਚੋਂ ਲੰਘੇਗੀ।

# ਅਮਰੀਕਾ ਦੀ ਯੂਨੀਵਰਸਿਟੀ 'ਚ ਵਿਦਿਆਰਥੀਆਂ ਨਾਲ ਭਰੀ ਬੱਸ 'ਚ ਗੋਲੀਬਾਰੀ, 3 ਦੀ ਮੌਤ



ਵਾਸ਼ਿੰਗਟਨ, 17 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀ ਵਰਜੀਨੀਆ ਯੂਨੀਵਰਸਿਟੀ ਵਿਚ ਗੋਲੀਬਾਰੀ ਵਿੱਚ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ। ਇਹ ਘਟਨਾ ਐਤਵਾਰ ਰਾਤ ਕਰੀਬ 10:30 ਵਜੇ ਯੂਨੀਵਰਸਿਟੀ ਦੇ ਚਾਰਲੋਟਸਵਿਲੇ ਕੈਂਪਸ ਦੇ ਕੈਲਬ੍ਰੈਥ ਰੋਡ 'ਤੇ ਵਾਪਰੀ। ਇਸ ਦੌਰਾਨ ਫੀਲਡ ਟ੍ਰਿਪ ਤੋਂ ਪਰਤ ਰਹੇ ਵਿਦਿਆਰਥੀਆਂ ਨਾਲ ਭਰੀ ਬੱਸ 'ਤੇ ਗੋਲੀਬਾਰੀ ਹੋ ਗਈ। ਪੁਲਿਸ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ ਵਰਜੀਨੀਆ ਯੂਨੀਵਰਸਿਟੀ ਵਿੱਚ ਦੂਜੇ ਸਾਲ ਦਾ ਵਿਦਿਆਰਥੀ ਡੇਵਿਨ ਚੈਂਡਲਰ, ਮਿਆਮੀ, ਫਲੋਰੀਡਾ ਦਾ ਚੌਥੇ ਸਾਲ ਦਾ ਵਿਦਿਆਰਥੀ ਡੀ ਸੀਨ ਪੇਰੀ ਅਤੇ ਰਿਚ ਹਿੱਲ, ਦੱਖਣ ਦਾ ਰਹਿਣ ਵਾਲਾ ਤੀਜੇ ਸਾਲ ਦਾ ਵਿਦਿਆਰਥੀ ਲਾਵੇਲ ਡੇਵਿਸ ਸ਼ਾਮਲ ਹਨ।

ਪੁਲਸ ਨੇ ਦੱਸਿਆ ਕਿ ਇਸ ਘਟਨਾ 'ਚ ਇਕ ਸ਼ੱਕੀ ਵਿਦਿਆਰਥੀ ਕ੍ਰਿਸਟੋਫਰ ਡਾਰਨਲ ਜੋਨਸ ਜੂਨੀਅਰ (22) ਹੈ। ਉਨ੍ਹਾਂ ਕਿਹਾ ਕਿ ਪੀੜਤਾਂ ਦੀਆਂ ਲਾਸ਼ਾਂ ਖੇਤਾਂ ਦੀ ਯਾਤਰਾ ਤੋਂ ਵਾਪਸ ਪਰਤਣ ਤੋਂ ਬਾਅਦ ਚਾਰਟਰ ਬੱਸ ਦੇ ਅੰਦਰੋਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਹਮਲੇ ਦੇ ਪਿੱਛੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ ਹੈ। ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਯੂਕਰੇਨ ਯੁੱਧ ਦਾ ਦਾਇਰਾ ਵਧਣ ਦੇ ਡਰੋਂ ਨਾਟੋ ਅਲਰਟ, ਪੋਲੈਂਡ 'ਤੇ ਮਿਜ਼ਾਈਲ ਹਮਲੇ 'ਚ ਦੋ ਦੀ ਮੌਤ



ਵਾਰਸਾ, 17 ਨਵੰਬਰ (ਪੋਸਟ ਬਿਊਰੋ)- ਪੋਲੈਂਡ ਵਿੱਚ ਹੋਏ ਮਿਜ਼ਾਈਲ ਹਮਲੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਸੀ। ਇਸ ਘਟਨਾ ਨੇ ਗੁਆਂਢੀ ਦੇਸ਼ਾਂ ਵਿੱਚ ਯੂਕਰੇਨ ਯੁੱਧ ਫੈਲਣ ਦਾ ਡਰ ਵਧਾ ਦਿੱਤਾ ਹੈ।

ਪੋਲੈਂਡ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਹ ਰਾਕੇਟ ਪੂਰਬੀ ਪੋਲੈਂਡ ਦੇ ਪ੍ਰਜ਼ੇਵੋਡੋ ਪਿੰਡ ਵਿੱਚ ਡਿੱਗਿਆ। ਇਹ ਇਲਾਕਾ ਯੂਕਰੇਨ ਦੀ ਸਰਹੱਦ ਤੋਂ 6 ਕਿਲੋਮੀਟਰ ਦੂਰ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਹਮਲਾ ਅਨਾਜ ਸੁਕਾਉਣ ਵਾਲੇ ਕੇਂਦਰ 'ਤੇ ਹੋਇਆ।

ਪੋਲੈਂਡ ਦੇ ਰਾਸ਼ਟਰਪਤੀ ਆਂਦਰੇਜ ਡੂਡਾ ਨੇ ਕਿਹਾ ਕਿ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਹੈ ਕਿ ਮਿਜ਼ਾਈਲ ਕਿਸ ਨੇ ਲਾਂਚ ਕੀਤੀ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਮਿਜ਼ਾਈਲ ਨੂੰ ਰੂਸ ਵਿੱਚ ਬਣਾਏ ਜਾਣ ਦੀ ਸਭ ਤੋਂ ਵੱਧ ਸੰਭਾਵਨਾ ਹੈ।

ਪੋਲੈਂਡ ਦੇ ਵਿਦੇਸ਼ ਮੰਤਰਾਲੇ ਨੇ ਪਹਿਲਾਂ ਕਿਹਾ ਸੀ ਕਿ ਮਿਜ਼ਾਈਲ ਰੂਸ ਵਿਚ ਬਣੀ ਸੀ ਅਤੇ ਘਟਨਾ ਤੋਂ ਬਾਅਦ ਰਾਜਧਾਨੀ ਵਾਰਸਾ ਵਿਚ ਰੂਸੀ ਰਾਜਦੂਤ ਨੂੰ ਤਲਬ ਕੀਤਾ ਅਤੇ ਉਸ ਨੂੰ ਤੁਰੰਤ ਵਿਸਤ੍ਰਿਤ ਜਾਣਕਾਰੀ ਦੇਣ ਲਈ ਕਿਹਾ।

ਇਸ ਮਿਜ਼ਾਈਲ ਹਮਲੇ ਕਾਰਨ ਬਾਲੀ ਵਿੱਚ ਚੱਲ ਰਹੀ ਜੀ-20 ਕਾਨਫਰੰਸ ਵਿੱਚ ਐਮਰਜੈਂਸੀ ਮੀਟਿੰਗ ਬੁਲਾਉਣੀ ਪਈ। ਇਸ ਬੈਠਕ ਦੀ ਪ੍ਰਧਾਨਗੀ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਕੀਤੀ ਅਤੇ ਇਸ ਵਿਚ ਹੋਰ ਦੇਸ਼ਾਂ ਦੇ ਨਾਲ-ਨਾਲ ਪ੍ਰਮੁੱਖ ਪੱਛਮੀ ਸ਼ਕਤੀਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਅਮਰੀਕਾ ਤੋਂ ਇਲਾਵਾ ਜਰਮਨੀ, ਕੈਨੇਡਾ, ਨੀਦਰਲੈਂਡ, ਜਾਪਾਨ, ਸਪੇਨ, ਇਟਲੀ, ਫਰਾਂਸ ਅਤੇ ਬਰਤਾਨੀਆ ਦੇ ਨੇਤਾਵਾਂ ਨੇ ਸ਼ਿਰਕਤ ਕੀਤੀ। ਜਾਪਾਨ ਨੂੰ ਛੱਡ ਕੇ, ਇਹ ਸਾਰੇ ਦੇਸ਼ ਨਾਟੋ ਦੇ ਮੈਂਬਰ ਹਨ।

ਇਸ ਮੁਲਾਕਾਤ ਤੋਂ ਬਾਅਦ ਬਾਈਡਨ ਨੇ ਕਿਹਾ ਕਿ ਅਮਰੀਕਾ ਅਤੇ ਉਸ ਦੇ ਨਾਟੋ ਸਹਿਯੋਗੀ ਉਸ ਧਮਾਕੇ ਦੀ ਜਾਂਚ ਕਰ ਰਹੇ ਹਨ, ਜਿਸ ਵਿਚ ਪੋਲੈਂਡ ਵਿਚ ਦੋ ਲੋਕਾਂ ਦੀ ਮੌਤ ਹੋ ਗਈ ਸੀ। ਇਸ ਜਾਂਚ ਦੀ ਸ਼ੁਰੂਆਤੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਸ਼ਾਇਦ ਇਹ ਰੂਸ ਤੋਂ ਛੱਡੀ ਗਈ ਮਿਜ਼ਾਈਲ ਤੋਂ ਨਹੀਂ ਹੋਇਆ।

ਇਹ ਪੁੱਛੇ ਜਾਣ 'ਤੇ ਕਿ ਕੀ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਮਿਜ਼ਾਈਲ ਰੂਸ ਤੋਂ ਲਾਂਚ ਕੀਤੀ ਗਈ ਸੀ, ਬਾਈਡਨ ਨੇ ਕਿਹਾ, ਇਸ ਦੇ ਵਿਰੁੱਧ ਸ਼ੁਰੂਆਤੀ ਜਾਣਕਾਰੀ ਹੈ। ਮੈਂ ਉਦੋਂ ਤੱਕ ਕਹਿਣਾ ਨਹੀਂ ਚਾਹਾਂਗਾ ਜਦੋਂ ਤੱਕ ਅਸੀਂ ਮਾਮਲੇ ਦੀ ਪੂਰੀ ਜਾਂਚ ਨਹੀਂ ਕਰ ਲੈਂਦੇ ਪਰ ਇਹ ਰੂਸੀ ਮਿਜ਼ਾਈਲ ਦੇ ਰਸਤੇ ਤੋਂ ਵੱਖਰੇ ਰਸਤੇ ਤੋਂ ਆਈ ਸੀ ਪਰ ਅਸੀਂ ਦੇਖਾਂਗੇ।

ਯੂਕਰੇਨ ਦੇ ਵਿਦੇਸ਼ ਮੰਤਰੀ ਦਮਿਤਰੋ ਕੁਲੇਬਾ ਨੇ ਇਸ ਵਿਚਾਰ ਨੂੰ "ਸਾਜ਼ਿਸ਼ ਸਿਧਾਂਤ" ਵਜੋਂ ਖਾਰਜ ਕਰ ਦਿੱਤਾ ਕਿ ਪੋਲਿਸ਼ ਧਮਾਕਾ ਕੀਵ ਦੀਆਂ ਫੌਜਾਂ ਦੁਆਰਾ ਦਾਗੀ ਗਈ ਇੱਕ ਸਤ੍ਹ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਕਾਰਨ ਹੋ ਸਕਦਾ ਹੈ। ਜਦਕਿ ਰੂਸ ਦੇ ਰੱਖਿਆ ਮੰਤਰਾਲੇ ਨੇ ਇਸ 'ਭੜਕਾਊ' ਘਟਨਾ ਲਈ ਜ਼ਿੰਮੇਵਾਰ ਹੋਣ ਦੀ ਰਿਪੋਰਟ ਨੂੰ ਰੱਦ ਕਰ ਦਿੱਤਾ ਹੈ।

## ਸੋਸ਼ਲ ਮੀਡੀਆ ਰਾਹੀਂ ਭਾਰਤੀ ਚੋਣਾਂ 'ਚ ਧਾਂਦਲੀ ਹੋ ਸਕਦੀ ਹੈ: ਰਾਹੁਲ ਗਾਂਧੀ



ਵਾਸ਼ਿਮ 17 ਨਵੰਬਰ (ਪੋਸਟ ਬਿਊਰੋ)- ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਸੋਸ਼ਲ ਮੀਡੀਆ ਰਾਹੀਂ ਚੋਣਾਂ ਵਿਚ ਧਾਂਦਲੀ ਹੋ ਸਕਦੀ ਹੈ ਅਤੇ ਸੋਸ਼ਲ ਮੀਡੀਆ ਕੰਪਨੀਆਂ ਚਾਹੇ ਤਾਂ ਕਿਸੇ ਵੀ ਪਾਰਟੀ ਨੂੰ ਚੋਣਾਂ ਜਿੱਤਾ ਸਕਦੀਆਂ ਹਨ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਸੇ ਵੀ ਪਾਰਟੀ ਦਾ ਨਾਂ ਲਏ ਬਿਨਾਂ ਇਹ ਵੀ ਕਿਹਾ ਕਿ ਸਮਾਜ ਵਿੱਚ ਅਸ਼ਾਂਤੀ ਪੈਦਾ ਕਰਨ ਲਈ ਇੱਕ ਵਿਚਾਰਧਾਰਾ ਅਤੇ ਉਸ ਦੇ ਆਗੂਆਂ ਵੱਲੋਂ ਫਿਰਕੂ ਹਿੰਸਾ ਨੂੰ ਰਣਨੀਤਕ ਹਥਿਆਰ ਵਜੋਂ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਇਹ ਗੱਲ 'ਭਾਰਤ ਜੋੜੋ' ਯਾਤਰਾ ਦੌਰਾਨ ਸਮਾਜ ਸੇਵੀ ਮੇਧਾ ਪਾਟਕਰ ਅਤੇ ਜੀਜੀ ਪਾਰਿਖ ਦੀ ਅਗਵਾਈ ਹੇਠ ਸਿਵਲ ਸੁਸਾਇਟੀ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਕਹੀ।

ਕਾਂਗਰਸੀ ਸੰਸਦ ਮੈਂਬਰ ਨੇ ਕਿਹਾ, "ਭਾਵੇਂ ਈਵੀਐਮ (ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ) ਸੁਰੱਖਿਅਤ ਹਨ, ਭਾਰਤੀ ਚੋਣਾਂ ਵਿੱਚ ਸੋਸ਼ਲ ਮੀਡੀਆ ਰਾਹੀਂ ਧਾਂਦਲੀ ਕੀਤੀ ਜਾ ਸਕਦੀ ਹੈ। ਵੱਡੀਆਂ ਸੋਸ਼ਲ ਮੀਡੀਆ ਕੰਪਨੀਆਂ ਜੇਕਰ ਚਾਹੁਣ ਤਾਂ ਕਿਸੇ ਵੀ ਪਾਰਟੀ ਨੂੰ ਚੋਣ ਜਿੱਤਾ ਸਕਦੀਆਂ ਹਨ। ਉਥੇ ਪੱਖਪਾਤ ਨੂੰ ਯੋਜਨਾਬੱਧ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਮੇਰੇ ਸੋਸ਼ਲ ਮੀਡੀਆ ਹੈਂਡਲ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ।"

# ਰੂਸ ਨੇ ਯੂਕਰੇਨ ਵਿੱਚ ਦਾਗੀਆਂ 100 ਮਿਜ਼ਾਈਲਾਂ, ਹਮਲਿਆਂ ਤੋਂ ਬਾਅਦ ਖੇਰਸਨ ਅਤੇ ਕੀਵ ਵਿੱਚ ਬਲੈਕਆਊਟ



ਕੀਵ, 17 ਨਵੰਬਰ (ਪੋਸਟ ਬਿਊਰੋ)- ਰੂਸ ਅਤੇ ਯੂਕਰੇਨ ਵਿਚਾਲੇ ਜੰਗ ਨੂੰ 9 ਮਹੀਨੇ ਹੋਣ ਜਾ ਰਹੇ ਹਨ। ਇਸ ਦੌਰਾਨ ਰੂਸ ਨੇ ਯੂਕਰੇਨ ਦੇ ਕਈ ਸ਼ਹਿਰਾਂ ਨੂੰ ਤਬਾਹ ਕਰ ਦਿੱਤਾ ਹੈ। ਪਰ, ਯੂਕਰੇਨ ਨੇ ਕੁਝ ਸ਼ਹਿਰਾਂ ਨੂੰ ਵਾਪਸ ਲੈਣ ਦਾ ਦਾਅਵਾ ਵੀ ਕੀਤਾ ਹੈ। ਖੇਰਸਨ ਵੀ ਇਸ ਵਿਚ ਸ਼ਾਮਲ ਹਨ। ਹੁਣ ਖ਼ਬਰ ਹੈ ਕਿ ਰੂਸ ਨੇ ਮੰਗਲਵਾਰ ਨੂੰ ਯੂਕਰੇਨ 'ਤੇ ਇੱਕੋ ਸਮੇਂ 100 ਮਿਜ਼ਾਈਲਾਂ ਦਾਗੀਆਂ ਹਨ। ਕੀਵ ਵਿੱਚ ਦੋ ਰਿਹਾਇਸ਼ੀ ਇਮਾਰਤਾਂ ਨੂੰ ਨਿਸ਼ਾਨਾ ਬਣਾ ਕੇ ਮਿਜ਼ਾਈਲ ਹਮਲੇ ਕੀਤੇ ਗਏ ਹਨ। ਹਮਲੇ ਤੋਂ ਬਾਅਦ ਸ਼ਹਿਰ ਵਿੱਚ ਖਤਰੇ ਦੇ ਸਾਇਰਨ ਵੀ ਵੱਜਣੇ ਸ਼ੁਰੂ ਹੋ ਗਏ। ਮਿਜ਼ਾਈਲ ਹਮਲਿਆਂ ਕਾਰਨ ਸ਼ਹਿਰ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ ਹੈ।

ਕੀਵ ਵਿੱਚ ਹਵਾਈ ਸੈਨਾ ਦੇ ਬੁਲਾਰੇ ਯੂਰੀ ਇਗਨਾਟ ਨੇ ਯੂਕਰੇਨੀ ਟੈਲੀਵਿਜ਼ਨ ਨੂੰ ਦੱਸਿਆ, "ਲਗਭਗ 100 ਮਿਜ਼ਾਈਲਾਂ ਪਹਿਲਾਂ ਹੀ ਦਾਗੀਆਂ ਗਈਆਂ ਹਨ। ਰੂਸੀ ਫ਼ੌਜਾਂ ਨੇ ਇਸ ਤੋਂ ਪਹਿਲਾਂ 10 ਅਕਤੂਬਰ ਨੂੰ 84 ਮਿਜ਼ਾਈਲਾਂ ਹਮਲੇ ਕੀਤੇ ਸਨ।" ਖੇਰਸਨ ਤੋਂ ਰੂਸੀ ਫੌਜਾਂ ਦੇ ਬਾਹਰ ਨਿਕਲਣ ਤੋਂ ਬਾਅਦ ਇਹ ਰੂਸ ਦਾ ਸਭ ਤੋਂ ਵੱਡਾ ਹਮਲਾ ਮੰਨਿਆ ਜਾ ਰਿਹਾ ਹੈ। ਫਿਲਹਾਲ ਯੂਕਰੇਨ ਦੇ ਅਧਿਕਾਰੀਆਂ ਨੇ ਐਮਰਜੈਂਸੀ ਬਲੈਕਆਊਟ ਦਾ ਐਲਾਨ ਕੀਤਾ ਹੈ।

ਹਮਲੇ ਦੀ ਜਾਣਕਾਰੀ ਦਿੰਦੇ ਹੋਏ ਕੀਵ ਦੇ ਮੇਅਰ ਵਿਤਾਲੀ ਕਲਿਟਸਕੋ ਨੇ ਸੋਸ਼ਲ ਮੀਡੀਆ 'ਤੇ ਇਕ ਬਿਆਨ 'ਚ ਕਿਹਾ, "ਰਾਜਧਾਨੀ 'ਤੇ ਹਮਲਾ ਕੀਤਾ ਗਿਆ ਹੈ। ਸ਼ੁਰੂਆਤੀ ਜਾਣਕਾਰੀ ਮੁਤਾ-ਬਕ ਪੇਚਰਸਕ ਜ਼ਿਲ੍ਹੇ ਵਿੱਚ ਦੋ ਰਿਹਾਇਸ਼ੀ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਵਾਈ ਰੱਖਿਆ ਪ੍ਰਣਾਲੀ ਨੇ ਕਈ ਮਿਜ਼ਾਈਲਾਂ ਨੂੰ ਵੀ ਡੇਗ-ਗਆ ਹੈ। ਹਮਲੇ ਤੋਂ ਬਾਅਦ ਮੈਡੀਕਲ ਅਤੇ ਬਚਾਅ ਟੀਮਾਂ ਮੌਕੇ 'ਤੇ ਮੌਜੂਦ ਹਨ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਮੰਗਲਵਾਰ ਨੂੰ ਦੱਖਣੀ ਸ਼ਹਿਰ ਖੇਰਸਨ 'ਤੇ ਮੁੜ ਕਬਜ਼ਾ ਕਰਨ ਦੀ ਤੁਲਨਾ 'ਡੀ-ਡੇ' ਨਾਲ ਕੀਤੀ ਜਦੋਂ ਸਹਿਯੋਗੀ ਫੌਜਾਂ ਦੂਜੇ ਵਿਸ਼ਵ ਯੁੱਧ ਦੌਰਾਨ ਫਰਾਂਸ ਵਿੱਚ ਉਤਰੀਆਂ ਸਨ। ਉਨ੍ਹਾਂ ਕਿਹਾ ਕਿ ਦੋਵੇਂ ਘਟਨਾਵਾਂ ਅੰਤਰਿਮ ਜਿੱਤ ਲਈ ਫੈਸਲਾਕੁੰਨ ਹਨ। ਜ਼ੇਲੇਨਸਕੀ ਨੇ ਵੀਡੀਓ ਕਾਨਫਰੰਸ ਰਾਹੀਂ ਇੰਡੋਨੇਸ਼ੀਆ ਵਿੱਚ ਆਯੋਜਿਤ ਜੀ-20 ਸੰਮੇਲਨ ਵਿੱਚ ਹਿੱਸਾ ਲਿਆ। ਉਨ੍ਹਾਂ ਕਾਨਫਰੰਸ ਨੂੰ ਦੱਸਿਆ ਕਿ 8 ਮਹੀਨਿਆਂ ਬਾਅਦ ਖੇਰਸਨ ਦੀ ਰੂਸੀ ਕਬਜ਼ੇ ਤੋਂ ਅਜ਼ਾਦੀ ਅਤੀਤ ਦੀਆਂ ਕਈ ਲੜਾਈਆਂ ਦੀ ਯਾਦ ਦਿਵਾਉਂਦੀ ਹੈ, ਜੋ ਜੰਗ ਵਿੱਚ ਫੈਸਲਾਕੁੰਨ ਸਾਬਤ ਹੋਈਆਂ।

# ਅਮਰੀਕਾ ਦੇ ਏਅਰਸ਼ੋਅ ਦੌਰਾਨ 2 ਲੜਾਕੂ ਜਹਾਜ਼ ਆਪਸ ਵਿਚ ਟਕਰਾਏ, 6 ਲੋਕਾਂ ਦੀ ਮੌਤ ਦਾ ਖਦਸ਼ਾ

ਟੈਕਸਾਸ, 17 ਨਵੰਬਰ (ਪੋਸਟ ਬਿਊਰੋ)- ਡੈਲਾਸ, ਟੈਕਸਾਸ ਵਿੱਚ ਇੱਕ ਏਅਰਸ਼ੋਅ ਦੌਰਾਨ ਇੱਕ ਬੀ-17 ਭਾਰੀ ਬੰਬਾਰ ਇੱਕ ਹੋਰ ਜਹਾਜ਼ ਨਾਲ ਟਕਰਾ ਗਿਆ, ਜਿਸ ਵਿੱਚ ਘੱਟੋ-ਘੱਟ ਛੇ ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਵੈਟਰਨਜ਼ ਡੇ ਵੀਕਐਂਡ 'ਤੇ ਕਥਿਤ ਤੌਰ 'ਤੇ "ਅਮਰੀਕਾ ਦੇ ਪ੍ਰੀਮੀਅਰ ਵਿਸ਼ਵ ਯੁੱਧ -2 ਏਅਰਸ਼ੋਅ" ਦੌਰਾਨ ਵਾਪਰੀ, ਜਿੱਥੇ ਮਹਿਮਾਨ 40 ਤੋਂ ਵੱਧ ਵਿਸ਼ਵ ਯੁੱਧ-2 ਯੁੱਗ ਦੇ ਜਹਾਜ਼ਾਂ ਨੂੰ ਦੇਖਣ ਵਾਲੇ ਸਨ। ਹਵਾਈ ਸੈਨਾ ਦੇ ਬੁਲਾਰੇ ਲੀਹ ਬਲਾਕ ਨੇ ਦੱਸਿਆ ਕਿ ਉਸ ਦਾ ਮੰਨਣਾ ਹੈ ਕਿ ਬੀ-17 'ਤੇ ਪੰਜ ਚਾਲਕ ਦਲ ਦੇ ਮੈਂਬਰ ਸਨ ਅਤੇ ਇਕ ਪੀ-63 'ਤੇ ਸੀ।

ਨਾਗਰਿਕ ਟਰਾਂਸਪੋਰਟ ਹਾਦਸਿਆਂ ਦੀ ਜਾਂਚ ਲਈ ਜ਼ਿੰਮੇਵਾਰ ਅਮਰੀਕੀ ਸਰਕਾਰ ਦੀ ਜਾਂਚ ਏਜੰਸੀ ਨੇ ਕਿਹਾ ਕਿ ਉਹ ਟੱਕਰ ਦੀ ਜਾਂਚ ਕਰ ਰਹੀ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਨਿਊਜ਼ਰੂਮ ਨੇ ਟਵੀਟ ਕੀਤਾ, "ਬੋਰਡ ਇੱਕ ਬੋਇੰਗ ਬੀ-17 ਜੀ ਅਤੇ ਇੱਕ ਬੇਲ ਪੀ-63 ਐਫ ਵਿਚਕਾਰ ਸ਼ਨੀਵਾਰ ਨੂੰ ਡਲਾਸ, ਟੈਕਸਾਸ ਦੇ ਵਿਚਕਾਰ ਹੋਈ ਟੱਕਰ ਦੀ ਜਾਂਚ ਕਰਨ ਲਈ ਇੱਕ ਟੀਮ ਭੇਜ ਰਿਹਾ ਹੈ," ਮੈਂਬਰ ਮਾਈਕਲ ਗ੍ਰਾਹਮ ਬੁਲਾਰੇ ਵਜੋਂ ਕੰਮ ਕਰਨਗੇ।

## ਬ੍ਰਿਟੇਨ ਅਤੇ ਭਾਰਤ ਦੀ ਨਵੀਂ ਵੀਜ਼ਾ ਨੀਤੀ ਦਾ ਉਦਯੋਗ, ਵਿਦਿਆਰਥੀ ਸਮੂਹਾਂ ਨੇ ਕੀਤਾ ਸਵਾਗਤ



ਲੰਡਨ, 17 ਨਵੰਬਰ (ਪੋਸਟ ਬਿਊਰੋ)- ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੁਆਰਾ ਬੁੱਧਵਾਰ ਨੂੰ ਸ਼ੁਰੂ ਕੀਤੀ ਗਈ 'ਨਿਊ ਯੂਕੇ-ਇੰਡੀਆ ਯੰਗ ਪ੍ਰੋਫੈਸ਼ਨਲਜ਼' ਵੀਜ਼ਾ ਯੋਜਨਾ ਨੂੰ ਯੂਕੇ ਵਿੱਚ ਉਦਯੋਗ ਅਤੇ ਵਿਦਿਆਰਥੀ ਸਮੂਹਾਂ ਦੁਆਰਾ ਇੱਕ ਵੱਡਾ ਕਦਮ ਮੰਨਿਆ ਗਿਆ ਹੈ। ਇਹ ਸਕੀਮ ਅਗਲੇ ਸਾਲ ਦੇ ਸ਼ੁਰੂ ਤੋਂ ਸ਼ੁਰੂ ਹੋਵੇਗੀ ਅਤੇ 18 ਤੋਂ 30 ਸਾਲ ਦੀ ਉਮਰ ਦੇ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੂੰ 24 ਮਹੀਨਿਆਂ ਲਈ ਯੂਕੇ ਵਿੱਚ ਰਹਿਣ ਅਤੇ ਕੰਮ ਕਰਨ ਲਈ ਸਾਲਾਨਾ 3,000 ਵੀਜ਼ੇ ਦੀ ਪੇਸ਼ਕਸ਼ ਕਰੇਗੀ।

ਭਾਰਤ 'ਚ ਬ੍ਰਿਟਿਸ਼ ਨਾਗਰਿਕਾਂ ਲਈ ਵੀ ਅਜਿਹਾ ਹੀ ਆਫਰ ਹੋਵੇਗਾ। ਲੰਡਨ ਦੇ ਲਾਰਡ ਮੇਅਰ ਨੇ ਬਾਲੀ ਵਿੱਚ ਜੀ-20 ਸਿਖਰ ਸੰਮੇਲਨ ਤੋਂ ਇਲਾਵਾ ਇਸ ਸਬੰਧ ਵਿੱਚ ਕੀਤੇ ਗਏ ਐਲਾਨ ਦਾ ਸੁਆਗਤ ਕੀਤਾ ਅਤੇ ਦੋਵਾਂ ਦੇਸ਼ਾਂ ਦਰਮਿਆਨ ਹੋਰ ਖੇਤਰਾਂ ਵਿੱਚ ਵੀ ਵਟਾਂਦਰਾ ਵਧਾਉਣ ਦਾ ਸੱਦਾ ਦਿੱਤਾ।

ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ ਨੇ ਨਵੀਂ ਸਕੀਮ ਨੂੰ ਦੋਵਾਂ ਦੇਸ਼ਾਂ ਦੇ ਨੌਜਵਾਨ ਪੇਸ਼ੇਵਰਾਂ ਲਈ ਇੱਕ "ਵੱਡਾ ਮੌਕਾ" ਕਰਾਰ ਦਿੱਤਾ ਅਤੇ ਪਿਛਲੇ ਸਾਲ ਯੂਕੇ-ਇੰਡੀਆ ਮਾਈਗ੍ਰੇਸ਼ਨ ਐਂਡ ਮੋਬਿਲਿਟੀ ਪਾਰਟਨਰਸ਼ਿਪ ਦੀ ਮਜ਼ਬੂਤੀ ਦਾ ਸੰਕੇਤ ਦਿੱਤਾ। ਨੈਸ਼ਨਲ ਇੰਡੀਅਨ ਸਟੂਡੈਂਟਸ ਐਂਡ ਅਲੂਮਨੀ ਯੂਨੀਅਨ ਯੂਕੇ, ਯੂਕੇ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਆਸਾਨ ਪਹੁੰਚ ਦੀ ਵਕਾਲਤ ਕਰਨ ਵਾਲੀ ਇੱਕ ਸੰਸਥਾ ਨੇ ਵੀ ਇਸ ਘੋਸ਼ਣਾ ਦਾ ਸਵਾਗਤ ਕੀਤਾ ਹੈ।

## ਡੋਨਾਲਡ ਟਰੰਪ ਨੇ 2024 ਵਿਚ ਅਮਰੀਕੀ ਰਾਸ਼ਟਰਪਤੀ ਚੋਣ ਲੜਨ ਦਾ ਕੀਤਾ ਐਲਾਨ



ਵਾਸ਼ਿੰਗਟਨ, 17 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ 2024 ਦੀ ਅਮਰੀਕੀ ਰਾਸ਼ਟਰਪਤੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਅੱਜ ਰਾਤ ਸੰਯੁਕਤ ਰਾਜ ਦੇ ਰਾਸ਼ਟਰਪਤੀ ਲਈ ਆਪਣੀ ਉਮੀਦਵਾਰੀ ਦਾ ਐਲਾਨ ਕਰ ਰਿਹਾ ਹਾਂ। ਟਰੰਪ ਨੇ ਪਹਿਲਾਂ ਸੋਸ਼ਲ ਪਲੇਟਫਾਰਮ 'ਤੇ ਪੋਸਟ ਕੀਤਾ ਸੀ ਕਿ "ਉਮੀਦ ਹੈ ਕਿ ਅੱਜ ਦਾ ਦਿਨ ਸਾਡੇ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਇੱਕ ਸਾਬਤ ਹੋਵੇਗਾ।"

2016 ਦੀਆਂ ਚੋਣਾਂ ਵਿੱਚ ਬਿਜ਼ਨਸ ਟਾਈਕੂਨ ਅਤੇ ਰਿਐਲਿਟੀ ਟੀਵੀ ਸਟਾਰ ਦੀ ਜਿੱਤ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਰਿਪਬਲਿਕਨ ਨੇਤਾ ਡੋਨਾਲਡ ਟਰੰਪ ਅਜੇ ਵੀ ਆਪਣੇ ਪੈਰੋਕਾਰਾਂ ਵਿੱਚ ਬਹੁਤ ਮਸ਼ਹੂਰ ਹਨ ਅਤੇ ਵ੍ਹਾਈਟ ਹਾਊਸ ਲਈ ਦੁਬਾਰਾ ਚੋਣ ਲੜਨ ਦੀਆਂ ਆਪਣੀਆਂ ਇੱਛਾਵਾਂ ਬਾਰੇ ਦੱਸ ਰਹੇ ਹਨ।

ਲਗਾਤਾਰ ਦੂਸਰੀ ਵਾਰ ਰਾਸ਼ਟਰਪਤੀ ਬਣਨ ਦੀ ਉਮੀਦ ਵਿੱਚ 2020 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲੜਨ ਵਾਲੇ ਡੋਨਾਲਡ ਟਰੰਪ ਅਜੇ ਤੱਕ ਪਿਛਲੀਆਂ ਚੋਣਾਂ ਸਮੇਂ ਆਪਣੀ ਹਾਰ ਨੂੰ ਸਵੀਕਾਰ ਨਹੀਂ ਕਰ ਸਕੇ ਹਨ ਅਤੇ ਕਈ ਮਹੀਨਿਆਂ ਤੋਂ ਇਹ ਸੰਕੇਤ ਦਿੰਦੇ ਆ ਰਹੇ ਹਨ ਕਿ ਉਹ ਮੁੜ ਸੱਤਾ ਵਿੱਚ ਆਉਣ ਲਈ ਤਿਆਰ ਹਨ।

ਡੋਨਾਲਡ ਟਰੰਪ ਨੇ ਹਾਲ ਹੀ 'ਚ ਕਿਹਾ ਸੀ ਕਿ ਉਹ ਅਗਲੇ ਹਫਤੇ 'ਵੱਡਾ ਐਲਾਨ' ਕਰਨ ਜਾ ਰਹੇ ਹਨ। ਉਦੋਂ ਤੋਂ ਮੰਨਿਆ ਜਾ ਰਿਹਾ ਸੀ ਕਿ ਸਾਲ 2024 'ਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਟਰੰਪ ਇਕ ਵਾਰ ਫਿਰ ਚੋਟੀ ਦੇ ਅਹੁਦੇ ਦੀ ਦੌੜ 'ਚ ਸ਼ਾਮਲ ਹੋਣਗੇ।

# ਜੀ-20 ਨੂੰ ਸ਼ਾਂਤੀ ਅਤੇ ਸਦਭਾਵਨਾ ਦੇ ਪੱਖ ਵਿੱਚ ਸੰਦੇਸ਼ ਦੇਣਾ ਹੋਵੇਗਾ: ਮੋਦੀ



ਬਾਲੀ, 17 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੰਡੋਨੇਸ਼ੀਆ ਦੇ ਬਾਲੀ 'ਚ ਹੋ ਰਹੇ ਸਿਖਰ ਸੰਮੇਲਨ 'ਚ ਕਿਹਾ ਕਿ ਜੀ-20 ਨੂੰ ਸ਼ਾਂਤੀ ਅਤੇ ਸਦਭਾਵਨਾ ਦੇ ਪੱਖ 'ਚ ਸੰਦੇਸ਼ ਦੇਣਾ ਹੋਵੇਗਾ। ਇਸ ਤੋਂ ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਜੀ-20 ਸੈਸ਼ਨ ਨੂੰ ਸੰਬੋਧਨ ਕੀਤਾ ਸੀ। ਬੁੱਧਵਾਰ ਨੂੰ ਇਸ ਸੈਸ਼ਨ ਦਾ ਵਿਸ਼ਾ ਡਿਜੀਟਲ ਟਰਾਂਸਫਾਰਮੇਸ਼ਨ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਝ ਵਿਸ਼ਵ ਨੇਤਾਵਾਂ ਦੇ ਨਾਲ ਬਾਲੀ ਵਿੱਚ ਜੀ-20 ਸਿਖਰ ਸੰਮੇਲਨ ਦੇ ਮੌਕੇ 'ਤੇ ਬੁੱਧਵਾਰ ਨੂੰ ਸਭ ਤੋਂ ਵੱਡੇ ਮੈਂਗਰੋਵ ਜੰਗਲ 'ਤਮਨ ਹੁਤਨ ਰਾਇਆ ਨਗੁਰਾਹ ਰਾਏ' ਦਾ ਦੌਰਾ ਕੀਤਾ ਅਤੇ ਮੈਂਗਰੋਵ ਲਗਾਏ।

'ਮੈਂਗਰੋਵਜ਼' ਅਜਿਹੇ ਰੁੱਖ ਜਾਂ ਝਾੜੀਆਂ ਨੂੰ ਕਿਹਾ ਜਾਂਦਾ ਹੈ, ਜੋ ਸਮੁੰਦਰੀ ਕੰਢੇ ਉੱਗਦੇ ਹਨ।

ਪ੍ਰਧਾਨ ਮੰਤਰੀ ਮੋਦੀ ਮੰਗਲਵਾਰ ਤੋਂ ਸ਼ੁਰੂ ਹੋਏ ਜੀ-20 ਸੰਮੇਲਨ 'ਚ ਹਿਸਾ ਲੈਣ ਲਈ ਬਾਲੀ ਪਹੁੰਚੇ ਹਨ। ਮੰਗਲਵਾਰ ਨੂੰ ਅਧਿਕਾਰਤ ਤੌਰ 'ਤੇ ਸਿਖਰ ਸੰਮੇਲਨ ਸ਼ੁਰੂ ਹੋਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਦਾ ਸਥਾਨ 'ਤੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਜੋਕੋ ਵਿਡੋਡੋ ਨੇ ਸਵਾਗਤ ਕੀਤਾ। ਮੋਦੀ ਨੇ ਜੀ-20 ਸੰਮੇਲਨ ਤੋਂ ਇਲਾਵਾ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਕਈ ਹੋਰ ਵਿਸ਼ਵ ਨੇਤਾਵਾਂ ਨਾਲ ਗੈਰ ਰਸਮੀ ਗੱਲਬਾਤ ਕੀਤੀ।

ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਆਲਮੀ ਵਾਤਾਵਰਣ ਸੁਰੱਖਿਆ ਦੇ ਯਤਨਾਂ 'ਚ ਮੈਂਗਰੋਵਜ਼ ਦੀ ਅਹਿਮ ਭੂਮਿਕਾ ਹੈ। ਭਾਰਤ, ਇੰਡੋਨੇਸ਼ੀਆ ਦੀ ਜੀ-20 ਦੀ ਪ੍ਰਧਾਨਗੀ ਹੇਠ ਇੰਡੋਨੇਸ਼ੀਆ ਅਤੇ ਸੰਯੁਕਤ ਅਰਬ ਅਮੀਰਾਤ ਦੀ ਸਾਂਝੀ ਪਹਿਲਕਦਮੀ, ਮੈਂਗਰੋਵ ਅਲਾਇੰਸ ਫਾਰ ਕਲਾਈਮੇਟ ਵਿੱਚ ਸ਼ਾਮਲ ਹੋ ਗਿਆ ਹੈ। ਹਰੇਕ ਆਗੂ ਨੂੰ ਜੰਗਲ ਵਿੱਚ ਲਾਉਣ ਲਈ ਇੱਕ ਛੋਟਾ ਜਿਹਾ ਪੌਦਾ ਦਿੱਤਾ ਗਿਆ ਸੀ, ਜੋ ਉਨ੍ਹਾਂ ਨੇ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਤਹਿਤ ਲਾਇਆ ਸੀ। ਜੀ-20 ਨੇਤਾਵਾਂ ਨੂੰ ਮੈਂਗਰੋਵ ਦੀਆਂ ਵੱਖ-ਵੱਖ ਕਿਸਮਾਂ ਅਤੇ ਉਨ੍ਹਾਂ ਦੀ ਸੰਭਾਵਿਤ ਉਮਰ (100 ਸਾਲ ਤੱਕ) ਬਾਰੇ ਜਾਣਕਾਰੀ ਦਿੱਤੀ ਗਈ। ਇੰਡੋਨੇਸ਼ੀਆ ਦੇ ਰਾਸ਼ਟਰਪਤੀ ਜੋਕੋ ਵਿਡੋਡੋ ਨੇ ਮੈਂਗਰੋਵਜ਼ ਬਾਰੇ ਪੇਸ਼ਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜੰਗਲ ਵਿੱਚ 150 ਕਿਸਮਾਂ ਦੀਆਂ ਮੈਂਗਰੋਵਜ਼ ਹਨ। ਇਸ ਦੇ ਨਾਲ ਹੀ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਵੀ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਮੈਂਗਰੋਵ ਜੰਗਲ 'ਚ ਸੈਰ ਕਰਦੇ ਨਜ਼ਰ ਆਏ।

# ਟਵਿੱਟਰ-ਫੇਸਬੁੱਕ ਤੋਂ ਬਾਅਦ ਹੁਣ ਐਮਾਜ਼ੋਨ ਵਲੋਂ ਛਾਂਟੀ ਦੀ ਤਿਆਰੀ

ਨਿਊ ਯਾਰਕ, 17 ਨਵੰਬਰ (ਪੋਸਟ ਬਿਊਰੋ)- ਸੰਸਾਰ ਵਿੱਚ ਮੰਦੀ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਵੱਡੀਆਂ ਕੰਪਨੀਆਂ ਇੱਕ ਤੋਂ ਬਾਅਦ ਇੱਕ ਨੌਕਰੀਆਂ ਕੱਢ ਰਹੀਆਂ ਹਨ। ਫੇਸਬੁੱਕ, ਟਵਿਟਰ ਅਤੇ ਸਨੈਪਚੈਟ ਵਰਗੀਆਂ ਵੱਡੀਆਂ ਕੰਪਨੀਆਂ ਤੋਂ ਬਾਅਦ ਹੁਣ ਐਮਾਜ਼ਾਨ ਨੇ ਵੀ ਇੱਥੇ ਕੰਮ ਕਰਨ ਵਾਲੇ ਲੋਕਾਂ ਨੂੰ ਨੌਕਰੀ ਤੋਂ ਕੱਢਣ ਦਾ ਫੈਸਲਾ ਕੀਤਾ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਕੰਪਨੀ ਇਸ ਹਫਤੇ 10,000 ਕਰਮਚਾਰੀਆਂ ਦੀ ਛਾਂਟੀ ਕਰ ਸਕਦੀ ਹੈ। ਕੰਪਨੀ ਨੇ ਇਸ ਕਦਮ ਪਿੱਛੇ ਮੁਨਾਫਾ ਕਮਾਉਣ ਵਿੱਚ ਅਸਫਲਤਾ ਦਾ ਹਵਾਲਾ ਦਿੱਤਾ ਹੈ। ਜੇਕਰ ਛਾਂਟੀ ਦੀ ਕੁੱਲ ਗਿਣਤੀ 10,000 ਦੇ ਆਸ-ਪਾਸ ਰਹਿੰਦੀ ਹੈ, ਤਾਂ ਇਹ ਐਮਾਜ਼ਾਨ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਛਾਂਟੀ ਹੋਵੇਗੀ। ਇਹ ਕੰਪਨੀ ਦੇ ਕਰਮਚਾਰੀਆਂ ਦੇ 1 ਪ੍ਰਤੀਸ਼ਤ ਤੋਂ ਵੀ ਘੱਟ ਦੀ ਨੁਮਾਇੰਦਗੀ ਕਰੇਗਾ ਜੋ ਵਿਸ਼ਵ ਪੱਧਰ 'ਤੇ 1.6 ਮਿਲੀਅਨ ਤੋਂ ਵੱਧ ਰੁਜ਼ਗਾਰ ਦਾ ਹੈ।

ਟਵਿੱਟਰ ਅਤੇ ਮੇਟਾ ਤੋਂ ਬਾਅਦ ਹੁਣ ਈ-ਕਾਮਰਸ ਕੰਪਨੀ ਐਮਾਜ਼ਾਨ ਨੇ ਆਪਣੇ ਕਰਮਚਾਰੀਆਂ ਨੂੰ ਉਨ੍ਹਾਂ ਯੂਨਿਟਾਂ 'ਚ ਕੱਢ ਦਿੱਤਾ ਹੈ ਜੋ ਇਸ ਸਾਲ ਮੁਨਾਫਾ ਕਮਾਉਣ 'ਚ ਅਸਫਲ ਰਹੀਆਂ ਹਨ। ਰਿਪੋਰਟ ਦੇ ਅਨੁਸਾਰ, ਛਾਂਟੀ ਮੁੱਖ ਤੌਰ 'ਤੇ ਕੰਪਨੀ ਦੀ ਡਿਵਾਈਸ ਯੂਨਿਟ ਵਿੱਚ ਕੀਤੀ ਜਾਵੇਗੀ ਜੋ ਅਲੈਕਸਾ, ਇਸਦੀ ਰਿਟੇਲ ਯੂਨਿਟ ਅਤੇ ਮਨੁੱਖੀ ਸਰੋਤ ਟੀਮ ਵਰਗੇ ਉਤਪਾਦ ਬਣਾਉਂਦੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੱਢੇ ਜਾਣ ਵਾਲੇ ਕਰਮਚਾਰੀਆਂ ਦੀ ਗਿਣਤੀ ਵਧ ਜਾਂ ਘਟ ਸਕਦੀ ਹੈ। ਖ਼ਬਰ ਲਿਖੇ ਜਾਣ ਤੱਕ ਇਸ ਰਿਪੋਰਟ 'ਤੇ ਐਮਾਜ਼ੋਨ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਸੀ।

ਇਹ ਰਿਪੋਰਟ ਈ-ਕਾਮਰਸ ਦਿੱਗਜ ਨੇ ਵਿਅਸਤ ਛੁੱਟੀਆਂ ਦੇ ਸੀਜ਼ਨ ਦੌਰਾਨ ਘੱਟ ਵਿਕਰੀ ਦੀ ਚੇਤਾਵਨੀ ਦੇਣ ਤੋਂ ਕੁਝ ਹਫ਼ਤੇ ਬਾਅਦ ਆਈ ਹੈ। ਵਿਅਸਤ ਛੁੱਟੀਆਂ ਅਤੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਕੰਪਨੀ ਦੀ ਵਿਕਰੀ ਸਭ ਤੋਂ ਵੱਧ ਰਹੀ। ਐਮਾਜ਼ੋਨ ਨੇ ਚੇਤਾਵਨੀ ਜਾਰੀ ਕਰਦਿਆਂ ਕਿਹਾ ਕਿ ਅਜਿਹਾ ਇਸ ਲਈ ਹੈ ਕਿਉਂਕਿ ਵਧਦੀਆਂ ਕੀਮਤਾਂ ਕਾਰਨ ਖਪਤਕਾਰਾਂ ਅਤੇ ਕਾਰੋਬਾਰਾਂ ਕੋਲ ਖਰਚ ਕਰਨ ਲਈ ਘੱਟ ਪੈਸਾ ਹੈ।

# ਜੋ ਬਾਈਡੇਨ ਨੇ ਸ਼ੀ ਜਿਨਪਿੰਗ ਨੂੰ ਕਿਹਾ, ਤਾਈਵਾਨ 'ਤੇ ਚੀਨ ਦੀ ਹਮਲਾਵਰ ਕਾਰਵਾਈ ਸ਼ਾਂਤੀ ਨੂੰ ਖਤਰੇ ਵਿੱਚ ਪਾਉਂਦੀ ਹੈ



ਬਾਲੀ, 17 ਨਵੰਬਰ (ਪੋਸਟ ਬਿਊਰੋ)- ਬਾਲੀ 'ਚ ਚੱਲ ਰਹੀ ਜੀ-20 ਬੈਠਕ 'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਸ਼ੀ ਜਿਨਪਿੰਗ ਨੂੰ ਕਿਹਾ ਹੈ ਕਿ ਤਾਈਵਾਨ 'ਤੇ ਚੀਨ ਦੀ ਹਮਲਾਵਰ ਕਾਰਵਾਈ ਨੇ ਸ਼ਾਂਤੀ ਨੂੰ ਖਤਰੇ 'ਚ ਪਾ ਦਿੱਤਾ ਹੈ। ਬਾਈਡੇਨ ਨੇ ਚੀਨੀ ਰਾਸ਼ਟਰਪਤੀ ਨੂੰ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਜਲਵਾਯੂ ਪਰਿਵਰਤਨ, ਆਰਥਿਕ ਸਥਿਰਤਾ, ਸਿਹਤ ਅਤੇ ਭੋਜਨ ਸੁਰੱਖਿਆ 'ਤੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਬਿਡੇਨ ਨੇ ਸ਼ਿਨਜਿਆਂਗ ਤਿੱਬਤ ਹਾਂਗਕਾਂਗ ਵਿੱਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਵੀ ਉਠਾਇਆ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਚੀਨ ਨੂੰ ਤਾਇਵਾਨ 'ਤੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣੀ ਚਾਹੀਦੀ ਹੈ। ਇੱਕ ਪਾਸੜ ਤਬਦੀਲੀ ਕਰਨ ਦੀ ਕੋਸ਼ਿਸ਼ ਨਾ ਕਰੋ।

ਬਿਡੇਨ ਨੇ ਚੀਨ ਵਿੱਚ ਬੰਦੀ ਬਣਾਏ ਗਏ ਅਮਰੀਕੀ ਨਾਗਰਿਕਾਂ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਰੂਸ ਦੇ ਪ੍ਰਮਾਣੂ ਖਤਰੇ ਦੇ ਮੁੱਦੇ 'ਤੇ ਵੀ ਚਰਚਾ ਕੀਤੀ। ਵਿਦੇਸ਼ ਮੰਤਰੀ ਬਲਿੰਕਨ ਚੀਨ ਦਾ ਦੌਰਾ ਕਰਕੇ ਇਸ ਗੱਲਬਾਤ ਨੂੰ ਅੱਗੇ ਵਧਾਉਣਗੇ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੱਲਬਾਤ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਅਸੀਂ ਜ਼ੋਰਦਾਰ ਢੰਗ ਨਾਲ ਮੁਕਾਬਲਾ ਕਰਾਂਗੇ, ਪਰ ਉਹ ਯਕੀਨੀ ਤੌਰ 'ਤੇ ਇਸ ਗੱਲ ਦਾ ਧਿਆਨ ਰੱਖਣਗੇ ਕਿ ਕੋਈ ਵਿਵਾਦ ਨਾ ਬਣ ਜਾਵੇ।

ਯੂਕਰੇਨ ਸੰਕਟ ਬਾਰੇ, ਸ਼ੀ ਜਿਨਪਿੰਗ ਨੇ ਕਿਹਾ ਕਿ ਹੇਠ ਲਿਖੀਆਂ ਗੱਲਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਮਹੱਤਵਪੂਰਨ ਹੈ: ਪਹਿਲਾ, ਸੰਘਰਸ਼ ਅਤੇ ਯੁੱਧ ਕੋਈ ਜੇਤੂ ਨਹੀਂ ਪੈਦਾ ਕਰਦੇ। ਦੂਜਾ, ਕਿਸੇ ਗੁੰਝਲਦਾਰ ਮੁੱਦੇ ਦਾ ਕੋਈ ਸਾਧਾਰਨ ਹੱਲ ਨਹੀਂ ਹੈ ਅਤੇ ਤੀਜਾ, ਵੱਡੇ ਦੇਸ਼ਾਂ ਵਿਚਕਾਰ ਟਕਰਾਅ ਤੋਂ ਬਚਣਾ ਚਾਹੀਦਾ ਹੈ। ਚੀਨ ਹਮੇਸ਼ਾ ਸ਼ਾਂਤੀ ਦੇ ਪੱਖ 'ਚ ਰਿਹਾ ਹੈ ਅਤੇ ਸ਼ਾਂਤੀ ਵਾਰਤਾ ਨੂੰ ਉਤਸ਼ਾਹਿਤ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਅਸੀਂ ਰੂਸ ਅਤੇ ਯੂਕਰੇਨ ਵਿਚਾਲੇ ਸ਼ਾਂਤੀ ਵਾਰਤਾ ਮੁੜ ਸ਼ੁਰੂ ਕਰਨ ਦਾ ਸਮਰਥਨ ਕਰਦੇ ਹਾਂ। ਇਸ ਦੇ ਨਾਲ ਹੀ, ਅਸੀਂ ਉਮੀਦ ਕਰਦੇ ਹਾਂ ਕਿ ਸੰਯੁਕਤ ਰਾਜ, ਨਾਟੋ ਅਤੇ ਯੂਰਪੀਅਨ ਯੂਨੀਅਨ ਰੂਸ ਦੇ ਨਾਲ ਵਿਆਪਕ ਗੱਲਬਾਤ ਵਿੱਚ ਸ਼ਾਮਲ ਹੋਣਗੇ।

# ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਸ਼ਹੀਦਾਂ ਨੂੰ ਦਿੱਤਾ ਜਾਵੇ ਭਾਰਤ ਰਤਨ : ਮੁੱਖ ਮੰਤਰੀ

## * ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਕੌਮੀ ਸ਼ਹੀਦ ਦਾ ਦਰਜਾ ਦੇਣ ਦੀ ਮੰਗ * ਹਲਵਾਰਾ ਵਿੱਚ ਸਿਵਲ ਏਅਰ ਟਰਮੀਨਲ ਦਾ ਨਿਰਮਾਣ ਕਾਰਜ ਛੇਤੀ ਮੁਕੰਮਲ ਕਰਨ ਦਾ ਐਲਾਨ





ਸਰਾਭਾ (ਲੁਧਿਆਣਾ), 17 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਤੰਤਰਤਾ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਮਹਾਨ ਸ਼ਹੀਦਾਂ ਨੂੰ ਭਾਰਤ ਰਤਨ ਐਵਾਰਡ ਦੇਣ ਦੀ ਮੰਗ ਕੀਤੀ।

ਇੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਮੌਕੇ ਸ਼ਹੀਦ ਦੇ ਜੱਦੀ ਪਿੰਡ ਵਿਖੇ ਕਰਵਾਏ ਸੂਬਾ ਪੱਧਰੀ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ ਤੇ ਹੋਰਾਂ ਨੂੰ ਭਾਰਤ ਰਤਨ ਐਵਾਰਡ ਦੇਣ ਨਾਲ ਇਸ ਐਵਾਰਡ ਦੀ ਸੋਭਾ ਹੋਰ ਵਧੇਗੀ। ਉਨ੍ਹਾਂ ਕਿਹਾ ਕਿ ਇਹ ਮਹਾਨ ਸ਼ਹੀਦ ਇਸ ਐਵਾਰਡ ਦੇ ਅਸਲ ਹੱਕਦਾਰ ਹਨ ਕਿਉਂਕਿ ਉਨ੍ਹਾਂ ਦੇਸ਼ ਨੂੰ ਵਿਦੇਸ਼ੀ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਵਾਉਣ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਇਹ ਐਵਾਰਡ ਦਿੱਤਾ ਜਾਵੇ।

ਭਗਵੰਤ ਮਾਨ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਕੌਮੀ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕਰਦਿਆਂ ਆਖਿਆ ਕਿ ਸੂਬਾ ਸਰਕਾਰ ਇਸ ਮਸਲੇ ਨੂੰ ਕੇਂਦਰ ਸਰਕਾਰ ਕੋਲ ਚੁੱਕੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਮੋਹਾਲੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਮ ਉਤੇ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਸਬੰਧੀ ਪਹਿਲਾਂ ਹੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਹਵਾਈ ਅੱਡਿਆਂ, ਯੂਨੀਵਰਸਿਟੀਆਂ ਤੇ ਹੋਰ ਸੰਸਥਾਵਾਂ ਦੇ ਨਾਂ ਇਨ੍ਹਾਂ ਸ਼ਹੀਦਾਂ ਦੇ ਨਾਮ ਉਤੇ ਰੱਖਣਾ ਸ਼ਹੀਦਾਂ ਦੀ ਵਿਰਾਸਤ ਨੂੰ ਲੰਮੇ ਸਮੇਂ ਤੱਕ ਕਾਇਮ ਰੱਖਣ ਲਈ ਕਾਫ਼ੀ ਅਹਿਮ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਲਵਾਰਾ ਹਵਾਈ ਅੱਡੇ ਦੇ ਸਿਵਲ ਏਅਰ ਟਰਮੀਨਲ ਦਾ ਨਿਰਮਾਣ ਕਾਰਜ ਜਲਦੀ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਤਕਰੀਬਨ 161 ਏਕੜ ਰਕਬੇ ਵਿੱਚ ਕਰੀਬ 50 ਕਰੋੜ ਰੁਪਏ ਦੀ ਲਾਗਤ ਨਾਲ ਇਸ ਕਾਰਜ ਨੂੰ ਮੁਕੰਮਲ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ ਨਾਲ ਪੰਜਾਬ ਦੀ ਏਅਰ ਕੁਨੈਕਟੀਵਿਟੀ ਹੋਰ ਮਜ਼ਬੂਤ ਹੋਵੇਗੀ ਅਤੇ ਇਸ ਨਾਲ ਸਮਾਂ ਤੇ ਪੈਸਾ ਬਚੇਗਾ ਤੇ ਯਾਤਰੀਆਂ ਦੀ ਖੱਜਲ-ਖੁਆਰੀ ਖ਼ਤਮ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸ਼ਹੀਦਾਂ ਵੱਲੋਂ ਦੇਖੇ ਸੁਪਨਿਆਂ ਮੁਤਾਬਕ ਸਮਾਜ ਦੇ ਹਰੇਕ ਵਰਗ ਦੀ ਭਲਾਈ ਤੇ ਪੰਜਾਬ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਵਚਨਬੱਧ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਸਿਵਲ ਏਅਰ ਟਰਮੀਨਲ ਨਾਲ ਸੂਬੇ ਖ਼ਾਸ ਕਰ ਕੇ ਲੁਧਿਆਣਾ ਜ਼ਿਲ੍ਹੇ ਦੀ ਆਰਥਿਕ ਤਰੱਕੀ ਨੂੰ ਵੱਡਾ ਹੁਲਾਰਾ ਮਿਲੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਜਿੱਥੇ ਤਰੱਕੀ ਦੇ ਨਵੇਂ ਰਾਹ ਖੁੱਲ੍ਹਣਗੇ, ਉਥੇ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

ਮੁੱਖ ਮੰਤਰੀ ਨੇ ਪਿੰਡ ਸਰਾਭਾ ਵਿਖੇ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ 'ਸਕੂਲ ਆਫ਼ ਐਮੀਨੈਂਸ' ਵਜੋਂ ਵਿਕਸਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸਹੀ ਮਾਅਨਿਆਂ ਵਿਚ ਇਸ ਨੌਜਵਾਨ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਜਿਸ ਨੇ ਜਵਾਨ ਉਮਰ ਵਿਚ ਆਪਣੀ ਮਾਤ ਭੂਮੀ ਦੀ ਖ਼ਾਤਰ ਜਾਨ ਨਿਛਾਵਰ ਕਰ ਦਿੱਤੀ। ਭਗਵੰਤ ਮਾਨ ਨੇ ਦੁਹਰਾਇਆ ਕਿ ਉਨ੍ਹਾਂ ਦੀ ਸਰਕਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰਨ ਤੌਰ ਉਤੇ ਵਚਨਬੱਧ ਹੈ, ਜਿਨ੍ਹਾਂ ਨੇ ਬਰਤਾਨਵੀ ਹਕੂਮਤ ਖ਼ਿਲਾਫ਼ ਲੜਦਿਆਂ ਵਤਨ ਦੀ ਆਜ਼ਾਦੀ ਲਈ ਮਹਾਨ ਕੁਰਬਾਨੀ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਕਿ ਨੌਜਵਾਨਾਂ ਦੀ ਬੇਮਿਸਾਲ ਊਰਜਾ ਨੂੰ ਸਾਕਾਰਾਤਮਕ ਪਾਸੇ ਲਾਇਆ ਜਾ ਸਕੇ। ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਇਸ ਦਿਸ਼ਾ ਵਿਚ ਸਾਰਥਕ ਉਪਰਾਲਾ ਹੈ ਅਤੇ ਇਹ ਖੇਡਾਂ ਵੀਰਵਾਰ ਨੂੰ ਲੁਧਿਆਣਾ ਵਿਖੇ ਖ਼ਤਮ ਹੋ ਰਹੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਖੇਡਾਂ ਨੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਾ ਮੁਜ਼ਾਹਰਾ ਕਰਨ ਲਈ ਢੁਕਵਾਂ ਮੰਚ ਪ੍ਰਦਾਨ ਕੀਤਾ ਹੈ। ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਇਨ੍ਹਾਂ ਖੇਡਾਂ ਦੇ ਸਮਾਪਤੀ ਸਮਾਰੋਹ ਵਿਚ ਲੋਕਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਹੀ ਇਹ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਕਿਉਂ ਜੋ ਸੂਬੇ ਦੀ ਤਰੱਕੀ ਵਿਚ ਖੇਡਾਂ ਅਹਿਮ ਭੂਮਿਕਾ ਅਦਾ ਕਰ ਸਕਦੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਉਭਰਦੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਅਜਿਹੀਆਂ ਗਤੀਵਿਧੀਆਂ ਉਲੀਕਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਦੇ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਅਤੇ ਭਾਰਤ ਲਈ ਉਲੰਪਿਕ ਮੈਡਲ ਜਿੱਤਣ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਜਾ ਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# 'ਆਪ' ਭਾਜਪਾ ਨੂੰ ਪੰਜਾਬ ਦੇ ਮਾਮਲਿਆਂ ਵਿਚ ਦਖਲ ਦੇਣ ਦਾ ਮੌਕਾ ਦੇ ਰਹੀ : ਰਾਜਾ ਵੜਿੰਗ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰ ਵਲੋਂ ਸੂਬੇ ਵਿੱਚ ਅਮਨ-ਕਾਨੂੰਨ ਦੇ ਮੁੱਦੇ 'ਤੇ ਸਵਾਲ ਉਠਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਚੁਟਕੀ ਲੈਂਦਿਆਂ ਕਿਹਾ ਹੈ ਕਿ ਅਜਿਹਾ ਕਰਕੇ ਇਹ (ਆਪ ਸਰਕਾਰ) ਭਾਜਪਾ ਨੂੰ ਪੰਜਾਬ ਦੇ ਮਾਮਲਿਆਂ ਵਿੱਚ ਦਖਲ ਦੇਣ ਦਾ ਮੌਕਾ ਦੇ ਰਹੀ ਹੈ।

ਇੱਥੇ ਜਾਰੀ ਇੱਕ ਬਿਆਨ ਵਿੱਚ, ਕੇਂਦਰੀ ਗ੍ਰਹਿ ਮੰਤਰੀ ਵੱਲੋਂ ਅਮਨ-ਕਾਨੂੰਨ ਦੇ ਮੁੱਦੇ 'ਤੇ ਸੂਬੇ ਨੂੰ ਲਿਖੇ ਪੱਤਰ ਦਾ ਹਵਾਲਾ ਦਿੰਦਿਆਂ, ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕੇਂਦਰ ਵੱਲੋਂ ਜਾਂਚ ਕਰਵਾਉਣੀ ਕਿਸੇ ਵੀ ਸੂਬੇ ਸਰਕਾਰ ਲਈ ਚੰਗੀ ਗੱਲ ਨਹੀਂ ਹੈ, ਖਾਸ ਕਰਕੇ ਕਾਨੂੰਨ ਵਿਵਸਥਾ ਦੇ ਮੁੱਦੇ ਤੇ, ਪਰ 'ਆਪ' ਸਰਕਾਰ ਨੇ (ਕੇਂਦਰ) ਨੂੰ ਇਹ ਮੌਕਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ, ਧਰਮ ਦੇ ਨਾਂ 'ਤੇ ਹੋ ਰਹੀਆਂ ਹੱਤਿਆਵਾਂ ਅਤੇ ਗੈਂਗਸਟਰ ਕਲਚਰ ਦੇ ਮੁੱਦੇ 'ਤੇ ਪੰਜਾਬ ਸਰਕਾਰ ਇੱਕ ਵਾਰ ਫਿਰ ਬੈਕਫੁੱਟ 'ਤੇ ਆ ਗਈ ਹੈ। ਇਹ ਇੱਕ ਅਜਿਹੀ ਸਰਕਾਰ ਦੀ ਕਾਰਗੁਜ਼ਾਰੀ ਦਾ ਜਵਾਬ ਹੈ, ਜੋ ਆਪਣੀਆਂ ਤਰਜੀਹਾਂ ਨੂੰ ਭੁੱਲ ਕੇ ਜ਼ੰਮਿੇਵਾਰੀ ਤੋਂ ਭੱਜ ਗਈ ਹੈ।



ਸੂਬਾ ਕਾਂਗਰਸ ਨੇ ਹਾਲਾਂਕਿ ਕਿਹਾ ਕਿ ਕੇਂਦਰ ਆਪਣੀ ਜ਼ੰਮਿੇਵਾਰੀ ਤੋਂ ਪਿੱਛੇ ਨਹੀਂ ਹਟ ਸਕਦਾ, ਜੋ ਅਸਲ ਵਿੱਚ ਸੁਰੱਖਿਆ ਉਪਕਰਨਾਂ ਅਤੇ ਏਜੰਸੀਆਂ ਨੂੰ ਕੰਟਰੋਲ ਕਰਦਾ ਹੈ। ਪਰ ਮੁੱਖ ਜ਼ੰਮਿੇਵਾਰੀ ਸੂਬਾ ਸਰਕਾਰ ਦੀ ਹੈ, ਕਿਉਂਕਿ ਕਾਨੂੰਨ ਵਿਵਸਥਾ ਸੂਬੇ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੂਜੇ ਸੂਬਿਆਂ 'ਚ ਰੁੱਝੀ ਹੋਈ ਹੈ, ਜਿਸ ਕਾਰਨ ਪੰਜਾਬ ਦੇ ਮਾਮਲੇ ਹੇਠਲੇ ਪੱਧਰ 'ਤੇ ਛੱਡ ਦਿਤੇ ਗਏ ਹਨ, ਜਿਸ ਨਾਲ ਕੇਂਦਰ ਨੂੰ ਸਵਾਲ ਕਰਨ ਦਾ ਮੌਕਾ ਮਿਲ ਗਿਆ ਅਤੇ ਇਹ ਸੂਬੇ ਲਈ ਠੀਕ ਨਹੀਂ ਹੈ।

ਵੜਿੰਗ ਨੇ ਕਿਹਾ ਕਿ ਜਦੋਂ ਕੇਂਦਰ ਸੂਬੇ ਦੇ ਮਾਮਲਿਆਂ ਵਿੱਚ ਹੱਦੋਂ ਵੱਧ ਦਖਲਅੰਦਾਜ਼ੀ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਇਹ ਨਾ ਤਾਂ ਪੰਜਾਬ ਅਤੇ ਨਾ ਹੀ ਦੇਸ਼ ਦੇ ਸੰਘੀ ਢਾਂਚੇ ਲਈ ਚੰਗਾ ਹੋਵੇਗਾ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇਰਾਦੇ ਬਿਲਕੁਲ ਸਪੱਸ਼ਟ ਹਨ ਅਤੇ 'ਆਪ' ਸਰਕਾਰ ਆਪਣੀ ਨਾਕਾਬਲਿਅਤ ਅਤੇ ਗਲਤ ਤਰਜੀਹਾਂ ਕਾਰਨ ਉਸਨੂੰ ਸਾਰੇ ਮੌਕੇ ਦੇ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਆਪਣੀਆਂ ਤਰਜੀਹਾਂ ਸਹੀ ਕਰਨ ਅਤੇ ਹੋਰਨਾਂ ਸੂਬਿਆਂ ਦੀ ਬਜਾਏ ਪੰਜਾਬ 'ਤੇ ਧਿਆਨ ਕੇਂਦਰਿਤ ਕਰਨ ਦੀ ਸਲਾਹ ਦਿੱਤੀ ਹੈ।

# ਭਗਵੰਤ ਮਾਨ ਸਰਕਾਰ ਵਲੋਂ ਲੋਕਾਂ ਦਾ ਪੈਸਾ ਲੋਕਾਂ ਦੇ ਵਿਕਾਸ ਕਾਰਜ਼ਾਂ ਲਈ ਯਕੀਨੀ ਬਣਾਉਣ ਲਈ ਵੱਡੀ ਪਹਿਲਕਦਮੀ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਭ੍ਰਿਸ਼ਟਾਚਾਰ ਮੁਕਤ ਪ੍ਰਸਾਸ਼ਨ ਮੁਹੱਈਆ ਕਰਵਾਉਣ ਅਤੇ ਮਿਆਰੀ ਵਿਕਾਸ ਕਾਰਜ਼ ਯਕੀਨੀ ਬਣਾਉਣ ਲਈ ਕਈ ਵੱਡੇ ਕ੍ਰਾਂਤੀਕਾਰੀ ਕਦਮ ਉਠਾਏ ਜਾ ਰਹੇ ਹਨ।ਅੱਜ ਇੱਥੇ ਇਸ ਸਬੰਧੀ ਸਖਤ ਫੈਸਲਾ ਲੈਂਦਿਆਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿਛਲੀ ਸਾਰਕਾਰ ਦੇ 5 ਸਾਲ ਦੌਰਾਨ ਕੀਤੇ ਵਿਕਾਸ ਕਾਰਜ਼ਾਂ ਦਾ ਨਰੀਖਣ ਅਤੇ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।ਮੰਤਰੀ ਨੇ ਕਿਹਾ ਕਿ ਪਿੰਡਾਂ ਨੂੰ ਗ੍ਰਾਂਟਾ ਦੇ ਰੂਪ ਵਿਚ ਦਿੱਤਾ ਜਾਂਦਾ ਪੈਸਾ ਲੋਕਾਂ ਦਾ ਪੈਸਾ ਹੈ ਜਿਸ ਦੀ ਲੁੱਟ ਖਸੁੱਟ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਿੰਡਾਂ ਵਿਚ ਵਿਕਾਸ ਕਾਰਜ਼ਾਂ ਸਬੰਧੀ ਪੇਂਡੂ ਵਿਕਾਸ ਵਿਭਾਗ ਕੋਲ ਨਿੱਤ ਦਿਨ ਲੋਕਾਂ ਵਲੋਂ ਪਿਛਲੀ ਸਰਕਾਰ ਸਮੇਂ ਖਾਸ ਕਰਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਦੇ ਹਲਕਿਆਂ ਤੋਂ ਇਲਾਵਾ ਕਈ ਸਾਬਕਾ ਮੰਤਰੀਆਂ ਦੇ ਹਲਕਿਆਂ ਵਿਚ ਵਿਕਾਸ ਕਾਰਜ਼ਾਂ ਵਿਚ ਗੜਬੜੀਆਂ ਨੂੰ ਲੈ ਕੇ ਕਈ ਵਾਰ ਸ਼ਿਕਾਇਤਾਂ ਕੀਤੀਆਂ ਗਈਆਂ ਹਨ।ਉਨ੍ਹਾਂ

ਵੱਲੋਂ ਪਿਛਲੇ ਦਿਨੀਂ ਵਿਭਾਗ ਦੀ ਕਾਰਜਪ੍ਰਣਾਲੀ ਦੀ ਸਮੀਖਿਆ ਕਰਦੇ ਹੋਏ ਮੀਟਿੰਗ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਜਦੋਂ ਇਹ ਮੁੱਦਾ ਵਿਚਾਰਿਆ ਗਿਆ ਤਾਂ ਅਧਿਕਾਰੀਆਂ ਵਲੋਂ ਸੁਝਾਅ ਦਿੱਤਾ ਗਿਆ ਸੀ ਕਿ ਵਿਕਾਸ ਕਾਰਜ਼ਾਂ ਦਾ ਨਿਰੀਖਣ ਅਤੇ ਹੋ ਕੰਮਾਂ ਦੀ ਫਿਜੀਕਲ ਵੈਰੀਫਿਕੇਸ਼ਨ ਕਰਵਾਈ ਜਾਵੇ(

ਕੁਲਦੀਪ ਧਾਲੀਵਾਲ ਨੇ ਦੱਸਿਆ ਕਿ ਵਿਭਾਗ ਵਲੋਂ ਪਹਿਲੇ ਗੇੜ ਵਿਚ ਫੈਸਲਾ ਲਿਆ ਗਿਆ ਕਿ ਸੂਬੇ ਦੇ ਪ੍ਰਮੁੱਖ 46 ਬਲਾਕਾਂ ਵਿਚ ਵਿਕਾਸ ਕਾਰਜ਼ਾਂ ਦੇ ਫਿਜੀਕਲ ਨਿਰੀਖਣ ਦਾ ਕੰਮ ਕੀਤਾ ਜਾਵੇ, ਵਿਭਾਗ ਵੱਲੋਂ ਇਸ ਨਰੀਖਣ ਲਈ 17 ਉਪ ਮੁੱਖ ਕਾਰਜਕਾਰੀ ਅਫਸਰਾਂ ਨੂੰ ਹੁਕਮ ਜਾਰੀ ਕਰਕੇ ਗ੍ਰਾਮ ਪੰਚਾਇਤ ਵਾਰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਵਿਭਾਗ ਨੂੰ ਰਿਪੋਰਟ ਸੌਂਪਣ ਦੇ ਆਦੇਸ਼ ਦਿੱਤੇ ਹਨ ਤਾਂ ਜੋ ਗੜਬੜੀ ਕਰਨ ਵਾਲ਼ਿਆਂ ਖਿਲਾਫ ਯੋਗ ਕਾਰਵਾਈ ਕੀਤੀ ਜਾ ਸਕੇ।



ਪੇਂਡੂ ਵਿਕਾਸ ਮੰਤਰੀ ਵੱਲੋਂ ਮੀਟਿੰਗ ਦੌਰਾਨ ਇਹ ਦੱਸਿਆ ਗਿਆ ਕਿ ਲੋਕ ਮੰਗ ਕਰਦੇ ਹਨ ਕਿ ਜੇਕਰ ਉਹ ਸ਼ਿਕਾਇਤ ਕਰਦੇ ਹਨ ਤਾਂ ਅਧਿਕਾਰੀਆਂ ਵੱਲੋਂ ਨਿਰਪੱਖ ਜਾਂਚ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਨਿਆਂ ਨਹੀਂ ਮਿਲਦਾ । ਇਸ ਲਈ ਉਨ੍ਹਾਂ ਵਲੋਂ ਇਸ ਮਾਮਲੇ ਵਿਚ ਦੂਸਰੇ ਜ਼ਿਲ੍ਹਿਆਂ ਤੋਂ ਅਧਿਕਾਰੀ ਲਗਾਏ ਗਏ ਹਨ ਤਾਂ ਜੋ ਸਹੀ ਤਸਵੀਰ ਉਭਰ ਕੇ ਸਾਹਮਣੇ ਆ ਸਕੇ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ ਜਾਰੀ ਕੀਤੇ ਗਏ ਆਦੇਸ਼ਾਂ ਮੁਤਾਬਕ ਰਣਜੀਤ ਸਿੰਘ (ਡਿਪਟੀ ਸੀ.ਈ.ਓ.) ਐਸ.ਏ.ਐਸ. ਨਗਰ ਨੂੰ ਪਟਿਆਲਾ ਜ਼ਿਲ੍ਹੇ ਦੇ ਬਲਾਕ ਪਟਿਆਲਾ, ਨਾਭਾ ਅਤੇ ਪਟਿਆਲਾ ਦਿਹਾਤੀ, ਵਨੀਤ ਕੁਮਾਰ ਸ਼ਰਮਾ (ਡਿਪਟੀ ਸੀ.ਈ.ਓ.) ਪਟਿਆਲਾ ਨੂੰ ਰੂਪਨਗਰ ਜ਼ਿਲ੍ਹੇ ਦੇ ਬਲਾਕ ਮੋਰਿੰਡਾ, ਰੂਪਨਗਰ ਅਤੇ ਚਮਕੌਰ ਸਾਹਿਬ, ਪਰਮਜੀਤ ਸਿੰਘ (ਡਿਪਟੀ ਸੀ.ਈ.ਓ.) ਸੰਗਰੂਰ ਨੂੰ ਸ੍ਰੀ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਬਲਾਕ ਅਮਲੋਹ, ਸ਼ਵਿੰਦਰ ਸਿੰਘ (ਡਿਪਟੀ ਸੀ.ਈ.ਓ.) ਬਰਨਾਲਾ ਨੂੰ ਮਾਲੇਰਕੋਟਲਾ ਜ਼ਿਲ੍ਹੇ ਦੇ ਬਲਾਕ ਮਾਲੇਰਕੋਟਲਾ 1 ਅਤੇ ਅਹਿਮਦਗੜ੍ਹ, ਨੀਰਜ ਕੁਮਾਰ (ਡੀ.ਡੀ.ਪੀ.ਓ. ਚਾਰਜ ਡਿਪਟੀ ਸੀ.ਈ.ਓ.) ਹੁਸ਼ਿਆਰਪੁਰ ਨੂੰ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਬਲਾਕ ਖਰੜ ਅਤੇ ਮਾਜਰੀ, ਰਿੰਪੀ ਗਰਗ (ਡਿਪਟੀ ਸੀ.ਈ.ਓ.) ਮਾਲੇਰਕੋਟਲਾ ਨੂੰ ਸੰਗਰੂਰ ਜ਼ਿਲ੍ਹੇ ਦੇ ਬਲਾਕ ਭਵਾਨੀਗੜ੍ਹ ਅਤੇ ਸੰਗਰੂਰ, ਸੰਜੀਵ ਕੁਮਾਰ (ਡਿਪਟੀ ਸੀ.ਈ.ਓ.) ਫ਼ਿਰੋਜਪੁਰ ਨੂੰ ਲੁਧਿਆਣਾ ਜ਼ਿਲ੍ਹੇ ਦੇ ਬਲਾਕ ਖੰਨਾ, ਲੁਧਿਆਣਾ 1 ਅਤੇ ਲੁਧਿਆਣਾ 2, ਧਰਮਪਾਲ ਸਿੰਘ (ਡੀ.ਡੀ.ਪੀ.ਓ. ਚਾਰਜ ਡਿਪਟੀ ਸੀ.ਈ.ਓ.) ਫ਼ਰੀਦਕੋਟ ਨੂੰ ਕਪੂਰਥਲਾ ਜ਼ਿਲ੍ਹੇ ਦੇ ਬਲਾਕ ਢਿੱਲਵਾਂ ਅਤੇ ਕਪੂਰਥਲਾ, ਸੁਖਬੀਰ ਕਚੌਰ (ਡਿਪਟੀ ਸੀ.ਈ.ਓ.) ਜਲੰਧਰ ਨੂੰ ਜਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਭੂੰਗਾ, ਦਸੂਹਾ, ਟਾਂਡਾ, ਹੁਸ਼ਿਆਰਪੁਰ 1 ਅਤੇ ਹੁਸ਼ਿਆਰਪੁਰ 2, ਬੁੱਧ ਰਾਜ ਸਿੰਘ (ਡਿਪਟੀ ਸੀ.ਈ.ਓ.) ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਲੰਧਰ ਜ਼ਿਲ੍ਹੇ ਦੇ ਬਲਾਕ ਜਲੰਧਰ ਪੂਰਬੀ ਅਤੇ ਰੁੜਕਾ ਕਲਾਂ, ਪਰਮਪਾਲ ਸਿੰਘ (ਡੀ.ਡੀ.ਪੀ.ਓ. ਚਾਰਜ ਡਿਪਟੀ ਸੀ.ਈ.ਓ.) ਮਾਨਸਾ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਬਟਾਲਾ, ਫ਼ਤਿਹਗੜ੍ਹ ਚੂੜੀਆਂ ਅਤੇ ਦੀਨਾਨਗਰ, ਗੁਰਦਰਸ਼ਨ ਲਾਲ ਕੁੰਡਲ (ਬੀ.ਡੀ.ਪੀ.ਓ. ਚਾਰਜ ਡਿਪਟੀ ਸੀ.ਈ.ਓ.) ਪਠਾਨਕੋਟ ਨੂੰ ਗੁਰਦਾ-ਸਪੁਰ ਜ਼ਿਲ੍ਹੇ ਦੇ ਬਲਾਕ ਦੋਰਾਂਗਲ, ਗੁਰਦਾਸਪੁਰ ਅਤੇ ਕਾਹਨੂੰਵਾਨ, ਦਵਿੰ-ਦਰ ਕੁਮਾਰ (ਡਿਪਟੀ ਸੀ.ਈ.ਓ.) ਰੂਪਨਗਰ ਨੂੰ ਜਿਲ੍ਹਾ ਗੁਰਦਾਸਪੁਰ ਦੇ ਬਲਾਕ ਡੇਰਾ ਬਾਬਾ ਨਾਨਕ, ਧਾਰੀਵਾਲ ਅਤੇ ਕਲਾਨੌਰ, ਗੁਰਪ੍ਰਤਾਪ ਸਿੰਘ (ਡਿਪਟੀ ਸੀ.ਈ.ਓ.)ਕਪੂਰਥਲਾ ਨੂੰ ਜਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਲਾਕ ਵੇਰਕਾ, ਚੋਗਾਵਾਂ ਅਤੇ ਹਰਸ਼ਾ ਛੀਨਾ, ਮਨਮੋਹਨ ਸਿੰਘ (ਡਿਪਟੀ ਸੀ.ਈ.ਓ.) ਗੁਰਦਾਸਪੁਰ ਨੂੰ ਜਿਲ੍ਹਾ ਫ਼ਿਰੋਜਪੁਰ ਦੇ ਬਲਾਕ ਗੁਰੂ ਹਰਸਹਾਏ, ਮਮਦੋਟ ਅਤੇ ਫ਼ਿਰੋਜਪੁਰ, ਨਵਨੀਤ ਜੋਸ਼ੀ (ਡੀ.ਡੀ.ਪੀ.ਓ. ਭ ਚਾਰਜ ਡਿਪਟੀ ਸੀ.ਈ.ਓ.) ਪਟਿਆਲਾ ਨੂੰ ਬਠਿੰਡਾ ਜ਼ਿਲ੍ਹੇ ਦੇ ਬਲਾਕ ਭਗਤਾ ਭਾਈਕਾ, ਰਾਮਪੁਰਾ ਫੂਲ ਅਤੇ ਬਠਿੰਡਾ, ਹਰਮੇਲ ਸਿੰਘ (ਡਿਪਟੀ ਸੀ.ਈ.ਓ.) ਬਠਿੰਡਾ ਨੂੰ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਲਾਕ ਗਿੱਦੜਬਾਹਾ, ਮਲੋਟ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਨਰੀਖਣ ਦਾ ਜਿੰਮਾਂ ਸੌਂਪਿਆ ਗਿਆ ਹੈ।

# ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਮਹਿਲਾ ਉੱਦਮੀਆਂ ਨੂੰ ਖੇਤੀਬਾੜੀ ਖੇਤਰ ਨਾਲ ਜੁੜਨਾ ਚਾਹੀਦਾ ਹੈ : ਧਾਲੀਵਾਲ

## *ਪੀ. ਐਚ ਡੀ. ਚੈਬਰ ਵਿਚ ਜੀ. ਟੀ. ਭਾਰਤ ਨੇ ਕੀਤਾ ਰੂਰਲ ਲਾਈਵਲੀਹੁੱਡ ਸੰਮੇਲਨ ਦਾ ਆਯੋਜਨ *ਸੇਲਫ ਹੈਲਪ ਗਰੁੱਪਾਂ ਨੂੰ ਮਜਬੂਤ ਕਰ ਰਹੀ ਹੈ ਪੰਜਾਬ ਸਰਕਾਰ *ਬਠਿੰਡਾ, ਮੋਗਾ, ਬਰਨਾਲਾ ਅਤੇ ਰੂਪਨਗਰ ਦੇ ਮਹਿਲਾ ਸਮੂਹਾਂ ਨੇ ਲਿਆ ਭਾਗ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮਹਿਲਾ ਉੱਦਮੀਆਂ ਨੂੰ ਖੇਤੀ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇੱਕ ਮਹਿਲਾ ਉੱਦਮੀ ਨੂੰ ਘੱਟੋ-ਘੱਟ ਦਸ ਔਰਤਾਂ ਨੂੰ ਆਪਣੇ ਨਾਲ ਜੋੜ ਕੇ ਆਤਮ ਨਿਰਭਰ ਬਣਾਉਣ ਦਾ ਪ੍ਰਣ ਲੈਣਾ ਚਾਹੀਦਾ ਹੈ।



ਧਾਲੀਵਾਲ ਜੀਟੀ ਇੰਡੀਆ ਅਤੇ ਪੀਐਚਡੀ ਚੈਂਬਰ ਵੱਲੋਂ ਪੀਐਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਕੰਪਲੈਕਸ, ਚੰਡੀਗੜ੍ਹ ਵਿਖੇ ਬੁੱਧਵਾਰ ਨੂੰ ਆਯੋਜਿਤ ਰੂਰਲ ਲਾਈਵਲੀਹੁੱਡ ਸੰਮੇਲਨ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਬਠਿੰਡਾ, ਮੋਗਾ, ਬਰਨਾਲਾ ਅਤੇ ਰੂਪਨਗਰ ਜ਼ਿਲ੍ਹਿਆਂ ਦੀਆਂ ਔਰਤਾਂ ਦੇ ਸਵੈ-ਸਹਾਇਤਾ ਸਮੂਹਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਨ ਵੱਲ ਵਧ ਰਿਹਾ ਹੈ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਦੇ ਖੇਤਰ 'ਚ ਜੋ ਰੁਕਾਵਟਾਂ ਆਈਆਂ ਸਨ, ਉਨ੍ਹਾਂ ਨੂੰ ਦੂਰ ਕੀਤਾ ਜਾ ਰਿਹਾ ਹੈ। ਧਾਲੀਵਾਲ ਨੇ ਦੇਸ਼ ਦੀ ਤਰੱਕੀ ਵਿੱਚ ਮਹਿਲਾ ਉੱਦਮੀਆਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਦੇ ਕਾਰਜ ਸਥਾਨਾਂ ਵਿੱਚ ਔਰਤਾਂ ਦੀ 50 ਫੀਸਦੀ ਹਿੱਸੇਦਾਰੀ ਹੈ। ਜੇਕਰ ਔਰਤਾਂ ਨੂੰ ਮਜ਼ਬੂਤ ਬਣਾਇਆ ਜਾਵੇ ਤਾਂ ਇਹ ਸੂਬਾ ਆਰਥਿਕ ਅਤੇ ਸਮਾਜਿਕ ਤੌਰ 'ਤੇ ਮਜ਼ਬੂਤ ਹੋਵੇਗਾ।

ਇਸ ਮੌਕੇ ਪੰਜਾਬ ਖੇਤੀਬਾੜੀ ਵਿਭਾਗ ਦੇ ਸਕੱਤਰ ਆਈ.ਏ.ਐਸ. ਬਿੰਦ ਨੇ ਕਿਹਾ ਕਿ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਪੰਜਾਬ ਵਿੱਚ ਚੱਲ ਰਹੇ ਸਵੈ-ਸਹਾਇਤਾ ਗਰੁੱਪਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਗ੍ਰਾਂਟ ਥਾਰਨਟਨ ਇੰਡੀਆ ਦੇ ਸੀਨੀਅਰ ਪਾਰਟਨਰ ਪ੍ਰੋ. ਵੀ. ਪਦਮਾਨੰਦ ਨੇ ਕਿਹਾ ਕਿ ਜੀਟੀ ਇੰਡੀਆ ਐਲਐਲਪੀ ਦੀ ਇਸ ਪਹਿਲਕਦਮੀ ਦਾ ਮੁੱਖ ਫੋਕਸ ਆਜੀਵਿਕਾ, ਕਾਰੀਗਰਾਂ ਅਤੇ ਸਵੈ-ਸਹਾਇਤਾ ਸਮੂਹਾਂ ਦਾ ਵਿਕਾਸ ਅਤੇ ਪੇਂਡੂ ਮਹਿਲਾ ਉੱਦਮੀਆਂ ਦੀ ਆਮਦਨ ਵਧਾਉਣਾ ਹੈ।

ਇਸ ਮੌਕੇ ਬੋਲਦਿਆਂ ਆਈਏਐਸ ਡੀਪੀਐਸ ਖਰਬੰਦਾ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ ਸਰਕਾਰ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਨੌਜਵਾਨਾਂ ਨੂੰ ਸਵੈ-ਉਦਮਸ਼ੀਲਤਾ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਨੌਕਰੀ ਲੈਣ ਵਾਲਿਆਂ ਦੀ ਬਜਾਏ ਰੁਜ਼ਗਾਰ ਸਿਰਜਣ ਵਾਲੇ ਬਣਨ ਲਈ ਸਵੈ-ਨਿਰਭਰ ਹੋਣਾ ਚਾਹੀਦਾ ਹੈ।

ਅਮਿਤ ਕੁਮਾਰ, ਆਈ.ਏ.ਐਸ., ਸੰਯੁਕਤ ਵਿਕਾਸ ਕਮਿਸ਼ਨਰ, ਏਕੀਕ੍ਰਿਤ ਵਿਕਾਸ ਸਰਕਾਰ, ਪੰਜਾਬ ਨੇ ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਣ ਵਿੱਚ ਉਨ੍ਹਾਂ ਦੀ ਭੂਮਿਕਾ ਲਈ ਪਰਿਵਾਰ ਵਿੱਚ ਔਰਤਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਪੇਂਡੂ ਵਿਕਾਸ ਵਿਭਾਗ ਸਵੈ-ਸਹਾਇਤਾ ਸਮੂਹਾਂ ਅਤੇ ਮਹਿਲਾ ਉੱਦਮੀਆਂ ਦੇ ਹੁਨਰ ਵਿਕਾਸ ਲਈ ਲਗਾਤਾਰ ਕਦਮ ਚੁੱਕ ਰਿਹਾ ਹੈ।

# ਨਸ਼ਿਆਂ ਵਿਰੁੱਧ ਜੰਗ: ਪੰਜਾਬ ਪੁਲਿਸ ਨੇ 800 ਕਰੋੜ ਰੁਪਏ ਦੀ ਕੀਮਤ ਵਾਲੀ 151 ਕਿਲੋ ਹੈਰੋਇਨ ਅਤੇ 11 ਕੁਇੰਟਲ ਭੁੱਕੀ ਕੀਤੀ ਨਸ਼ਟ





ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਪੁਲਿਸ ਨੇ ਬੀਤੇ ਦਿਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ 800 ਕਰੋੜ ਰੁਪਏ ਤੋਂ ਵੱਧ ਕੀਮਤ ਵਾਲੀ 151 ਕਿਲੋਗ੍ਰਾਮ ਹੈਰੋਇਨ ਅਤੇ 11 ਕੁਇੰਟਲ ਭੁੱਕੀ ਨੂੰ ਅੰਮ੍ਰਿਤਸਰ ਵਿਖੇ ਭੱਠੀ ਵਿੱਚ ਸਾੜ ਕੇ ਨਸ਼ਟ ਕਰ ਦਿੱਤਾ ਹੈ। ਆਈਜੀਪੀ ਕਾਊਂਟਰ ਇੰਟੈਲੀਜੈਂਸ ਰਾਕੇਸ਼ ਅਗਰਵਾਲ ਦੀ ਪ੍ਰਧਾਨਗੀ ਹੇਠ ਨਸ਼ੀਲੇ ਪਦਾਰਥਾਂ ਸਬੰਧੀ ਹਾਈ ਲੈਵਲ

### ਹਾਈ ਲੈਵਲ ਡਰੱਗ ਡਿਸਪੋਜ਼ਲ ਕਮੇਟੀ ਨੇ ਅੰਮ੍ਰਿਤਸਰ ਵਿੱਚ ਨਸ਼ੀਲੇ ਪਦਾਰਥ ਕੀਤੇ ਨਸ਼ਟ

ਡਰੱਗ ਡਿਸਪੋਜ਼ਲ ਕਮੇਟੀ ਵੱਲੋਂ ਇਹਨਾਂ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ ਗਿਆ। ਇਸ ਮੌਕੇ ਹਾਈ ਲੈਵਲ ਡਰੱਗ ਡਿਸਪੋਜ਼ਲ ਕਮੇਟੀ ਦੇ ਮੈਂਬਰ ਏਆਈਜੀ ਐਸਐਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ, ਏਆਈਜੀ ਐਸਐਸਓਸੀ ਫਾਜ਼ਿਲਕਾ ਲਖਬੀਰ ਸਿੰਘ, ਏਆਈਜੀ ਸੀਆਈ ਅੰਮ੍ਰਿਤਸਰ ਅਮਰਜੀਤ ਸਿੰਘ ਬਾਜਵਾ ਅਤੇ ਡੀਐਸਪੀ ਐਸਐਸਓਸੀ ਹਰਵਿੰਦਰਪਾਲ ਸਿੰਘ ਮੌਜੂਦ ਸਨ।

ਪੰਜਾਬ ਪੁਲਿਸ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਐਸ.ਐਸ.ਓ.ਸੀ., ਅੰਮ੍ਰਿਤਸਰ ਅਤੇ ਫਾਜ਼ਿਲਕਾ ਵਿਖੇ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ, 1985 ਤਹਿਤ ਦਰਜ ਕੀਤੇ ਕੇਸਾਂ ਸਬੰਧੀ ਨਸ਼ੀਲੇ ਪਦਾਰਥਾਂ ਨੂੰ ਬੀਤੇ ਦਿਨ ਖੰਨਾ ਪੇਪਰ ਮਿੱਲ ਅੰਮ੍ਰਿਤਸਰ ਵਿਖੇ ਨਸ਼ਟ ਕਰ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਰੇਂਜ ਲੈਵਲ ਡਰੱਗ ਡਿਸਪੋਜ਼ਲ ਕਮੇਟੀ ਵੱਲੋਂ 40.5 ਕਿਲੋਗ੍ਰਾਮ ਅਫੀਮ ਸਬੰਧੀ ਡਿਸਪੋਜ਼ਲ ਸਰਟੀਫਿਕੇਟ ਗਵਰਨਮੈਂਟ ਓਪੀਅਮ ਐਂਡ ਅਲਕਾਲਾਇਡ ਵਰਕਸ, ਨੀਮਚ (ਐਮ.ਪੀ.) ਵਿੱਚ ਜਮ੍ਹਾ ਕਰਵਾਉਣ ਲਈ ਜਾਰੀ ਕੀਤਾ ਗਿਆ।

# ਸਾਬਕਾ ਸੈਨਿਕਾਂ ਨੇ ਪੰਜਾਬ ਸਰਕਾਰ ਦਾ ਫੁੱਕਿਆ ਪੁਤਲਾ

ਸ੍ਰੀ ਮੁਕਤਸਰ ਸਾਹਿਬ, 17 ਨਵੰਬਰ (ਪੋਸਟ ਬਿਊਰੋ): ਸ੍ਰੀ ਮੁਕਤਸਰ ਸਾਹਿਬ ਜੀ.ਓ.ਜੀ. (ਗਾਰਡਨ ਆਫ ਗਵਰਨਰ) ਦੇ ਬੈਨਰ ਹੇਠ ਸਾਬਕਾ ਸੈਨਿਕਾਂ ਨੇ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸ਼ਨ ਤੋਂ ਪਹਿਲਾਂ ਸਾਬਕਾ ਸੈਨਿਕਾਂ ਨੇ ਸ਼ਹਿਰ ਵਿਚ ਰੋਸ ਮਾਰਚ ਕੱਢਿਆ। ਜਿਸ ਮਗਰੋਂ ਕੋਟਕਪੂਰਾ ਚੌਕ ਵਿਖੇ ਪਹੁੰਚ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਦਿਆਂ ਜੰਮ ਕੇ ਨਾਅਰੇਬਾਜੀ ਕਰਦਿਆਂ ਆਪਣੀ ਭੜਾਸ ਕੱਢੀ।

ਇਸ ਦੌਰਾਨ ਵੱਡੀ ਗਿਣਤੀ ਵਿਚ ਸਾਬਕਾ ਸੈਨਿਕ ਪ੍ਰਦਰਸ਼ਨ ਵਿਚ ਸ਼ਾਮਲ ਹੋਏ। ਪ੍ਰਦਰਸ਼ਨ ਦੌਰਾਨ ਸਾਬਕਾ ਸੈਨਿਕਾਂ ਵੱਲੋਂ ਪੰਜਾਬ ਸਰਕਾਰ ਤੋਂ ਜੀ.ਓ.ਜੀ. ਸਕੀਮ ਬਹਾਲ ਕਰਨ ਦੀ ਮੰਗ ਕੀਤੀ ਗਈ ਹੈ। ਸਾਬਕਾ ਸੈਨਿਕ ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੰਦਿਆਂ ਆਖਿਆ ਕਿ 27 ਨਵੰਬਰ ਨੂੰ ਸੰਘਰਸ਼ ਵਜੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸੰਗਰੂਰ ਰਿਹਾਇਸ਼ ਸਾਹਮਣੇ ਭੁੱਖ ਹੜਤਾਲ ਕੀਤੀ ਜਾਵੇਗੀ ਅਤੇ ਜਦੋਂ ਤੱਕ ਮੰਗਾਂ ਮੰਨੀਆਂ ਨਹੀਂ ਜਾਂਦੀਆਂ ਸੰਘਰਸ਼ ਜਾਰੀ ਰਹੇਗਾ।



# 'ਖੇਡਾਂ ਵਤਨ ਪੰਜਾਬ ਦੀਆਂ' ਸਮਾਪਤ, ਮੁੱਖ ਮੰਤਰੀ ਨੇ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਹਲਫ਼ ਲਿਆ

*** ਸੂਬੇ ਵਿੱਚ ਹਰੇਕ ਸਾਲ ਖੇਡਾਂ ਕਰਵਾਉਣ ਦਾ ਕੀਤਾ ਐਲਾਨ *9961 ਤਗਮਾ ਜੇਤੂ ਖਿਡਾਰੀਆਂ ਦੇ ਬੈਂਕ ਖਾਤਿਆਂ ਵਿੱਚ ਇਨਾਮੀ ਰਾਸ਼ੀ ਵਜੋਂ 6.85 ਕਰੋੜ ਰੁਪਏ ਡਿਜ਼ੀਟਲ ਵਿਧੀ ਰਾਹੀਂ ਕੀਤੇ ਤਬਦੀਲ**

ਲੁਧਿਆਣਾ, 17 ਨਵੰਬਰ (ਪੋਸਟ ਬਿਊਰੋ): ਅਗਲੇ ਸਾਲ ਮੁੜ ਮਿਲਣ ਦੇ ਵਾਅਦੇ ਨਾਲ ਲਗਪਗ ਤਿੰਨ ਮਹੀਨਿਆਂ ਤੱਕ ਚੱਲਿਆ ਖੇਡ ਮੇਲਾ 'ਖੇਡਾਂ ਵਤਨ ਪੰਜਾਬ ਦੀਆਂ' ਵੀਰਵਾਰ ਨੂੰ ਇੱਥੇ ਗੁਰੂ ਨਾਨਕ ਸਟੇਡੀਅਮ ਵਿਖੇ ਰੰਗਾਰੰਗ ਪ੍ਰੋਗਰਾਮ ਨਾਲ ਸਮਾਪਤ ਹੋ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਅਹਿਦ ਲਿਆ।




ਇਨ੍ਹਾਂ ਖੇਡਾਂ ਦੌਰਾਨ ਰਾਜ ਪੱਧਰ 'ਤੇ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤਣ ਵਾਲੇ 9961 ਖਿਡਾਰੀਆਂ ਦੇ ਬੈਂਕ ਖਾਤਿਆਂ ਵਿੱਚ 6.85 ਕਰੋੜ ਰੁਪਏ ਦੀ ਰਾਸ਼ੀ ਡਿਜ਼ੀਟਲ ਤੌਰ 'ਤੇ ਤਬਦੀਲ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਸਾਰੇ ਖਿਡਾਰੀਆਂ ਨੂੰ ਇਨ੍ਹਾਂ ਖੇਡਾਂ ਦੀ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਸੋਨਾ ਦਾ ਤਮਗਾ ਜਿੱਤਣ ਵਾਲੇ ਦੇ ਖਾਤੇ ਵਿੱਚ 10 ਹਜ਼ਾਰ ਰੁਪਏ, ਚਾਂਦੀ ਦਾ ਤਮਗਾ ਜਿੱਤਣ ਵਾਲੇ ਦੇ ਖਾਤੇ ਵਿੱਚ ਸੱਤ ਹਜ਼ਾਰ ਰੁਪਏ ਅਤੇ ਕਾਂਸੀ ਤਮਗਾ ਜੇਤੂ ਦੇ ਖਾਤੇ ਵਿੱਚ ਪੰਜ ਹਜ਼ਾਰ ਰੁਪਏ ਤਬਦੀਲ ਕੀਤੇ ਗਏ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਕੋਨੇ-ਕੋਨੇ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਇਹ ਖੇਡਾਂ ਹਰ ਸਾਲ ਕਰਵਾਈਆਂ ਜਾਣਗੀਆਂ।

ਮੁੱਖ ਮੰਤਰੀ ਨੇ ਰਾਜ ਪੱਧਰੀ ਖੇਡਾਂ ਵਿੱਚ ਕ੍ਰਮਵਾਰ 202, 133 ਅਤੇ 123 ਸੋਨ ਤਗਮੇ ਜਿੱਤ ਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀਆਂ ਪਟਿਆਲਾ, ਲੁਧਿਆਣਾ ਅਤੇ ਐਸ.ਏ.ਐਸ. ਨਗਰ ਦੀਆਂ ਟੀਮਾਂ ਦਾ ਸਨਮਾਨ ਕੀਤਾ। ਉਨ੍ਹਾਂ ਅੰਮ੍ਰਿਤਸਰ, ਬਰਨਾਲਾ, ਫ਼ਰੀਦਕੋਟ, ਜਲੰਧਰ, ਲੁਧਿਆਣਾ, ਪਟਿਆਲਾ, ਰੂਪਨਗਰ, ਐਸ.ਏ.ਐਸ. ਨਗਰ ਅਤੇ ਸੰਗਰੂਰ ਸਮੇਤ ਨੌਂ ਜ਼ਿਲ੍ਹਿਆਂ ਨੂੰ ਉਨ੍ਹਾਂ ਦੇ ਜ਼ਿਲ੍ਹਿਆਂ ਵਿੱਚ ਵਧੀਆ ਢੰਗ ਨਾਲ ਰਾਜ ਪੱਧਰੀ ਖੇਡਾਂ ਦਾ ਪ੍ਰਬੰਧ ਕਰਨ ਲਈ ਵੀ ਸਨਮਾਨਿਤ ਕੀਤਾ।

ਭਗਵੰਤ ਮਾਨ ਨੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਵੀ ਇਨ੍ਹਾਂ ਖੇਡਾਂ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਧਾਈ ਦਿੱਤੀ।

ਲਗਭਗ ਤਿੰਨ ਮਹੀਨਿਆਂ ਤੱਕ ਚੱਲੇ ਇਸ ਸ਼ਾਨਦਾਰ ਖੇਡ ਮੇਲੇ ਦੀ ਸਮਾਪਤੀ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਛੇ ਉਮਰ ਵਰਗਾਂ ਦੇ ਤਿੰਨ ਲੱਖ ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਨੇ 28 ਖੇਡ ਵੰਨਗੀਆਂ ਵਿੱਚ ਬਲਾਕ ਤੋਂ ਲੈ ਕੇ ਰਾਜ ਪੱਧਰ ਤੱਕ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਭਗਵੰਤ ਮਾਨ ਨੇ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਲਾਮਿਸਾਲ ਪ੍ਰਾਪਤੀਆਂ ਵਾਲੇ ਖਿਡਾਰੀਆਂ ਦੀ ਭਰਤੀ ਨੂੰ ਪਹਿਲ ਦੇਵੇਗੀ।

ਖੇਡਾਂ ਵਿੱਚ ਤਮਗੇ ਜਿੱਤਣ ਵਾਲੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਆਪਣੀ ਜਿੱਤ 'ਤੇ ਘੁਮੰਡ ਨਾ ਕਰਨ, ਸਗੋਂ ਨਿਮਰਤਾ ਨਾਲ ਕੰਮ ਕਰਨ ਅਤੇ ਹੋਰ ਸਫ਼ਲਤਾ ਲਈ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਨੂੰ ਸੂਬੇ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਨੌਜਵਾਨਾਂ ਨੇ ਖੇਡਾਂ ਵਿੱਚ ਭਾਰੀ ਉਤਸ਼ਾਹ ਨਾਲ ਭਾਗ ਲਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਕੁਝ ਥਾਈਂ ਇਕ ਪਰਿਵਾਰ ਦੀਆਂ ਤਿੰਨ-ਤਿੰਨ ਪੀੜ੍ਹੀਆਂ ਨੇ ਵੀ ਇਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਖ਼ੁਦ ਖੇਡ ਪ੍ਰੇਮੀ ਹਨ, ਜਿਸ ਕਾਰਨ ਉਹ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਰਾਸ਼ਟਰਮੰਡਲ ਖੇਡਾਂ ਤੋਂ ਵਾਪਸ ਆਉਂਦੇ ਹੀ ਪੰਜਾਬ ਦੇ ਜੇਤੂ ਖਿਡਾਰੀਆਂ ਦਾ ਸਨਮਾਨ ਕੀਤਾ। ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਉਹ ਦਿਨ ਦੂਰ ਨਹੀਂ, ਜਦੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹਰ ਖੇਡ ਵਿੱਚ ਪਹਿਲੇ ਤਿੰਨ ਨੰਬਰ ਪੰਜਾਬੀ ਖਿਡਾਰੀਆਂ ਦੇ ਹਿੱਸੇ ਆਉਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਕ ਮਿਸਾਲੀ ਪਹਿਲਕਦਮੀ ਕਰਦਿਆਂ ਸ਼ਹੀਦ ਭਗਤ ਸਿੰਘ ਯੁਵਾ ਪੁਰਸਕਾਰ ਮੁੜ ਸ਼ੁਰੂ ਕੀਤਾ ਹੈ, ਜੋ ਹਰ ਸਾਲ 46 ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਲਈ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਰਸਕਾਰ ਜੇਤੂਆਂ ਨੂੰ ਪ੍ਰਸੰਸਾ ਪੱਤਰ ਸਮੇਤ 51 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦਿੱਤੀ ਜਾਵੇਗੀ। ਭਗਵੰਤ ਮਾਨ ਨੇ ਅਫਸੋਸ ਜ਼ਾਹਿਰ ਕੀਤਾ ਕਿ ਇਹ ਐਵਾਰਡ ਕਰੀਬ ਸੱਤ ਸਾਲ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ ਪਰ ਹੁਣ ਇਸ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦਾ ਅਹਿਦ ਲਿਆ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਨੇਕ ਕਾਰਜ ਲਈ ਪਹਿਲਾਂ ਹੀ ਹਰ ਸੰਭਵ ਯਤਨ ਕਰ ਰਹੀ ਹੈ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸਾਂਝੇ ਯਤਨਾਂ ਦੇ ਸਾਰਥਕ ਸਿੱਟੇ ਨਿਕਲਣਗੇ ਅਤੇ ਸੂਬੇ ਵਿੱਚ ਬੇਮਿਸਾਲ ਤਰੱਕੀ ਅਤੇ ਖੁਸ਼ਹਾਲੀ ਦੇ ਯੁੱਗ ਦਾ ਆਗਾਜ਼ ਹੋਵੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਮਾਰਚ-2023 ਵਿੱਚ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਹੋਣ ਵਾਲਾ ਜੀ-20 ਸਿਖਰ ਸੰਮੇਲਨ ਪੰਜਾਬ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਪਾਰ ਲਈ ਤਰਜੀਹੀ ਸਥਾਨ ਵਜੋਂ ਉਭਾਰੇਗਾ। ਉਨ੍ਹਾਂ ਕਿਹਾ ਕਿ ਇਹ ਸੰਮੇਲਨ ਸਰਕਾਰ ਨੂੰ ਨਵੇਂ ਕਾਰੋਬਾਰ ਸਥਾਪਤ ਕਰਨ ਲਈ ਆਪਣੀਆਂ ਪ੍ਰਾਪਤੀਆਂ ਅਤੇ ਸਹੂਲਤਾਂ ਦਰਸਾਉਣ ਲਈ ਮੰਚ ਵੀ ਪ੍ਰਦਾਨ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਸਾਡੇ ਲਈ ਇਹ ਸੁਨਹਿਰੀ ਮੌਕਾ ਹੈ ਜਦੋਂ ਪੰਜਾਬ ਨੂੰ ਬਿਹਤਰੀਨ ਮੌਕਿਆਂ ਦੀ ਧਰਤੀ ਵਜੋਂ ਉਭਾਰਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਖੁਸ਼ਕਿਸਮਤੀ ਹੈ ਕਿ ਇਸ ਸਮਾਗਮ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ, ਜਿਸ ਵਿੱਚ ਵਿਸ਼ਵ ਭਰ ਦੇ ਪ੍ਰਮੁੱਖ ਦੇਸ਼ ਸਿੱਖਿਆ ਅਤੇ ਕਿਰਤ ਸਮੇਤ ਹੋਰ ਮਹੱਤਵਪੂਰਨ ਮੁੱਦਿਆਂ ਬਾਰੇ ਚਰਚਾ ਕਰਨਗੇ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਖੇਡਾਂ ਇਸ ਦਿਸ਼ਾ ਵੱਲ ਸਾਰਥਕ ਕਦਮ ਹੈ ਕਿਉਂਕਿ ਇਸ ਨੇ ਖਿਡਾਰੀਆਂ ਨੂੰ ਉਨ੍ਹਾਂ ਦੀ ਲੁਕੀ ਹੋਈ ਪ੍ਰਤਿਭਾ ਨੂੰ ਪ੍ਰਗਟਾਉਣ ਦਾ ਢੁਕਵਾਂ ਮੰਚ ਪ੍ਰਦਾਨ ਕੀਤਾ ਹੈ। ਭਗਵੰਤ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਖੇਡਾਂ ਸੂਬਾ ਸਰਕਾਰ ਨੂੰ ਖਿਡਾਰੀਆਂ ਦੀਆਂ ਖੂਬੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ ਵਿੱਚ ਵੀ ਮਦਦ ਕਰਨਗੀਆਂ ਜੋ ਭਵਿੱਖ ਵਿੱਚ ਹੋਣ ਵਾਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਲਈ ਉਨ੍ਹਾਂ ਨੂੰ ਤਿਆਰ ਕਰਨ ਲਈ ਲਾਹੇਵੰਦ ਸਾਬਤ ਹੋਣਗੀਆਂ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਕਿਉਂਕਿ ਇਹ ਸੂਬੇ ਦੀ ਤਰੱਕੀ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਵਿੱਚ ਅਹਿਮ ਰੋਲ ਅਦਾ ਕਰ ਸਕਦੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵੱਧ ਤੋਂ ਵੱਧ ਉਭਰਦੇ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਵੱਧ ਤੋਂ ਵੱਧ ਕਾਬਲ ਖਿਡਾਰੀ ਪੈਦਾ ਕਰਨ ਲਈ ਉਪਰਾਲੇ ਕਰ ਰਹੀ ਹੈ ਤਾਂ ਜੋ ਪੰਜਾਬ ਅੰਤਰਰਾਸ਼ਟਰੀ ਮੁਕਾਬਲਿਆਂ ਲਈ ਭਾਰਤੀ ਦਲ ਵਿੱਚ ਵੱਧ ਤੋਂ ਵੱਧ ਖਿਡਾਰੀ ਯੋਗਦਾਨ ਪਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ ਅਤੇ ਪੰਜਾਬ ਸਰਕਾਰ ਉਨ੍ਹਾਂ ਦੀ ਸਮਰੱਥਾ ਦਾ ਲਾਭ ਉਠਾਉਣ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਅਤੇ ਵਧੀਆ ਪ੍ਰਦਰਸ਼ਨ ਕਰਨ ਦੇ ਯੋਗ ਬਣਾਉਣ ਲਈ ਪੂਰੀ ਵਾਹ ਲਾ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਅਤੇ ਖੇਡਾਂ ਦਾ ਆਪਸ ਵਿੱਚ ਮਜ਼ਬੂਤ ਅਤੇ ਅਟੁੱਟ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਖੇਡ ਪ੍ਰਤਿਭਾ ਵਿਰਾਸਤ ਵਿਚ ਮਿਲੀ ਹੈ ਪਰ ਪਿਛਲੀਆਂ ਸਰਕਾਰਾਂ ਉਨ੍ਹਾਂ ਨੂੰ ਲੋੜੀਂਦਾ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਵਿੱਚ ਅਸਫਲ ਰਹੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੁਣ ਖਿਡਾਰੀਆਂ ਨੂੰ ਅਤਿ ਆਧੁਨਿਕ ਬੁਨਿਆਦੀ ਢਾਂਚਾ ਅਤੇ ਵਿਸ਼ਵ ਪੱਧਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਇਸ ਤੋਂ ਪਹਿਲਾਂ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮੁੱਖ ਮੰਤਰੀ ਅਤੇ ਹੋਰ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਇਸ ਖੇਡ ਮੇਲੇ ਨੂੰ ਵੱਡੀ ਪੱਧਰ 'ਤੇ ਸਫ਼ਲ ਬਣਾਉਣ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਨਿਭਾਈ ਗਈ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਮੀਤ ਹੇਅਰ ਨੇ ਕਿਹਾ ਕਿ ਇਨ੍ਹਾਂ ਖੇਡਾਂ ਨੇ ਸੂਬੇ ਦੇ ਇਤਿਹਾਸ ਵਿੱਚ ਸਫ਼ਲਤਾ ਦੀ ਨਵੀਂ ਇਬਾਰਤ ਲਿਖੀ ਹੈ।

ਇਸ ਤੋਂ ਪਹਿਲਾਂ ਰਾਸ਼ਟਰਮੰਡਲ ਖੇਡਾਂ ਵਿਚ ਚਾਂਦੀ ਦਾ ਤਗਮਾ ਜੇਤੂ ਵੇਟਲਿਫਟਰ ਵਿਕਾਸ ਠਾਕੁਰ ਨੇ ਮੁੱਖ ਮੰਤਰੀ ਨੂੰ ਖੇਡਾਂ ਦਾ ਝੰਡਾ ਸੌਂਪਿਆ। ਭਗਵੰਤ ਮਾਨ ਨੇ ਹਰੇਕ ਸਾਲ ਖੇਡਾਂ ਕਰਵਾਉਣ ਲਈ ਖੇਡ ਵਿਭਾਗ ਨੂੰ ਝੰਡੀ ਦਿੱਤੀ।

ਇਸ ਦੌਰਾਨ ਕਲਾਕਾਰਾਂ ਵੱਲੋਂ ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਉੱਘੇ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ, ਪਰੀ ਪੰਧੇਰ ਅਤੇ ਅਰਮਾਨ ਢਿੱਲੋਂ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ।

ਇਸ ਮੌਕੇ 'ਤੇ ਸ਼ਾਨਦਾਰ ਰਵਾਇਤੀ ਨਾਚ 'ਗਿੱਧਾ' ਅਤੇ 'ਭੰਗੜਾ' ਦੇ ਨਾਲ ਖੇਡਾਂ ਬਾਰੇ ਇੱਕ ਪ੍ਰਭਾਵਸ਼ਾਲੀ ਵੀਡੀਓ ਨੇ ਦਰਸ਼ਕਾਂ ਦਾ ਮਨ ਟੁੰਬ ਲਿਆ ਅਤੇ ਉਨ੍ਹਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਹਾਜ਼ਰ ਲੋਕਾਂ ਨੇ ਆਤਿਸ਼ਬਾਜ਼ੀ ਦੇ ਸ਼ਾਨਦਾਰ ਪ੍ਰਦਰਸ਼ਨ ਮੌਕੇ ਖੜ੍ਹੇ ਹੋ ਕੇ ਤਾੜੀਆਂ ਵੀ ਮਾਰੀਆਂ।

## ਮੁੱਖ ਮੰਤਰੀ ਦੇ ਹੁਕਮਾਂ ਤੋਂ ਬਾਅਦ ਹੋਈ ਮੀਟਿੰਗ 'ਚ ਟਰਾਂਸਪੋਰਟ ਵਿਭਾਗ ਨੇ ਮੰਨੀਆਂ ਮੁਲਾਜ਼ਮਾਂ ਦੀਆਂ ਮੰਗਾਂ

**-ਮੁਅੱਤਲ ਕੰਡਕਟਰ ਮਾਮਲੇ ਦੀ ਜਾਂਚ ਤਿੰਨ ਦਿਨਾਂ 'ਚ ਮੁਕੰਮਲ ਕਰਨ ਅਤੇ ਆਨ ਡਿਊਟੀ ਜਾਂਚ 'ਤੇ ਬਣੀ ਸਹਿਮਤੀ, ਬਾਕੀ ਮੰਗਾਂ ਲਈ 12 ਦਸੰਬਰ ਨੂੰ ਰੱਖੀ ਅਗਲੀ ਮੀਟਿੰਗ**

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਟਰਾਂਸਪੋਰਟ ਵਿਭਾਗ ਨੇ ਸੂਬੇ ਦੀ ਪੰਜਾਬ ਰੋਡਵੇਜ਼, ਪਨਬੱਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਦੀਆਂ ਪ੍ਰਮੁੱਖ ਮੰਗਾਂ ਨੂੰ ਪ੍ਰਵਾਨ ਕਰ ਲਿਆ ਹੈ।

ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ ਅਤੇ ਡਾਇਰੈਕਟਰ ਸਟੇਟ ਟਰਾਂਸਪੋਰਟ ਅਮਨਦੀਪ ਕੌਰ ਨੇ ਯੂਨੀਅਨ ਦੇ ਵਫ਼ਦ, ਜਿਸ ਵਿੱਚ ਸੂਬਾ ਪ੍ਰਧਾਨ ਰੇਸ਼ਮ ਸਿੰਘ, ਸ਼ਮਸ਼ੇਰ ਸਿੰਘ ਢਿੱਲੋਂ, ਹਰਕੇਸ਼ ਕੁਮਾਰ, ਜਗਤਾਰ ਸਿੰਘ ਅਤੇ ਦਲਜੀਤ ਸਿੰਘ ਮੌਜੂਦ ਸਨ, ਨਾਲ ਵਿਸਥਾਰਪੂਰਵਕ ਗੱਲਬਾਤ ਕੀਤੀ।

ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਮੁਅੱਤਲ ਕੀਤੇ ਕੰਡਕਟਰ ਪ੍ਰਿਤਪਾਲ ਸਿੰਘ ਵਿਰੁੱਧ ਜਾਂਚ ਸਮਾਂਬੱਧ ਢੰਗ ਨਾਲ ਕੀਤੀ ਜਾਵੇਗੀ ਅਤੇ ਤਿੰਨ ਦਿਨਾਂ ਵਿੱਚ ਮੁਕੰਮਲ ਕੀਤੀ ਜਾਵੇਗੀ। ਯੂਨੀਅਨ ਵੱਲੋਂ ਇਸ ਮਾਮਲੇ ਦੀ ਸਮਾਂਬੱਧ ਜਾਂਚ ਦੀ ਮੰਗ ਕੀਤੀ ਗਈ ਸੀ ਜਿਸ ਨੂੰ ਸੂਬਾ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ।

ਇਸੇ ਤਰ੍ਹਾਂ ਡਾਇਰੈਕਟਰ ਸਟੇਟ ਟਰਾਂਸਪੋਰਟ ਨੇ ਵਿਭਾਗ ਦੇ ਨਿਯਮਾਂ ਅਨੁਸਾਰ ਸੱਤ ਦਿਨਾਂ ਦੇ ਅੰਦਰ-ਅੰਦਰ ਫਿਰੋਜ਼ਪੁਰ ਤੋਂ ਪੱਟੀ ਟਰਾਂਸਫਰ ਹੋਏ ਮੁਲਾਜ਼ਮਾਂ ਦੀਆਂ ਬਦਲੀਆਂ ਦਾ ਜਾਇਜ਼ਾ ਲੈਣ ਲਈ ਵੀ ਸਹਿਮਤੀ ਦੇ ਦਿੱਤੀ ਹੈ। ਮੀਟਿੰਗ ਦੌਰਾਨ ਸੂਬੇ ਦੇ ਮੁਲਾਜ਼ਮਾਂ ਦੀਆਂ ਹੋਰ ਲੰਬਿਤ ਮੰਗਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਅਗਲੇਰੀ ਕਾਰਵਾਈ ਲਈ ਅਧਿਕਾਰੀਆਂ ਵੱਲੋਂ ਨੋਟ ਕੀਤਾ ਗਿਆ। ਅਧਿਕਾਰੀਆਂ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਯੂਨੀਅਨ ਦੀਆਂ ਜਾਇਜ਼ ਮੰਗਾਂ ਬਾਰੇ ਸੂਬਾ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ, ਜਿਸ ਸਬੰਧੀ 12 ਦਸੰਬਰ 2022 ਨੂੰ ਮੁੜ ਮੀਟਿੰਗ ਕੀਤੀ ਜਾਵੇਗੀ।

## ਸੀਨੀਅਰ ਆਈ.ਏ.ਐਸ. ਅਧਿਕਾਰੀ ਰਾਖੀ ਗੁਪਤਾ ਭੰਡਾਰੀ ਨੇ ਪੰਜਾਬ ਦੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਜੋਂ ਅਹੁਦਾ ਸੰਭਾਲਿਆ

*** ਕਈ ਐਵਾਰਡਾਂ ਪ੍ਰਾਪਤ ਕਰ ਚੁੱਕੇ 1997 ਬੈਚ ਦੇ ਅਧਿਕਾਰੀ ਰਾਖੀ ਗੁਪਤਾ ਭੰਡਾਰੀ ਕੋਲ ਵਿਸ਼ਾਲ ਪ੍ਰਸ਼ਾਸਕੀ ਤਜ਼ਰਬਾ**

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਕਈ ਐਵਾਰਡ ਹਾਸਲ 1997 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਰਾਖੀ ਗੁਪਤਾ ਭੰਡਾਰੀ ਨੇ ਅੱਜ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਪ੍ਰਮੁੱਖ ਸਕੱਤਰ ਵਜੋਂ ਅਹੁਦਾ ਸੰਭਾਲ਼ਿਆ।



ਰਾਖੀ ਗੁਪਤਾ ਭੰਡਾਰੀ ਨੇ ਅੱਜ ਸਵੇਰੇ ਪੰਜਾਬ ਰਾਜ ਭਵਨ ਵਿਖੇ ਆਪਣੇ ਅਹੁਦੇ ਦਾ ਚਾਰਜ ਲਿਆ।

ਪ੍ਰਸ਼ਾਸਨਿਕ ਹੁਨਰ, ਲੀਡਰਸ਼ਿਪ ਗੁਣਵੱਤਾ ਅਤੇ ਔਰਤਾਂ ਦੇ ਸਰਵਪੱਖੀ ਵਿਕਾਸ ਲਈ ਪ੍ਰਸੰਸਾਯੋਗ ਕੰਮ ਲਈ ਰਾਣੀ ਰੁਦਰਮਾ ਦੇਵੀ ਪੁਰਸਕਾਰ ਦੀ ਸ਼੍ਰੇਣੀ ਤਹਿਤ 2011 ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਭਾਰਤ ਦੇ ਰਾਸ਼ਟਰਪਤੀ ਤੋਂ ਵੱਕਾਰੀ "ਸਤ੍ਰੀ ਸ਼ਕਤੀ ਪੁਰਸਕਾਰ" ਪ੍ਰਾਪਤ ਸ੍ਰੀਮਤੀ ਰਾਖੀ ਗੁਪਤਾ ਭੰਡਾਰੀ ਕੋਲ ਵਿਆਪਕ ਪ੍ਰਸ਼ਾਸਨਿਕ ਤਜਰਬਾ ਹੈ।

ਗ੍ਰਹਿ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਵਜੋਂ ਸੇਵਾ ਨਿਭਾ ਚੁੱਕੇ ਰਾਖੀ ਗੁਪਤਾ ਭੰਡਾਰੀ ਨੇ ਜਲ ਸਰੋਤ ਮੰਤਰਾਲੇ, ਨਦੀ ਵਿਕਾਸ ਅਤੇ ਗੰਗਾ ਦੀ ਸੁਰਜੀਤੀ, ਪੀਣ ਵਾਲੇ ਪਾਣੀ ਅਤੇ ਸੈਨੀਟੇਸ਼ਨ ਮੰਤਰਾਲੇ, ਬਿਜਲੀ ਮੰਤਰਾਲੇ ਅਤੇ ਕੱਪੜਾ ਮੰਤਰਾਲਾ, ਨਿਫਟ ਦੇ ਡਾਇਰੈਕਟਰ ਵਰਗੇ ਪ੍ਰਮੁੱਖ ਅਹੁਦਿਆਂ ਉਤੇ ਸੇਵਾ ਨਿਭਾਈ। ਉਨ੍ਹਾਂ ਨੂੰ 2001 ਵਿੱਚ ਮਰਦਮਸ਼ੁਮਾਰੀ ਦੇ ਕੰਮ ਲਈ ਭਾਰਤ ਦੇ ਰਾਸ਼ਟਰਪਤੀ ਨੇ ਸਿਲਵਰ ਮੈਡਲ ਨਾਲ ਵੀ ਸਨਮਾਨਿਤ ਕੀਤਾ ਸੀ। ਉਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਰਾਸ਼ਟਰੀ ਅਬਜ਼ਰਵਰ ਵਜੋਂ ਭੂਟਾਨ ਵਿੱਚ ਪਹਿਲੀਆਂ ਸੰਸਦੀ ਚੋਣਾਂ ਦੀ ਨਿਗਰਾਨੀ ਕਰਨ ਲਈ ਵੀ ਨਿਯੁਕਤ ਕੀਤਾ ਗਿਆ ਸੀ।

ਲੇਡੀ ਸ੍ਰੀ ਰਾਮ ਕਾਲਜ ਨਵੀਂ ਦਿੱਲੀ ਤੋਂ ਗਰੈਜੂਏਟ ਰਾਖੀ ਗੁਪਤਾ ਭੰਡਾਰੀ ਨੂੰ 2015 ਵਿੱਚ ਜਿਨੀਵਾ ਵਿੱਚ 29ਵੀਂ ਅਤੇ 30ਵੀਂ ਸਾਲਾਨਾ ਮਨੁੱਖੀ ਅਧਿਕਾਰ ਕੌਂਸਲ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਦਾ ਸਨਮਾਨ ਵੀ ਹਾਸਲ ਹੋਇਆ ਸੀ। ਉਨ੍ਹਾਂ ਨੇ ਕਤਰ, ਪਾਕਿਸਤਾਨ, ਚੀਨ, ਸੀਰੀਆ ਅਤੇ ਦੁਬਈ ਵਿੱਚ ਅੰਤਰਰਾਸ਼ਟਰੀ ਪ੍ਰਤੀਨਿਧ ਮੰਡਲਾਂ ਵਿੱਚ ਵੀ ਮੈਂਬਰ ਵਜੋਂ ਹਿੱਸਾ ਲਿਆ। ਦਿੱਲੀ ਸਕੂਲ ਆਫ ਇਕਨਾਮਿਕਸ ਤੋਂ ਪੋਸਟ ਗਰੈਜੂਏਟ ਅਤੇ ਨੈਸ਼ਨਲ ਡਿਫੈਂਸ ਕਾਲਜ (ਐਨ.ਡੀ.ਸੀ.), ਨਵੀਂ ਦਿੱਲੀ/ਮਦਰਾਸ ਯੂਨੀਵਰਸਿਟੀ ਤੋਂ ਡਿਫੈਂਸ ਅਤੇ ਸਟਰੈਟਜਿਕ ਸਟੱਡੀਜ਼ ਵਿੱਚ ਐਮ. ਫਿਲ ਰਾਖੀ ਗੁਪਤਾ ਭੰਡਾਰੀ ਇੱਕ ਵਧੀਆ ਲੇਖਕ ਅਤੇ ਗਾਇਕ ਵੀ ਹਨ। ਉਨ੍ਹਾਂ ਕਈ ਕਿਤਾਬਾਂ ਵੀ ਪ੍ਰਕਾਸ਼ਤਿ ਕੀਤੀਆਂ ਹਨ ਅਤੇ ਪ੍ਰਮੁੱਖ ਅਖਬਾਰਾਂ ਤੇ ਰਸਾਲਿਆਂ ਵਿੱਚ ਲੇਖ ਅਤੇ ਕਵਿਤਾਵਾਂ ਵੀ ਪ੍ਰਕਾਸ਼ਤਿ ਕਰਵਾਈਆਂ ਹਨ।

## ਸੰਯੁਕਤ ਕਿਸਾਨ ਮੋਰਚਾ ਵੱਲੋਂ ਰਾਸ਼ਟਰੀ ਪੱਧਰ ਦੀ ਮੀਟਿੰਗ



ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਸੰਯੁਕਤ ਕਿਸਾਨ ਮੋਰਚਾ ਦੀ ਰਾਸ਼ਟਰੀ ਪੱਧਰ ਦੀ ਮੀਟਿੰਗ ਅੱਜ ਗੁਰੂਦੁਆਰਾ ਸ਼੍ਰੀ ਰਕਾਬ ਗੰਜ ਸਾਹਿਬ ਵਿੱਖੇ ਹੋਈ ਜਿੱਥੇ ਦੇਸ਼ ਭਰ ਦੀਆਂ ਜਥੇਬੰਦੀਆਂ ਦੇ ਮੁੱਖ ਆਗੂਆਂ ਨੇ ਹਿੱਸਾ ਲਿਆ। ਜਿਵੇਂ ਕਿ ਦਿੱਲੀ ਦੀਆਂ ਬਰੂਹਾਂ ਤੇ ਚੱਲੇ ਕਿਸਾਨ ਅੰਦੋਲਨ ਨੂੰ ਖਤਮ ਹੋਏ ਇੱਕ ਸਾਲ ਹੋਣ ਜਾ ਰਹੇ ਹਨ ਅਤੇ ਕੇਂਦਰ ਸਰਕਾਰ ਵਲੋਂ ਮੋਰਚੇ ਨਾਲ ਕੀਤੇ ਗਏ ਸਮਝੌਤੇ ਵਾਲੇ ਜਿਆਦਾਤਰ ਵਾਅਦੇ ਹੁਣ ਵੀ ਪੂਰੇ ਨਹੀਂ ਹੋਏ ਹੈ। ਇਸ ਤੱਥ ਨੂੰ ਕੇਂਦਰ ਵਿੱਚ ਰੱਖਦੇ ਹੋਏ ਅੱਜ ਕਿਸਾਨ ਮੋਰਚੇ ਦੀ ਲੀਡਰਸ਼ਿਪ ਨੇ ਅੱਗੇ ਦੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਹੈ।

ਪਿੱਛਲੇ ਸਾਲ 19 ਨਵੰਬਰ ਨੂੰ ਪ੍ਰਧਾਨ ਮੰਤਰੀ ਵਲੋਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਘੋਸ਼ਣਾ ਕੀਤੀ ਸੀ ਇਸ ਲਈ ਸੰਯੁਕਤ ਕਿਸਾਨ ਮੋਰਚਾ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਦਿਨ ਨੂੰ ਫਤਿਹ ਦਿਵਸ ਵਜੋਂ ਮਨਾਇਆ ਜਾਏਗਾ।

26 ਨਵੰਬਰ 2020 ਨੂੰ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤਹਿਤ ਤਹਿਤ ਲੱਖਾਂ ਕਿਸਾਨ ਦਿੱਲੀ ਵੱਲ ਨੂੰ ਰਵਾਨਾ ਹੋਏ ਸੀ। ਸੰਯੁਕਤ ਮੋਰਚੇ ਦਾ ਫੈਸਲਾ ਹੈ ਕਿ ਆਉਣ ਵਾਲੇ 26 ਨਵੰਬਰ ਨੂੰ ਹਰ ਸੂਬੇ ਦੇ ਰਾਜਭਵਨ ਵੱਲ ਨੂੰ ਮਾਰਚ ਕੀਤੇ ਜਾਣਗੇ ਅਤੇ ਰਾਜਪਾਲ ਨੂੰ ਮੰਗ ਪੱਤਰ ਦਿੱਤੇ ਜਾਣਗੇ। ਇਹਨਾਂ ਮੰਗ ਪੱਤਰਾਂ ਵਿੱਚ ਸਯੁੰਕਤ ਕਿਸਾਨ ਮੋਰਚੇ ਦੀਆਂ ਕੇਂਦਰੀ ਮੰਗਾ ਦੇ ਨਾਲ ਨਾਲ ਉਸ ਸੂਬੇ ਦੀਆਂ ਮੰਗਾਂ ਵੀ ਹੋਣਗੀਆਂ।

11 ਦਸੰਬਰ 2021 ਨੂੰ ਜਿੱਤ ਤੋਂ ਬਾਅਦ ਕਿਸਾਨ ਵਾਪਸ ਪਿੰਡਾਂ ਵੱਲ ਨੂੰ ਫ਼ਤਹਿ ਮਾਰਚ ਕਰਦਿਆਂ ਵਾਪਸ ਗਏ ਸੀ। ਆਉਣ ਵਾਲੇ 11 ਦਸੰਬਰ ਨੂੰ ਮੋਰਚੇ ਦੀ ਜਿੱਤ ਵਾਲਾ ਦਿਨ ਮਨਾਇਆ ਜਾਏਗਾ ਅਤੇ 1 ਤੋਂ 11 ਦਸੰਬਰ ਤੱਕ ਲੋਕਸਭਾ ਅਤੇ ਰਾਜਸਭਾ ਮੈਂਬਰਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ।

ਸੰਯੁਕਤ ਕਿਸਾਨ ਮੋਰਚੇ ਦੀ ਅਗਲੀ ਮੀਟਿੰਗ 8 ਦਸੰਬਰ 2022 ਨੂੰ ਹੋਵੇਗੀ ਜਿਸ ਵਿੱਚ ਅੰਦੋਲਨ ਦੇ ਅਗਲੇ ਪੜਾਅ ਦ ਫੈਸਲਾ ਅਤੇ ਐਲਾਨ ਕੀਤਾ ਜਾਵੇਗਾ। ਉਸ ਮੀਟਿੰਗ ਵਿੱਚ "ਕਰਜ਼ਾ ਮੁਕਤੀ - ਪੂਰਾ ਮੁੱਲ / ਦੀ ਗਾਰੰਟੀ" ਲਈ ਸੰਘਰਸ਼ ਦੀ ਤਿਆਰੀ ਦਾ ਵੇਰਵਾ ਦਿੱਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ 70 ਤੋਂ ਵੱਧ ਆਗੂ ਹਾਜ਼ਿਰ ਰਹੇ। ਮੀਟਿੰਗ ਦੀ ਪ੍ਰਧਾਨਗੀ ਬੂਟਾ ਸਿੰਘ ਬੁਰਜਗਿਲ, ਰਮਿੰਦਰ ਸਿੰਘ ਪਟਿਆਲਾ ਅਤੇ ਜਗਤਾਰ ਸਿੰਘ ਬਾਜਵਾ ਨੇ ਕੀਤੀ।

## ਪੰਜਾਬ ਪੁਲਿਸ ਨੇ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਮਿਥ ਕੇ ਹੱਤਿਆ ਕਰਨ ਵਾਲੇ ਦੋ ਮੁੱਖ ਸ਼ੂਟਰਾਂ ਅਤੇ ਮੱਦਦਗਾਰ ਨੂੰ ਕੀਤਾ ਗ੍ਰਿਫਤਾਰ

**-ਦੋ ਸ਼ੂਟਰਾਂ ਦੀ ਗ੍ਰਿਫਤਾਰੀ ਕੈਨੇਡਾ ਸਥਿਤ ਗੋਲਡੀ ਬਰਾੜ ਦੀ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਵਿੱਚ ਕਰੇਗੀ ਮੱਦਦ : ਡੀ.ਜੀ.ਪੀ. ਗੌਰਵ ਯਾਦਵ**

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਅਪਰਾਧ ਮੁਕਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ ਪ੍ਰਦੀਪ ਸਿੰਘ ਦੀ ਮਿੱਥ ਕੇ ਹੱਤਿਆ ਕਰਨ ਵਾਲੇ ਦੋ ਮੁੱਖ ਸ਼ੂਟਰਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪ੍ਰਦੀਪ ਨੂੰ 6 ਸ਼ੂਟਰਾਂ ਨੇ 10 ਨਵੰਬਰ, 2022 ਨੂੰ ਕੋਟਕਪੂਰਾ ਵਿਖੇ ਉਸਦੀ ਦੁਕਾਨ ਦੇ ਬਾਹਰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਸ਼ੂਟਰਾਂ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਮਨੀ (26) ਅਤੇ ਭੁਪਿੰਦਰ ਸਿੰਘ ਉਰਫ਼ ਗੋਲਡੀ (22) ਵਾਸੀ ਫ਼ਰੀਦਕੋਟ ਵਜੋਂ ਹੋਈ ਹੈ, ਜਦਕਿ ਤੀਜੇ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਬਲਜੀਤ ਸਿੰਘ ਉਰਫ਼ ਮੰਨਾ ਵਾਸੀ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ।

ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਪਹਿਲੇ ਦਿਨ ਹੀ ਦੋ ਮੁੱਖ ਸ਼ੂਟਰ ਮਨਪ੍ਰੀਤ ਮਨੀ ਅਤੇ ਭੁਪਿੰਦਰ ਗੋਲਡੀ ਦੀ ਪਛਾਣ ਕਰ ਲਈ ਸੀ ਅਤੇ ਇਸ ਸਬੰਧ ਵਿੱਚ ਪੁਲਿਸ ਵੱਲੋਂ ਵਿਆਪਕ ਛਾਪੇਮਾਰੀ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਖੁਫੀਆ ਜਾਣਕਾਰੀ ਦੀ




ਅਗਵਾਈ ਵਾਲੀ ਸਾਂਝੀ ਕਾਰਵਾਈ ਦੌਰਾਨ, ਕਾਊਂਟਰ ਇੰਟੈਲੀਜੈਂਸ ਜਲੰਧਰ, ਹੁਸ਼ਿਆਰਪੁਰ ਪੁਲਿਸ ਅਤੇ ਫਰੀਦਕੋਟ ਪੁਲਿਸ ਨੇ ਹੁਸ਼ਿਆਰਪੁਰ ਜ਼ਿਲੇ ਦੇ ਬਾਹਰੀ ਇਲਾਕੇ ਤੋਂ ਦੋਵਾਂ ਸ਼ੂਟਰਾਂ ਨੂੰ ਕਾਬੂ ਕੀਤਾ, ਜਦੋਂ ਉਹ ਹਿਮਾਚਲ ਪ੍ਰਦੇਸ਼ ਨੂੰ ਭੱਜਣ ਲਈ ਬੱਸ ਫੜਨ ਦੀ ਉਡੀਕ ਕਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਵੇਂ ਸ਼ੂਟਰਾਂ 'ਤੇ ਫਿਰੌਤੀ ਅਤੇ ਹੋਰ ਅਪਰਾਧਾਂ ਨਾਲ ਸਬੰਧਤ ਮਾਮਲੇ ਦਰਜ ਹਨ ਅਤੇ ਉਨ੍ਹਾਂ ਤੋਂ ਪੁੱਛਗਿੱਛ ਦੌਰਾਨ ਵਾਰਤਦਾਤ ਨੂੰ ਅੰਜਾਮ ਦੇਣ ਵਿੱਚ ਮਦਦ ਕਰਨ ਵਾਲੇ ਕੈਨੇਡਾ ਸਥਿਤ ਅੱਤਵਾਦੀ ਗੋਲਡੀ ਬਰਾੜ ਅਤੇ ਉਸ ਦੇ ਸਾਥੀਆਂ ਦੇ ਨੈੱਟਵਰਕ ਵੱਲੋਂ ਰਚੀ ਗਈ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਹੋਣ ਦੀ ਆਸ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਅਜਿਹੀ ਇੱਕ ਹੋਰ ਸਫਲਤਾ ਦਰਜ ਕਰਦਿਆਂ ਫਰੀਦਕੋਟ ਪੁਲਿਸ ਨੇ ਬਲਜੀਤ ਮੰਨਾ, ਜਿਸ ਨੇ ਦੋ ਨਾਬਾਲਗਾਂ ਅਤੇ ਜਤਿੰਦਰ ਜੀਤੂ ਵਜੋਂ ਪਛਾਣੇ ਗਏ ਹਰਿਆਣਾ ਦੇ ਤਿੰਨ ਸ਼ੂਟਰਾਂ ਨੂੰ ਲੋਜਿਸਟਿਕ ਸਹਾਇਤਾ ਪ੍ਰਦਾਨ ਕਿਤੀ ਸੀ, ਦੇ ਦੋਸ਼ ਵਿੱਚ ਫਰੀਦਕੋਟ ਦੇ ਜੈਤੋ ਖੇਤਰ ਤੋਂ ਗ੍ਰਿਫਤਾਰ ਕੀਤਾ ਹੈ। ਹਰਿਆਣਾ ਦੇ ਤਿੰਨਾਂ ਸ਼ੂਟਰਾਂ ਨੂੰ ਕੁਝ ਦਿਨ ਪਹਿਲਾਂ ਦਿੱਲੀ ਸਪੈਸ਼ਲ ਸੈੱਲ ਨੇ ਗ੍ਰਿਫਤਾਰ ਕੀਤਾ ਸੀ।

ਐਸਐਸਪੀ ਫਰੀਦਕੋਟ ਰਾਜਪਾਲ ਸਿੰਘ ਨੇ ਦੱਸਿਆ ਕਿ ਜੁਡੀਸ਼ੀਅਲ ਮੈਜਿਸਟਰੇਟ ਪਹਿਲੀ ਸ਼੍ਰੇਣੀ (ਜੇਐਮਆਈਸੀ) ਦੀ ਅਦਾਲਤ ਵੱਲੋਂ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਬੱਚਿਆਂ ਦਾ ਪੰਜ ਦਿਨ ਲਈ ਪੁਲੀਸ ਰਿਮਾਂਡ ਦੇਣ ਉਪਰੰਤ ਪੁਲੀਸ ਵਲੋਂ ਦੋਵਾਂ ਨਾਬਾਲਗ ਮੁਲਜ਼ਮਾਂ ਨੂੰ ਪੁੱਛਗਿੱਛ ਲਈ ਲਿਆਂਦਾ ਗਿਆ ਹੈ ਅਤੇ ਇਸ ਸਬੰਧੀ ਹੋਰ ਪੁੱਛਗਿੱਛ ਜਾਰੀ ਹੈ।

ਜ਼ਿਕਰਯੋਗ ਹੈ ਕਿ ਥਾਣਾ ਸਿਟੀ ਕੋਟਕਪੂਰਾ ਵਿਖੇ ਆਈਪੀਸੀ ਦੀ ਧਾਰਾ 302, 307, 148, 149 ਅਤੇ 120-ਬੀ ਅਤੇ ਅਸਲਾ ਐਕਟ ਦੀ ਧਾਰਾਂ 25/54/59 ਅਧੀਨ ਐਫ.ਆਈ.ਆਰ. ਨੰਬਰ 228 ਮਿਤੀ 10.11.2022 ਪਹਿਲਾਂ ਹੀ ਦਰਜ ਹੈ।

# ਐਮਪੀ ਸੋਨੀਆ ਸਿੱਧੂ ਨੇ ਕਿਫਾਇਤੀ ਉਪਾਵਾਂ ਦਾ ਸੁਆਗਤ ਕੀਤਾ ਜੋ ਕੈਨੇਡੀਅਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਮਰਥਨ ਕਰਨਗੇ

ਬਰੈਂਪਟਨ, 17 ਨਵੰਬਰ : ਬਰੈਂਪਟਨ ਵਾਸੀ ਅਤੇ ਸਾਰੇ ਕੈਨੇਡੀਅਨ ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਨੂੰ ਮਹਿਸੂਸ ਕਰ ਰਹੇ ਹਨ। ਸਾਂਸਦ ਸੋਨੀਆ ਸਿੱਧੂ ਨੇ ਜ਼ਮੀਨੀ ਪੱਧਰ 'ਤੇ ਵਸਨੀਕਾਂ ਤੋਂ ਇਹ ਗੱਲ ਸੁਣੀ ਹੈ ਅਤੇ ਇਸ ਚੁਣੌਤੀਪੂਰਨ ਸਮੇਂ ਦੌਰਾਨ ਕੈਨੇਡੀਅਨਾਂ ਦਾ ਸਮਰਥਨ ਕਰਨ ਦੀ ਵਕਾਲਤ ਕਰ ਰਹੇ ਹਨ ।



ਪਰਿਵਾਰਾਂ ਨੂੰ ਕਿਰਾਇਆ ਦੇਣ ਵਿੱਚ ਮਦਦ ਕਰਨ ਤੋਂ ਲੈ ਕੇ ਇਹ ਯਕੀਨੀ ਬਣਾਉਣ ਤੱਕ ਕਿ ਲੋਕ ਦੰਦਾਂ ਦੀ ਲੋੜੀਂਦੀ ਦੇਖਭਾਲ ਲਈ ਖਰਚ ਕਰ ਸਕਦੇ ਹਨ ਅਤੇ ਸੈਂਕੜੇ ਡਾਲਰ ਕੈਨੇਡੀਅਨਾਂ ਦੀਆਂ ਜੇਬਾਂ ਵਿੱਚ ਵਾਪਸ ਪਾ ਸਕਦੇ ਹਨ, ਨਵੇਂ ਉਪਾਵਾਂ ਦਾ ਇਹ ਸੂਟ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰੇਗਾ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਜਦੋਂ ਉਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ।

ਸਾਂਸਦ ਸਿੱਧੂ ਵੱਲੋਂ ਵਸਨੀਕਾਂ ਲਈ ਕੁਝ ਉਪਾਅ ਜਿਨ੍ਹਾਂ ਨੂੰ ਉਜਾਗਰ ਕੀਤਾ ਜਾ ਰਿਹਾ ਹੈ, ਉਨ੍ਹਾਂ ਵਿੱਚ ਸ਼ਾਮਲ ਹਨ: 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੈਨੇਡਾ ਡੈਂਟਲ ਬੈਨੀਫਿਟ ਜਿਨ੍ਹਾਂ ਕੋਲ ਦੰਦਾਂ ਦੇ ਬੀਮੇ ਤੱਕ ਪਹੁੰਚ ਨਹੀਂ ਹੈ, ਇਸ ਸਾਲ ਤੋਂ ਸ਼ੁਰੂ ਹੋ ਰਿਹਾ ਹੈ। ਅਗਲੇ ਦੋ ਸਾਲਾਂ ਵਿੱਚ ਪ੍ਰਤੀ ਬੱਚਾ $1,300 ਤੱਕ ਦਾ ਸਿੱਧਾ ਭੁਗਤਾਨ ($650 ਪ੍ਰਤੀ ਸਾਲ ਤੱਕ)। ਇਹ $90,000 ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਦੰਦਾਂ ਦੀ ਕਵਰੇਜ ਪ੍ਰਦਾਨ ਕਰਨ ਦੀ ਸਰਕਾਰ ਦੀ ਯੋਜਨਾ ਦਾ ਪਹਿਲਾ ਪੜਾਅ ਹੈ, ਅਤੇ ਇਹ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦੰਦਾਂ ਦੀ ਦੇਖਭਾਲ ਪ੍ਰਾਪਤ ਕਰਨ ਦੀ ਇਜਾਜ਼ਤ ਦੇਵੇਗਾ ਜਦੋਂ ਅਸੀਂ ਇੱਕ ਵਿਆਪਕ ਰਾਸ਼ਟਰੀ ਦੰਦਾਂ ਦੀ ਦੇਖਭਾਲ ਪ੍ਰੋਗਰਾਮ ਵਿਕਸਿਤ ਕਰਦੇ ਹਾਂ।

$500 ਤੋਂ 1.8 ਮਿਲੀਅਨ ਕੈਨੇਡੀਅਨ ਕਿਰਾਏਦਾਰਾਂ ਨੂੰ ਪ੍ਰਦਾਨ ਕਰਨ ਲਈ ਕੈਨੇਡਾ ਹਾਊਸਿੰਗ ਬੈਨੀਫਿਟ ਲਈ ਇੱਕ ਵਾਰ ਦਾ ਟਾਪ-ਅੱਪ ਜੋ ਰਿਹਾਇਸ਼ ਦੀ ਲਾਗਤ ਨਾਲ ਜੂਝ ਰਹੇ ਹਨ। ਇਹ ਸਾਡੀ ਬਜਟ 2022 ਦੀ ਵਚਨਬੱਧਤਾ ਨੂੰ ਦੁੱਗਣਾ ਕਰ ਦਿੰਦਾ ਹੈ, ਜੋ ਸ਼ੁਰੂਆਤੀ ਵਾਅਦੇ ਨਾਲੋਂ ਦੁੱਗਣੇ ਕੈਨੇਡੀਅਨਾਂ ਤੱਕ ਪਹੁੰਚਦਾ ਹੈ। ਇਹ ਨਵਾਂ ਵਨ-ਟਾਈਮ ਫੈਡਰਲ ਲਾਭ ਕੈਨੇਡਾ ਹਾਊਸਿੰਗ ਬੈਨੀਫਿਟ ਤੋਂ ਇਲਾਵਾ ਹੋਵੇਗਾ ਜੋ ਵਰਤਮਾਨ ਵਿੱਚ ਪ੍ਰੋਵਿੰਸਾਂ ਅਤੇ ਟੈਰੀਟਰੀਜ਼ ਦੁਆਰਾ ਸਹਿ-ਫੰਡ ਅਤੇ ਡਿਲੀਵਰ ਕੀਤਾ ਜਾਂਦਾ ਹੈ। ਸੰਘੀ ਲਾਭ ਪਰਿਵਾਰਾਂ ਲਈ $35,000 ਤੋਂ ਘੱਟ, ਜਾਂ ਉਹਨਾਂ ਵਿਅਕਤੀਆਂ ਲਈ $20,000 ਤੋਂ ਘੱਟ ਦੀ ਐਡਜਸਟਡ ਸ਼ੁੱਧ ਆਮਦਨ ਵਾਲੇ ਬਿਨੈਕਾਰਾਂ ਲਈ ਉਪਲਬਧ ਹੋਵੇਗਾ, ਜੋ ਕਿਰਾਏ 'ਤੇ ਆਪਣੀ ਆਮਦਨ ਦਾ ਘੱਟੋ-ਘੱਟ 30 ਫੀਸਦੀ ਅਦਾ ਕਰਦੇ ਹਨ।

ਪੋਸਟ-ਸੈਕੰਡਰੀ ਸਿੱਖਿਆ ਵਿੱਚ ਨਿਵੇਸ਼ ਕਰਨ ਦੀ ਚੋਣ ਕਰਨ ਵਾਲੇ ਨੌਜਵਾਨ ਕੈਨੇਡੀਅਨਾਂ ਦਾ ਸਮਰਥਨ ਕਰਨ ਲਈ ਕੈਨੇਡਾ ਸਟੂਡੈਂਟ ਲੋਨ ਅਤੇ ਕੈਨੇਡਾ ਅਪ੍ਰੈਂਟਿਸ ਲੋਨ 'ਤੇ ਸੰਘੀ ਵਿਆਜ ਨੂੰ ਸਥਾਈ ਤੌਰ 'ਤੇ ਖਤਮ ਕਰਨਾ। ਇਸ ਨਾਲ 1 ਮਿਲੀਅਨ ਤੋਂ ਵੱਧ ਵਿਦਿਆਰਥੀ ਲੋਨ ਲੈਣ ਵਾਲਿਆਂ ਨੂੰ ਲਾਭ ਹੋਵੇਗਾ ਅਤੇ ਔਸਤ ਕਰਜ਼ਾ ਲੈਣ ਵਾਲੇ ਨੂੰ ਉਹਨਾਂ ਦੇ ਕਰਜ਼ੇ ਦੇ ਜੀਵਨ ਕਾਲ ਵਿੱਚ $3,000 ਤੋਂ ਵੱਧ ਦੀ ਬਚਤ ਹੋਵੇਗੀ।

ਕੈਨੇਡਾ ਨੇ ਰੈਪਿਡ ਹਾਊਸਿੰਗ ਇਨੀਸ਼ੀਏਟਿਵ ਦੇ ਤੀਜੇ ਦੌਰ ਦੀ ਸ਼ੁਰੂਆਤ ਵੀ ਕੀਤੀ ਹੈ ਜੋ ਕਿ ਸਸਤੇ ਹਾਊਸਿੰਗ ਯੂਨਿਟਾਂ ਲਈ ਨਵੇਂ ਹਾਊਸਿੰਗ ਅਤੇ ਮੌਜੂਦਾ ਇਮਾਰਤਾਂ ਦੇ ਤੇਜ਼ੀ ਨਾਲ ਨਿਰਮਾਣ ਦੀ ਸਹੂਲਤ ਲਈ ਫੰਡ ਪ੍ਰਦਾਨ ਕਰੇਗਾ। 12 ਦਸੰਬਰ ਤੋਂ ਸ਼ੁਰੂ ਹੋਣ ਵਾਲੀ ਕੈਨੇਡਾ ਮੋਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ () ਰਾਹੀਂ ਇੱਕ ਐਪਲੀਕੇਸ਼ਨ-ਅਧਾਰਿਤ ਪ੍ਰਕਿਰਿਆ ਰਾਹੀਂ ਪ੍ਰੋਜੈਕਟ ਸਟ੍ਰੀਮ ਦੇ ਤਹਿਤ ਕੁੱਲ $1 ਬਿਲੀਅਨ ਉਪਲਬਧ ਹੋਣਗੇ। ਸਿਟੀ ਸਟ੍ਰੀਮ ਦੇ ਤਹਿਤ $500 ਮਿਲੀਅਨ ਅਲਾਟ ਕੀਤੇ ਜਾ ਰਹੇ ਹਨ, ਜੋ ਕਿ ਬਰੈਂਪਟਨ ਸ਼ਹਿਰ ਵਿਚ ਨਵੀਆਂ ਇਕਾਈਆਂ ਦਾ ਸਮਰਥਨ ਕਰਨਗੇ।

ਇਹ ਸਰਕਾਰ ਲੱਖਾਂ ਕੈਨੇਡੀਅਨਾਂ ਨੂੰ ਸਮੇਂ ਸਿਰ, ਪ੍ਰਭਾਵੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ ਤਾਂ ਜੋ ਉਨ੍ਹਾਂ ਨੂੰ ਪੂਰਾ ਕੀਤਾ ਜਾ ਸਕੇ। ਬਰੈਂਪਟਨ ਸਾਊਥ ਵਿੱਚ ਸਾਡੇ ਗੁਆਂਢੀਆਂ ਲਈ ਜਿਨ੍ਹਾਂ ਨੂੰ ਇਸ ਸਹਾਇਤਾ ਦੀ ਸਭ ਤੋਂ ਵੱਧ ਲੋੜ ਹੈ, ਇਸ ਦਾ ਮਤਲਬ ਹੈ ਕਿ ਇਸ ਸਾਲ ਉਨ੍ਹਾਂ ਲਈ ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਵਿੱਚ ਮਦਦ ਕਰਨ ਲਈ ਹੋਰ ਪੈਸੇ ਹੋਣਗੇ।

# ਭੋਜਨ ਉਦਯੋਗ ਵਿਚ ਕੰਮ ਕਰਨ ਲਈ ਕੁਈਨਸਵੁੱਡ ਕਾਲਜ ਦੇ ਕੋਰਸ ਲਾਹੇਵੰਦ

ਕਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕੁਈਨਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ (ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ)। ਕੁਈਨਸਵੁੱਡ ਕਾਲਜ ਫੂਡ ਸਰਵਿਸ ਵਰਕਰ ਦਾ 14 ਨਵੰਬਰ ਨੂੰ ਨਵਾਂ ਬੈਚ ਸ਼ੁਰੂ ਕਰਨ ਜਾ ਰਿਹਾ ਹੈ।ਫੂਡ ਸਰਵਿਸ ਵਰਕਰ (FSW) ਪ੍ਰੋਗਰਾਮ ਉਹਨਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ, ਜੋ ਭੋਜਨ ਉਦਯੋਗ ਜਾਂ ਸਿਹਤ ਸੰਭਾਲ ਰਸੋਈਆਂ ਵਿੱਚ ਕੰਮ ਕਰਨਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਭੋਜਨ ਸੰਭਾਲ, ਪੋਸ਼ਣ, ਸੈਨੀਟੇਸ਼ਨ ਅਤੇ ਸੁਰੱਖਿਆ, ਮਾਤਰਾ ਵਿੱਚ ਭੋਜਨ ਤਿਆਰ ਕਰਨ ਵਿੱਚ ਸਿਖਲਾਈ ਦਿੱਤੀ ਜਾਵੇਗੀ। ਕਾਲਜ 120 ਘੰਟਿਆਂ ਲਈ ਹੈਲਥ ਕੇਅਰ ਸੈਟਿੰਗ ਵਿੱਚ ਪ੍ਰੈਕਟਿਕਮ ਪਲੇਸਮੈਂਟ ਦਾ ਪ੍ਰਬੰਧ ਕਰੇਗਾ, ਜੋ ਕਿ ਸਰਕਾਰੀ ਮਾਪਦੰਡਾਂ ਅਤੇ ਰੋਜ਼ਗਾਰ ਲੋੜਾਂ ਨੂੰ ਪੂਰਾ ਕਰਨ ਵਾਲਾ ਵਿਹਾਰਕ ਅਨੁਭਵ ਪ੍ਰਦਾਨ ਕਰੇਗਾ।



ਪ੍ਰੋਗਰਾਮ ਗ੍ਰੈਜੂਏਟ ਹਸਪਤਾਲਾਂ ਵਿੱਚ ਧਇਟਅਰੇ ਓਦਿਇ ਜੋਬਸ, ਹਸਪਤਾਲ ਟ੍ਰੇ ਕੈਰੀਅਰ, ਨਰਸਿੰਗ ਹੋਮਜ਼, ਲੌਂਗ ਟਰਮ ਕੇਅਰ, ਰਿਟਾਇਰਮੈਂਟ ਹੋਮ ਅਤੇ ਏਅਰਲਾਈਨ ਕਿਚਨ ਵਿੱਚ ਨੌਕਰੀਆਂ ਲਈ ਅਰਜ਼ੀ (Application) ਦੇ ਸਕਦੇ ਹਨ। ਉਹ ਇਸ ਬੈਚ ਲਈ ਟਿਊਸ਼ਨ ਫੀਸ 'ਤੇ ਵਿਸ਼ੇਸ਼ ਛੋਟ (Special Discount) ਦੇ ਰਹੇ ਹਨ। ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ।ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ।ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।ਸਾਡੀ Website: www.queenswoodcollege.com ਅਤੇ Address: 2023 William, Pkwy, Unit 3, Brampton, ON, L6S 5N1 ਹੈ।

# ਕ੍ਰਿਸ਼ਨ ਕੁਮਾਰ ਹਾਂਡਾ ਨੇ ਬਤੌਰ ਡੀਸੀਐਫਏ ਫਰੀਦਕੋਟ ਦਾ ਅਹੁਦਾ ਸੰਭਾਲਿਆ



ਫਰੀਦਕੋਟ 17 ਨਵੰਬਰ (ਗਿਆਨ ਸਿੰਘ) - ਸ੍ਰੀ ਕ੍ਰਿਸ਼ਨ ਕੁਮਾਰ ਹਾਂਡਾ, ਜਿਲਾ ਖਜ਼ਾਨਾ ਅਫਸਰ ਫਰੀਦਕੋਟ ਦੀ ਬਤੌਰ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਤਰੱਕੀ ਹੋਣ ਤੇ ਉਨ੍ਹਾਂ ਨੇ ਬਤੌਰ ਡੀ।ਸੀ।ਐਫ।ਏ। ਫਰੀਦਕੋਟ ਦਾ ਅਹੁਦਾ ਸੰਭਾਲਿਆ। ਉਨ੍ਹਾਂ ਦੀ ਇਹ ਤਰੱਕੀ ਉਨ੍ਹਾਂ ਦੇ ਵਧੀਆ, ਇਮਾਨਦਾਰੀ ਅਤੇ ਮਿਹਨਤੀ ਕੰਮਕਾਰ ਦੇ ਸਨਮੁੱਖ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਹੈ।

ਸ੍ਰੀ ਕ੍ਰਿਸ਼ਨ ਕੁਮਾਰ ਹਾਂਡਾ, ਡੀ।ਸੀ।ਐਫ।ਏ। ਫਰੀਦਕੋਟ ਵੱਲੋਂ ਚਾਰਜ ਸੰਭਾਲ ਦੇ ਸਮੇਂ ਇਹ ਭਰੋਸਾ ਦਿੱਤਾ ਗਿਆ ਕਿ ਪੰਜਾਬ ਸਰਕਾਰ ਦੀਆਂ ਜਾਰੀ ਹਦਾਇਤਾਂ ਸਨਮੁੱਖ ਹੀ ਆਡਿਟ ਵਿਭਾਗ ਦਾ ਕੰਮ ਕਾਰ ਚਲਾਇਆ ਜਾਵੇਗਾ। ਉਨ੍ਹਾਂ ਵਿਸ਼ਵਾਸ਼ ਦਵਾਇਆ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਸਮਰਪਣ ਦੀ ਭਾਵਨਾ ਨਾਲ ਕਰਨਗੇ। ਇਸ ਤੋਂ ਪਹਿਲਾਂ ਉਨ੍ਹਾਂ ਦੇ ਦਫਤਰ ਦੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਜੀ ਆਇਆ ਆਖਿਆ ਅਤੇ ਸਰਕਾਰੀ ਕੰਮਾਂ ਵਿੱਚੋਂ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ।

ਇਸ ਮੌਕੇ ਸ੍ਰੀ ਸੀਤਾ ਰਾਮ ਗੋਇਲ ਫਾਇਨਾਂਸ ਅਫਕਰ ਬਾਬਾ ਫਰੀਦ ਯੂਨੀਵਰਸਿਟੀ, ਸ੍ਰੀ ਸੁਮੀਤ ਸ਼ਰਮਾ ਏ।ਸੀ।ਐਫ।ਏ, ਸ੍ਰੀ ਗੁਰਪ੍ਰੀਤ ਸਿੰਘ ਸਚਦੇਵਾ ਏ।ਸੀ।ਐਫ।ਏ, ਸ੍ਰੀ ਕੁਲਜੀਤ ਸਿੰਘ ਏ।ਸੀ।ਐਫ।ਏ ਸ੍ਰੀ ਵਰਿਆਮ ਸਿੰਘ ਜਿਲਾ ਖਜ਼ਾਨਾ ਅਫਸਰ ਫਰੀਦਕੋਟ, ਸ੍ਰੀ ਵਿਪਨ ਕੁਮਰ ਆਡੀਟਰ, ਸ੍ਰੀ ਸ਼ਤੀਸ਼ ਕੁਮਾਰ ਪ੍ਰਧਾਨ ਡੀ।ਸੀ। ਦਫਤਰ ਫਰੀਦਕੋਟ, ਸ੍ਰੀ ਚੰਦਨ ਦੂਆ, ਸ੍ਰੀ ਦੇਸ਼ ਭੂਸ਼ਣ ਅਕਾਉਂਟੈਂਡ ਅਤੇ ਖਜਾਨਾ ਦਫਤਰ ਦੇ ਅਧਿਕਾਰੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## Change of Name

I, **Kamalpreet Kaur Dhillon** daughter of Jaswinder Singh Gill, **resident of Village- Markhai, Tehsil Zira, Distt Ferozepur, 142047, Punjab India, and presently residing at 383 Robert Parkinson Drive, Brampton, ON L7A4B8,** do hereby change my name from **Kamalpreet Kaur Dhillon to Prachi Sharma,** with immediate effect. Henceforth, I shall be known as **Prachi Sharma** for all purposes.







## CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




### ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

### ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







### ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

### ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**




### ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।






# ਮਧੂਬਾਲਾ ਦੀ ਜ਼ਿੰਦਗੀ 'ਤੇ ਜਲਦੀ ਹੀ ਰਿਲੀਜ਼ ਹੋਵੇਗੀ ਬਾਇਓਪਿਕ

ਮਧੂਬਾਲਾ ਹਿੰਦੀ ਸਿਨੇਮਾ ਦੀ ਉਹ ਅਭਿਨੇਤਰੀ ਹੈ, ਜਿਸ ਦੀ ਅਦਾਕਾਰੀ ਦੇ ਨਾਲ-ਨਾਲ ਉਨ੍ਹਾਂ ਦੀ ਖ਼ੂਬਸੂਰਤੀ ਦੇ ਵੀ ਲੋਕ ਉਨ੍ਹਾਂ ਦੇ ਦੀਵਾਨੇ ਹਨ। ਜਦੋਂ ਵੀ ਲੋਕਾਂ ਨੇ ਉਸ ਨੂੰ ਪਰਦੇ 'ਤੇ ਦੇਖਿਆ, ਉਹ ਅਦਾਕਾਰਾ ਤੋਂ ਨਜ਼ਰਾਂ ਨਹੀਂ ਹਟਾ ਸਕੇ। ਮਧੂਬਾਲਾ ਨੇ 36 ਸਾਲ ਦੀ ਛੋਟੀ ਉਮਰ 'ਚ ਦਿਲ ਦੀ ਬੀਮਾਰੀ ਨਾਲ ਜੂਝ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ ਸੀ। ਫਿਲਮਾਂ ਦੇ ਨਾਲ-ਨਾਲ ਮਧੂਬਾਲਾ ਆਪਣੀ ਨਿੱਜੀ ਜ਼ਿੰਦਗੀ ਅਤੇ ਅਫੇਅਰਜ਼ ਨੂੰ ਲੈ ਕੇ ਵੀ ਕਾਫੀ ਚਰਚਾ 'ਚ ਰਹੀ ਸੀ। ਹੁਣ ਹਾਲ ਹੀ ਵਿੱਚ ਅਦਾਕਾਰਾ ਦੀ ਭੈਣ ਮਧੁਰ ਭੂਸ਼ਣ ਨੇ ਮਰਹੂਮ ਅਦਾਕਾਰਾ ਬਾਰੇ ਇੱਕ ਅਹਿਮ ਖੁਲਾਸਾ ਕੀਤਾ ਹੈ। ਉਨ੍ਹਾਂ ਦੀ ਭੈਣ ਨੇ ਦੱਸਿਆ ਕਿ ਵੈਟਰਨ ਅਦਾਕਾਰਾ ਦੀ ਜ਼ਿੰਦਗੀ 'ਤੇ ਜਲਦੀ ਹੀ ਬਾਇਓਪਿਕ ਵਿਚ ਕਾਸਟ ਕੀਤੀ ਜਾਵੇਗੀ।

ਜਦੋਂ ਵੀ ਦਿੱਗਜ ਅਦਾਕਾਰਾ ਮਧੂਬਾਲਾ ਦੀ ਨਿੱਜੀ ਜ਼ਿੰਦਗੀ ਦੀ ਗੱਲ ਹੁੰਦੀ ਹੈ ਤਾਂ ਉਸ ਵਿੱਚ ਦਿਲੀਪ ਕੁਮਾਰ ਅਤੇ ਕਿਸ਼ੋਰ ਕੁਮਾਰ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਖਬਰਾਂ ਦੀ ਮੰਨੀਏ ਤਾਂ ਜਦੋਂ ਮਧੂਬਾਲਾ 'ਮੁਗਲ-ਆਜ਼ਮ' ਦੇ ਅਭਿਨੇਤਾ ਦਿਲੀਪ ਕੁਮਾਰ ਨਾਲ ਲੰਬੇ ਸਮੇਂ ਤੋਂ ਗੰਭੀਰ ਰਿਸ਼ਤੇ 'ਚ ਸੀ, ਕਿਹਾ ਜਾਂਦਾ ਹੈ ਕਿ ਕਿਸ਼ੋਰ ਕੁਮਾਰ ਨੇ ਵਿਆਹ ਤੋਂ ਬਾਅਦ ਬੀਮਾਰੀ ਦੇ ਸਮੇਂ ਦੌਰਾਨ ਆਪਣੀ ਪਤਨੀ ਮਧੂਬਾਲਾ ਨੂੰ ਇਕੱਲਾ ਛੱਡ ਦਿੱਤਾ ਸੀ। ਅਜਿਹੇ 'ਚ ਹਰ ਕੋਈ ਇਹ ਜਾਣਨ ਲਈ ਉਤਸੁਕ ਹੈ ਕਿ ਕੀ ਬਾਇਓਪਿਕ 'ਚ ਵੀ ਇਹ ਚੀਜ਼ਾਂ ਦਿਖਾਈਆਂ ਜਾਣਗੀਆਂ, ਜਿਸ 'ਤੇ ਮਰਹੂਮ ਅਦਾਕਾਰਾ ਮਧੂਬਾਲਾ ਦੀ ਭੈਣ ਨੇ ਕਿਹਾ, 'ਅਸੀਂ ਮਧੂਬਾਲਾ ਦੀ ਕਹਾਣੀ ਸੁਣਾਉਂਦੇ ਹੋਏ ਕਿਸੇ ਦਾ ਦਿਲ ਨਹੀਂ ਦੁਖਾਉਣਾ ਚਾਹੁੰਦੇ। ਸਾਨੂੰ ਨਹੀਂ ਪਤਾ ਕਿ ਅਭਿਨੇਤਰੀ ਦਾ ਦਿਲੀਪ ਕੁਮਾਰ ਅਤੇ ਮਧੂਬਾਲਾ ਜਾਂ ਕਿਸ਼ੋਰ ਕੁਮਾਰ ਨਾਲ ਕਿਵੇਂ ਰਿਸ਼ਤਾ ਸੀ। ਕਿਉਂਕਿ ਹੁਣ ਉਨ੍ਹਾਂ ਦਾ ਵੀ ਪਰਿਵਾਰ ਅਤੇ ਪਤਨੀ ਬੱਚੇ ਹਨ।

ਮਧੁਰ ਭੂਸ਼ਣ ਨੇ ਦੱਸਿਆ ਕਿ ਉਹ ਬਾਇਓਪਿਕ 'ਚ ਦਿਲੀਪ ਕੁਮਾਰ ਅਤੇ ਕਿਸ਼ੋਰ ਕੁਮਾਰ ਨਾਲ ਜੁੜੀਆਂ ਕਹਾਣੀਆਂ ਨੂੰ ਕਿਉਂ ਨਹੀਂ ਦਿਖਾਉਣਗੇ। ਉਨ੍ਹਾਂ ਨੇ ਕਿਹਾ, 'ਹਰ ਰਿਸ਼ਤੇ 'ਚ ਉਤਰਾਅ-ਚੜ੍ਹਾਅ ਹੁੰਦੇ ਹਨ, ਅਸੀਂ ਕਦੇ ਨਹੀਂ ਚਾਹੁੰਦੇ ਕਿ ਕੋਈ ਸਾਡੇ ਮਾਤਾ-ਪਿਤਾ ਬਾਰੇ ਕੁਝ ਨਾਂਹ-ਪੱਖੀ ਗੱਲ ਕਹੇ, ਇਸੇ ਤਰ੍ਹਾਂ ਦੋਹਾਂ ਦਾ ਪਰਿਵਾਰ ਵੀ ਨਹੀਂ ਚਾਹੁੰਦਾ ਕਿ ਉਨ੍ਹਾਂ ਦਾ ਪਰਿਵਾਰ ਇਸ ਤਰ੍ਹਾਂ ਦੀ ਗੱਲ ਕਰੇ। ਅਸੀਂ ਅਤੀਤ ਵਿੱਚ ਜਾ ਕੇ ਕਿਸੇ ਨੂੰ ਦੁਖੀ ਨਹੀਂ ਕਰਨਾ ਚਾਹੁੰਦੇ।

40 ਦੇ ਦਹਾਕੇ ਦੀ ਮਸ਼ਹੂਰ ਅਦਾਕਾਰਾ ਮਧੂਬਾਲਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 1942 ਵਿੱਚ ਰਿਲੀਜ਼ ਹੋਈ ਫਿਲਮ ਬਸੰਤ ਨਾਲ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਮੁਮਤਾਜ਼ ਮਹਿਲ, ਫੁਲਵਾੜੀ, ਨੀਲ ਕਮਾਲ, ਦਿਲ ਕੀ ਰਾਣੀ, ਮਹਲਸ ਕੇ ਖਵਾਬ ਅਤੇ ਮੁਗਲੇ ਆਜ਼ਮ ਵਰਗੀਆਂ ਕਈ ਵੱਡੀਆਂ ਫਿਲਮਾਂ ਵਿੱਚ ਕੰਮ ਕੀਤਾ। ਅੱਜ ਵੀ ਜਦੋਂ ਵੀ ਮੁਗਲੇ ਆਜ਼ਮ ਦਾ ਜ਼ਕਿਰ ਆਉਂਦਾ ਹੈ ਤਾਂ ਲੋਕਾਂ ਦੀ ਜ਼ੁਬਾਨ 'ਤੇ ਮਧੂਬਾਲਾ ਅਤੇ ਦਿਲੀਪ ਕੁਮਾਰ ਦਾ ਨਾਂ ਜ਼ਰੂਰ ਆਉਂਦਾ ਹੈ।



## ਮਹਿੰਦਰ ਸਿੰਘ ਧੋਨੀ ਕ੍ਰਿਕਟ ਤੋਂ ਬਾਅਦ ਹੁਣ ਫਿਲਮਾਂ ਵਿਚ ਆਉਣਗੇ ਨਜ਼ਰ



ਕ੍ਰਿਕਟ ਦੇ ਖੇਤਰ 'ਚ ਆਪਣੇ ਹੁਨਰ ਦਿਖਾਉਣ ਤੋਂ ਬਾਅਦ ਹੁਣ ਦੇਸ਼ ਦੇ ਮਸ਼ਹੂਰ ਕ੍ਰਿਕਟਰ ਮਹਿੰਦਰ ਸਿੰਘ ਧੋਨੀ ਫਿਲਮੀ ਦੁਨੀਆ 'ਚ ਕਦਮ ਰੱਖਣ ਦੀ ਤਿਆਰੀ ਕਰ ਰਹੇ ਹਨ। ਇਹ ਕ੍ਰਿਕੇਟ ਦਿੱਗਜ ਜਲਦ ਹੀ ਫਿਲਮ ਦੇ ਸੈੱਟ 'ਤੇ ਨਜ਼ਰ ਆਵੇਗਾ।

ਰਿਪੋਰਟ ਮੁਤਾਬਕ ਧੋਨੀ ਤਮਿਲ ਫਿਲਮ ਇੰਡਸਟਰੀ 'ਚ ਡੈਬਿਊ ਕਰਨ ਜਾ ਰਹੇ ਹਨ। ਮਾਹੀ ਪ੍ਰੋਡਕਸ਼ਨ ਦਾ ਬੈਨਰ ਧੋਨੀ ਐਂਟਰਟੇਨਮੈਂਟ ਕਥਿਤ ਤੌਰ 'ਤੇ ਤਮਿਲ ਵਿੱਚ ਕੁਝ ਫਿਲਮਾਂ ਦਾ ਨਿਰਮਾਣ ਕਰ ਰਿਹਾ ਹੈ। ਇਸ ਦੌਰਾਨ ਇਹ ਵੀ ਖਬਰਾਂ ਆ ਰਹੀਆਂ ਹਨ ਕਿ ਧੋਨੀ ਲੋਕੇਸ਼ ਕਾਨਾਗਰਾਜ ਦੀ ਆਉਣ ਵਾਲੀ ਫਿਲਮ 'ਚ ਬਤੌਰ ਅਦਾਕਾਰ ਨਜ਼ਰ ਆ ਸਕਦੇ ਹਨ। ਨਿਰਦੇਸ਼ਕ ਲੋਕੇਸ਼ ਕਾਨਾਗਰਾਜ ਮਹਿੰਦਰ ਸਿੰਘ ਧੋਨੀ ਨੂੰ ਆਪਣੀ ਮੋਸਟ ਅਵੇਟਿਡ ਫਿਲਮ ਲਈ ਅਪ੍ਰੋਚ ਕਰ ਰਹੇ ਹਨ। ਹਾਲਾਂਕਿ, ਧੋਨੀ ਇਸ ਫਿਲਮ ਵਿੱਚ ਇੱਕ ਸਹਾਇਕ ਭੂਮਿਕਾ ਵਿੱਚ ਨਜ਼ਰ ਆਉਣਗੇ ਜਦੋਂ ਕਿ ਥਲਪਥੀ ਵਿਜੇ ਮੁੱਖ ਅਦਾਕਾਰ ਵਜੋਂ ਇਸ ਫਿਲਮ ਦਾ ਹਿੱਸਾ ਹੋਣਗੇ। ਫਿਲਮ ਦਾ ਟਾਈਟਲ ਅਜੇ ਤੈਅ ਨਹੀਂ ਹੋਇਆ ਹੈ ਪਰ ਫਿਲਹਾਲ ਇਸ ਫਿਲਮ ਦਾ ਨਾਂ 'ਥਲਪੈਥੀ 67' ਰੱਖਿਆ ਗਿਆ ਹੈ। ਧੋਨੀ ਫਿਲਮ 'ਚ ਨਜ਼ਰ ਆਉਣਗੇ ਜਾਂ ਨਹੀਂ ਇਸ ਦਾ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤਾ ਗਿਆ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਰਿਲੀਜ਼ ਹੋਈ ਲੋਕੇਸ਼ ਕਾਨਾਗਰਾਜ ਦੀ ਫਿਲਮ 'ਵਿਕਰਮ' ਬਾਕਸ ਆਫਿਸ 'ਤੇ ਸਫਲ ਰਹੀ ਸੀ। ਇਸ ਫਿਲਮ ਨਾਲ ਕਮਲ ਹਾਸਨ ਨੇ ਵਾਪਸੀ ਕੀਤੀ ਹੈ। ਮੇਕਰ 'ਵਿਕਰਮ' ਦੀ ਸਫਲਤਾ ਤੋਂ ਬਹੁਤ ਖੁਸ਼ ਹੈ ਅਤੇ ਇਸੇ ਤਰ੍ਹਾਂ ਦੇ ਸੁਪਰਹਿੱਟ ਪ੍ਰੋਜੈਕਟਾਂ 'ਤੇ ਕੰਮ ਕਰਨਾ ਚਾਹੁੰਦਾ ਹੈ। ਲੋਕੇਸ਼ ਨੇ ਹਾਲ ਹੀ 'ਚ ਇਕ ਇੰਟਰਵਿਊ 'ਚ ਕਿਹਾ ਸੀ ਕਿ ਉਹ 'ਕੈਥੀ' ਅਤੇ 'ਵਿਕਰਮ' ਦੇ ਸੀਕਵਲ ਸਮੇਤ ਕਈ ਹੋਰ ਹਿੱਟ ਫਿਲਮਾਂ 'ਤੇ ਕੰਮ ਕਰ ਰਹੇ ਹਨ। ਹਾਲਾਂਕਿ, ਉਸਨੇ ਇਹ ਖੁਲਾਸਾ ਨਹੀਂ ਕੀਤਾ ਹੈ ਕਿ ਕੀ ਥਲਾਪਤੀ ਵਿਜੇ ਅਤੇ ਮਹਿੰਦਰ ਸਿੰਘ ਧੋਨੀ ਉਸਦੇ ਆਉਣ ਵਾਲੇ ਪ੍ਰੋਜੈਕਟਾਂ ਵਿੱਚ ਨਜ਼ਰ ਆਉਣਗੇ ਜਾਂ ਨਹੀਂ।

## ਆਮਿਰ ਖਾਨ ਫਿਲਮਾਂ ਤੋਂ ਲੈ ਰਹੇ ਲੰਬਾ ਬਰੇਕ



ਬਾਲੀਵੁੱਡ ਦੇ 'ਮਿਸਟਰ ਪਰਫੈਕਸ਼ਨਿਸਟ' ਆਮਿਰ ਖਾਨ ਨੂੰ ਲੈ ਵੱਡੀ ਖਬਰ ਸਾਹਮਣੇ ਆ ਰਹੀ ਹੈ। ਹੁਣ ਤੱਕ ਸਿਨੇਮਾ ਜਗਤ ਨੂੰ ਕਈ ਹਿੱਟ ਫਿਲਮਾਂ ਦੇ ਚੁੱਕੇ ਸਟਾਰ ਆਮਿਰ ਫਿਲਮਾਂ ਤੋਂ ਲੰਬਾ ਬ੍ਰੇਕ ਲੈ ਰਹੇ ਹਨ। ਉਨ੍ਹਾਂ ਦੀ ਹਾਲ ਹੀ 'ਚ ਰਿਲੀਜ਼ ਹੋਈ ਫਿਲਮ 'ਲਾਲ ਸਿੰਘ ਚੱਢਾ' ਕੁਝ ਖਾਸ ਕਮਾਲ ਨਹੀਂ ਦਿਖਾ ਸਕੀ। ਜਿਸ ਦੇ ਚੱਲਦੇ ਕਲਾਕਾਰ ਕਾਫੀ ਨਿਰਾਸ਼ ਨਜ਼ਰ ਆ ਰਹੇ ਹਨ।

ਆਮਿਰ ਖਾਨ ਨੇ ਕਿਹਾ, "ਜਦੋਂ ਮੈਂ ਇੱਕ ਐਕਟਰ ਦੇ ਤੌਰ 'ਤੇ ਕੋਈ ਫਿਲਮ ਕਰਦਾ ਹਾਂ ਤਾਂ ਮੈਂ ਉਸ ਵਿੱਚ ਇੰਨਾ ਗੁਆਚ ਜਾਂਦਾ ਹਾਂ ਕਿ ਮੇਰੀ ਜ਼ਿੰਦਗੀ ਵਿੱਚ ਹੋਰ ਕੁਝ ਨਹੀਂ ਹੁੰਦਾ। 'ਲਾਲ ਸਿੰਘ ਚੱਢਾ' ਨੂੰ ਚੈਂਪੀਅਨ ਕਹੇ ਜਾਣ ਤੋਂ ਬਾਅਦ ਮੈਨੂੰ ਫ਼ਿਲਮ ਕਰਨੀ ਪਈ। ਇਹ ਇੱਕ ਸ਼ਾਨਦਾਰ ਸਕ੍ਰਿਪਟ ਹੈ, ਇੱਕ ਸੁੰਦਰ ਕਹਾਣੀ ਹੈ, ਅਤੇ ਇਹ ਇੱਕ ਦਿਲ ਨੂੰ ਛੂਹਣ ਵਾਲੀ ਅਤੇ ਪਿਆਰੀ ਫਿਲਮ ਹੈ।"

ਆਮਿਰ ਖਾਨ ਨੇ ਅੱਗੇ ਕਿਹਾ, "ਪਰ ਮੈਨੂੰ ਲੱਗਦਾ ਹੈ ਕਿ ਮੈਂ ਬ੍ਰੇਕ ਲੈਣਾ ਚਾਹੁੰਦਾ ਹਾਂ। ਮੈਂ ਆਪਣੇ ਪਰਿਵਾਰ ਨਾਲ, ਆਪਣੀ ਮਾਂ ਨਾਲ, ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣਾ ਚਾਹੁੰਦਾ ਹਾਂ।" ਤੁਹਾਨੂੰ ਦੱਸ ਦੇਈਏ ਕਿ ਆਮਿਰ ਖਾਨ 3 ਦਹਾਕਿਆਂ ਤੋਂ ਵੱਧ ਲੰਬੇ ਆਪਣੇ ਕਰੀਅਰ ਵਿੱਚ ਪਹਿਲੀ ਵਾਰ ਅਦਾਕਾਰੀ ਤੋਂ ਬ੍ਰੇਕ ਲੈ ਰਹੇ ਹਨ। ਉਸਨੇ ਅੱਗੇ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਂ 35 ਸਾਲਾਂ ਤੋਂ ਕੰਮ ਕਰ ਰਿਹਾ ਹਾਂ ਅਤੇ ਮੈਂ ਆਪਣੇ ਕੰਮ 'ਤੇ ਇਕਾਗਰਤਾ ਨਾਲ ਧਿਆਨ ਦਿੱਤਾ ਹੈ।" ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਮੇਰੇ ਕਰੀਬੀ ਲੋਕਾਂ ਲਈ ਠੀਕ ਨਹੀਂ ਹੈ। ਇਹ ਉਦੋਂ ਹੁੰਦਾ ਹੈ ਜਦੋਂ ਮੈਨੂੰ ਲੱਗਦਾ ਹੈ ਕਿ ਮੈਨੂੰ ਉਸਦੇ ਨਾਲ ਰਹਿਣ ਲਈ ਕੁਝ ਸਮਾਂ ਕੱਢਣ ਦੀ ਲੋੜ ਹੈ। ਅਤੇ ਅਸਲ ਵਿੱਚ ਜ਼ਿੰਦਗੀ ਨੂੰ ਇੱਕ ਵੱਖਰੇ ਤਰੀਕੇ ਨਾਲ ਅਨੁਭਵ ਕਰਨਾ ਪੈਂਦਾ ਹੈ। ਮੈਂ ਅਗਲੇ ਡੇਢ ਸਾਲ ਤੱਕ ਬਤੌਰ ਅਦਾਕਾਰ ਕੰਮ ਨਹੀਂ ਕਰਾਂਗਾ।"

ਆਮਿਰ ਖਾਨ ਆਖਰੀ ਵਾਰ ਫਿਲਮ 'ਲਾਲ ਸਿੰਘ ਚੱਢਾ' 'ਚ ਕਰੀਨਾ ਕਪੂਰ ਖਾਨ ਦੇ ਨਾਲ ਨਜ਼ਰ ਆਏ ਸਨ। ਇਹ ਫਿਲਮ ਟੌਮ ਹੈਂਕਸ ਦੇ ਫੋਰੈਸਟ ਗੰਪ ਦੀ ਅਧਿਕਾਰਤ ਹਿੰਦੀ ਰੀਮੇਕ ਸੀ। ਫਿਲਮ ਨੂੰ ਦਰਸ਼ਕਾਂ ਅਤੇ ਆਲੋਚਕਾਂ ਵੱਲੋਂ ਮਿਲਿਆ-ਜੁਲਿਆ ਹੁੰਗਾਰਾ ਮਿਲਿਆ।

# ਫਾਤਿਮਾ ਸਨਾ ਸ਼ੇਖ ਹੋਈ ਭਿਆਨਕ ਬਿਮਾਰੀ ਦੀ ਸ਼ਿਕਾਰ

ਬਾਲੀਵੁੱਡ ਅਭਿਨੇਤਰੀ ਫਾਤਿਮਾ ਸਨਾ ਸ਼ੇਖ, ਜੋ ਜਲਦੀ ਹੀ 'ਸੈਮ ਬਹਾਦਰ' ਵਿੱਚ ਇੰਦਰਾ ਗਾਂਧੀ ਦੇ ਰੂਪ ਵਿੱਚ ਨਜ਼ਰ ਆਉਣ ਵਾਲੀ ਹੈ, ਨੇ ਹਾਲ ਹੀ ਵਿੱਚ ਮਿਰਗੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਪੋਸਟ ਸ਼ੇਅਰ ਕੀਤੀ ਹੈ। ਨਵੰਬਰ ਦਾ ਮਹੀਨਾ ਮਿਰਗੀ ਜਾਗਰੂਕਤਾ ਮਹੀਨੇ ਵਜੋਂ ਮਨਾਇਆ ਜਾਂਦਾ ਹੈ। ਫਾਤਿਮਾ ਸਨਾ ਸ਼ੇਖ ਇਸ ਬਿਮਾਰੀ ਦੇ ਇਲਾਜ ਤੇ ਲੋਕਾਂ ਵਿੱਚ ਇਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ।



ਅਦਾਕਾਰਾ ਨੇ ਇਸ ਬਿਮਾਰੀ ਨਾਲ ਸਬੰਧਤ ਆਪਣੀ ਕਹਾਣੀ, ਸੰਘਰਸ਼ ਅਤੇ ਚੁਣੌਤੀਆਂ ਨੂੰ ਸਾਂਝਾ ਕਰਨ ਲਈ ਆਪਣੇ ਸੋਸ਼ਲ ਮੀਡੀਆ 'ਤੇ ਲੋਕਾਂ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ ਹੈ। ਆਪਣੀ ਇੰਸਟਾਗ੍ਰਾਮ ਸਟੋਰੀ 'ਚ ਉਨ੍ਹਾਂ ਲਿਖਿਆ ਕਿ ਇਹ ਮਿਰਗੀ ਜਾਗਰੂਕਤਾ ਦਾ ਮਹੀਨਾ ਹੈ। ਆਪਣੀ ਕਹਾਣੀ, ਸੰਘਰਸ਼, ਚੁਣੌਤੀਆਂ ਸਾਂਝੀਆਂ ਕਰੋ। ਅਦਾਕਾਰਾ ਨੇ ਇਹ ਜਾਣਕਾਰੀ ਵੀ ਦਿੱਤੀ ਕਿ ਫਿਲਮ ਦੰਗਲ ਦੀ ਤਿਆਰੀ ਦੌਰਾਨ ਉਸ ਨੂੰ ਆਪਣੇ ਅੰਦਰ ਇਸ ਬਿਮਾਰੀ ਦਾ ਪਤਾ ਲੱਗਿਆ ਸੀ।

ਅਦਾਕਾਰਾ ਨੇ ਪੋਸਟ ਸ਼ੇਅਰ ਕਰਕੇ ਲੋਕਾਂ ਨਾਲ ਆਪਣੀਆਂ ਕਹਾਣੀਆਂ, ਸੰਘਰਸ਼ ਅਤੇ ਚੁਣੌਤੀਆਂ ਸਾਂਝੀਆਂ ਕੀਤੀਆਂ ਹਨ। ਅਦਾਕਾਰਾ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਲਿਖਿਆ, 'ਇਹ ਮਿਰਗੀ ਬਾਰੇ ਜਾਗਰੂਕਤਾ ਫੈਲਾਉਣ ਦਾ ਮਹੀਨਾ ਹੈ। ਆਪਣੀ ਕਹਾਣੀ, ਸੰਘਰਸ਼, ਚੁਣੌਤੀਆਂ ਸਾਂਝੀਆਂ ਕਰੋ ਜਾਂ ਸਿਰਫ਼ ਪੁੱਛੋ। ਫਾਤਿਮਾ ਸਨਾ ਸ਼ੇਖ ਨੇ ਇਹ ਵੀ ਦੱਸਿਆ ਕਿ ਉਸ ਨੂੰ 'ਦੰਗਲ' ਦੀ ਤਿਆਰੀ ਦੌਰਾਨ ਇਸ ਬੀਮਾਰੀ ਬਾਰੇ ਪਤਾ ਲੱਗਾ।

ਜਦੋਂ ਉਸ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਦੇ ਇੱਕ ਫਾਲੋਅਰਜ਼ ਵੱਲੋਂ ਪੁੱਛਿਆ ਗਿਆ ਤਾਂ ਅਭਿਨੇਤਰੀ ਨੇ ਲਿਖਿਆ, "ਇਹ ਬਿਮਾਰੀ ਉਦੋਂ ਸਾਹਮਣੇ ਆਈ ਜਦੋਂ ਮੈਂ 'ਦੰਗਲ' ਫਿਲਮ ਦੀ ਤਿਆਰੀ ਲਈ ਟ੍ਰੇਨਿੰਗ ਲੈ ਰਹੀ ਸੀ। ਮੈਨੂੰ ਦੌਰਾ ਪਿਆ ਅਤੇ ਮੇਰੀ ਜਾਗ ਸਿੱਧਾ ਹਸਪਤਾਲ ਵਿੱਚ ਜਾ ਕੇ ਖੁੱਲ੍ਹੀ। ਪਹਿਲੇ ਪੰਜ ਸਾਲ ਮੈਂ ਇਸ ਨੂੰ ਸਵੀਕਾਰ ਨਾ ਕਰ ਸਕੀ ਪਰ ਹੁਣ ਮੈਂ ਇਸ ਬਿਮਾਰੀ ਦੇ ਨਾਲ ਰਹਿਣਾ, ਕੰਮ ਕਰਨਾ ਸਿੱਖ ਲਿਆ ਹੈ।

ਜਦੋਂ ਫਾਤਿਮਾ ਸਨਾ ਸ਼ੇਖ ਤੋਂ ਪੁੱਛਿਆ ਗਿਆ ਕਿ ਉਹ ਅਜਿਹੀ ਸਥਿਤੀ ਵਿੱਚ ਕੰਮ ਕਿਵੇਂ ਕਰ ਰਹੀ ਹੈ ਤਾਂ ਫਾਤਿਮਾ ਨੇ ਲਿਖਿਆ ਕਿ ਉਹ ਆਪਣੇ ਸਾਰੇ ਨਿਰਦੇਸ਼ਕਾਂ ਨੂੰ ਪਹਿਲਾਂ ਹੀ ਦੱਸ ਦਿੰਦੀ ਹੈ ਕਿ ਉਸ ਨੂੰ ਮਿਰਗੀ ਹੈ। ਫਾਤਿਮਾ ਨੇ ਕਿਹਾ "ਮੇਰੀ ਇਸ ਕੰਡੀਸ਼ਨ ਨੂੰ ਲੈ ਕੇ ਹਰ ਕੋਈ ਹਮੇਸ਼ਾ ਬਹੁਤ ਮਦਦਗਾਰ ਅਤੇ ਸਮਝਦਾਰ ਰਿਹਾ ਹੈ। ਉਹ ਉਨ੍ਹਾਂ ਚੁਣੌਤੀਆਂ ਤੋਂ ਜਾਣੂ ਹੁੰਦੇ ਹਨ ਜਿਨ੍ਹਾਂ ਦਾ ਮੈਨੂੰ ਦੌਰਾ ਪੈਣ 'ਤੇ ਸਾਹਮਣਾ ਕਰਨਾ ਪੈ ਸਕਦਾ ਹੈ।




## ਭਾਰਤ ਖ਼ਿਲਾਫ਼ ਨਿਊਜ਼ੀਲੈਂਡ ਦੀ ਟੀਮ ਵਿਚੋਂ ਗੁਪਟਿਲ ਅਤੇ ਟ੍ਰੇਂਟ ਬੋਲਟ ਬਾਹਰ



ਵੇਲਿੰਗਟਨ, 17 ਨਵੰਬਰ (ਪੋਸਟ ਬਿਊਰੋ): ਸਲਾਮੀ ਬੱਲੇਬਾਜ਼ ਮਾਰਟਿਨ ਗੁਪਟਿਲ ਤੇ ਤੇਜ਼ ਗੇਂਦਬਾਜ਼ ਟ੍ਰੇਂਟ ਬੋਲਟ ਨੂੰ ਭਾਰਤ ਖ਼ਿਲਾਫ਼ ਅਗਲੀ ਟੀ-20 ਤੇ ਵਨ ਡੇ ਸੀਰੀਜ਼ ਲਈ ਨਿਊਜ਼ੀਲੈਂਡ ਦੀ ਟੀਮ 'ਚੋਂ ਬਾਹਰ ਕਰ ਦਿੱਤਾ ਗਿਆ ਹੈ। ਕੇਨ ਵਿਲੀਅਮਸਨ ਦੋਵਾਂ ਫਾਰਮੈਟਾਂ ਵਿਚ ਟੀਮ ਦੇ ਕਪਤਾਨ ਹੋਣਗੇ। ਭਾਰਤੀ ਟੀਮ ਨੇ 18 ਨਵੰਬਰ ਤੋਂ ਸ਼ੁਰੂ ਹੋ ਰਹੇ ਨਿਊਜ਼ੀਲੈਂਡ ਦੌਰੇ 'ਤੇ ਤਿੰਨ ਟੀ-20 ਤੇ ਤਿੰਨ ਵਨ ਡੇ ਮੈਚ ਖੇਡਣੇ ਹਨ।

ਨਿਊਜ਼ੀਲੈਂਡ ਕ੍ਰਿਕਟ ਨੇ ਮੰਗਲਵਾਰ ਨੂੰ ਟੀਮ ਦਾ ਐਲਾਨ ਕੀਤਾ। ਸਲਾਮੀ ਬੱਲੇਬਾਜ਼ ਗੁਪਟਿਲ ਦੀ ਥਾਂ ਨੌਜਵਾਨ ਬੱਲੇਬਾਜ਼ ਫਿਲ ਏਲੇਨ ਨੂੰ ਮੌਕਾ ਦਿੱਤਾ ਗਿਆ ਹੈ ਜਦਕਿ ਬੋਰਡ ਦੇ ਕੇਂਦਰੀ ਕਰਾਰ ਤੋਂ ਬਾਹਰ ਰਹਿਣ ਦਾ ਫ਼ੈਸਲਾ ਕਰਨ ਵਾਲੇ ਬੋਲਟ ਦੀ ਥਾਂ ਕਿਸੇ ਹੋਰ ਨੂੰ ਮੌਕਾ ਦਿੱਤਾ ਜਾਵੇਗਾ। ਏਲੇਨ ਹੁਣ ਤਕ 23 ਟੀ-20 ਤੇ ਅੱਠ ਵਨ ਡੇ ਮੈਚ ਖੇਡ ਚੁੱਕੇ ਹਨ ਤੇ ਪੰਜ ਅਰਧ ਸੈਂਕੜੇ ਤੇ ਇਕ ਸੈਂਕੜਾ ਲਾ ਚੁੱਕੇ ਹਨ। ਫਿਨ ਨੂੰ ਟੀ-20 ਤੇ ਵਨ ਡੇ ਦੋਵਾਂ ਟੀਮਾਂ ਵਿਚ ਥਾਂ ਦਿੱਤੀ ਗਈ ਹੈ। ਬੋਲਟ ਦੀ ਗ਼ੈਰਮੌਜੂਦਗੀ ਵਿਚ ਤੇਜ਼ ਹਮਲੇ ਦੀ ਜ਼ਿੰਮੇਵਾਰੀ ਟਿਮ ਸਾਊਦੀ, ਮੈਟ ਹੈਨਰੀ, ਲਾਕੀ ਫਰਗਿਊਸਨ, ਬਲੇਅਰ ਟਿਕਨੇਰ ਤੇ ਐਡਮ ਮਿਲਨੇ ਸੰਭਾਲਣਗੇ। ਮਿਲਨੇ ਨੇ ਆਖ਼ਰੀ ਵਨ ਡੇ 2017 ਵਿਚ ਖੇਡਿਆ ਸੀ।

ਨਿਊਜ਼ੀਲੈਂਡ ਦੇ ਮੁੱਖ ਕੋਚ ਗੈਰੀ ਸਟੀਡ ਨੇ ਕਿਹਾ ਕਿ ਬੋਲਟ ਤੇ ਗੁਪਟਿਲ ਨੂੰ ਬਾਹਰ ਕਰਨਾ ਸੌਖਾ ਨਹੀਂ ਸੀ ਪਰ ਅਸੀਂ ਭਵਿੱਖ ਵੱਲ ਦੇਖਣਾ ਹੈ। ਬੋਲਟ ਨੇ ਅਗਸਤ ਵਿਚ ਨਿਊਜ਼ੀਲੈਂਡ ਕ੍ਰਿਕਟ ਦਾ ਕਰਾਰ ਛੱਡਣ ਦਾ ਫ਼ੈਸਲਾ ਕੀਤਾ ਸੀ ਤਦ ਅਸੀਂ ਸੰਕੇਤ ਦੇ ਦਿੱਤਾ ਸੀ ਕਿ ਤਰਜੀਹ ਕਰਾਰ ਵਾਲੇ ਖਿਡਾਰੀਆਂ ਨੂੰ ਦਿੱਤੀ ਜਾਵੇਗੀ। ਅਸੀਂ ਅੱਗੇ ਵੱਲ ਦੇਖਣਾ ਹੈ ਤੇ ਦੂਜਿਆਂ ਨੂੰ ਵੀ ਮੌਕਾ ਦਿੱਤਾ ਜਾਣਾ ਜ਼ਰੂਰੀ ਹੈ।

## ਅੱਜ ਤੋਂ ਸ਼ੁਰੂ ਹੋਵੇਗੀ ਭਾਰਤ-ਨਿਊਜ਼ੀਲੈਂਡ ਟੀ-20 ਸੀਰੀਜ਼

ਭਾਰਤੀ ਟੀਮ ਦਾ ਨਿਊਜ਼ੀਲੈਂਡ ਦੌਰਾ 18 ਨਵੰਬਰ ਤੋਂ ਸ਼ੁਰੂ ਹੋ ਰਿਹਾ ਹੈ। ਇਸ ਦੌਰੇ ਦੀ ਸ਼ੁਰੂਆਤ ਤਿੰਨ ਮੈਚਾਂ ਦੀ ਟੀ-20 ਸੀਰੀਜ਼ ਨਾਲ ਹੋਣੀ ਹੈ ਜਿਸ ਲਈ ਹਾਰਦਿਕ ਪਾਂਡਿਆ ਨੂੰ ਟੀਮ ਦਾ ਕਪਤਾਨ ਬਣਾਇਆ ਗਿਆ ਹੈ। ਇਸ ਸੀਰੀਜ਼ ਲਈ ਜ਼ਿਆਦਾਤਰ ਭੋਲੇ-ਭਾਲੇ ਖਿਡਾਰੀਆਂ ਨੂੰ ਆਰਾਮ ਦਿੱਤਾ ਗਿਆ ਹੈ ਤੇ ਨੌਜਵਾਨਾਂ ਨੂੰ ਮੌਕੇ ਮਿਲੇ ਹਨ। ਦੌਰੇ ਦੀ ਸ਼ੁਰੂਆਤ 18 ਨਵੰਬਰ ਨੂੰ ਵੈਲਿੰਗਟਨ ਵਿੱਚ ਇੱਕ ਟੀ-20 ਅੰਤਰਰਾਸ਼ਟਰੀ ਨਾਲ ਹੋਵੇਗੀ, ਜਿਸ ਤੋਂ ਬਾਅਦ ਟੀਮਾਂ 20 ਅਤੇ 22 ਨਵੰਬਰ ਨੂੰ ਦੂਜੇ ਅਤੇ ਤੀਜੇ ਟੀ-20 ਲਈ ਟੌਰੰਗਾ ਅਤੇ ਨੇਪੀਅਰ ਦੀ ਯਾਤਰਾ ਕਰਨਗੀਆਂ। ਵਨਡੇ ਸੀਰੀਜ਼ 25 ਨਵੰਬਰ ਨੂੰ ਆਕਲੈਂਡ 'ਚ ਸ਼ੁਰੂ ਹੋਵੇਗੀ, ਦੂਜਾ ਮੈਚ 27 ਨਵੰਬਰ ਨੂੰ ਹੈਮਿਲਟਨ 'ਚ ਅਤੇ ਆਖਰੀ ਮੈਚ 30 ਨਵੰਬਰ ਨੂੰ ਕ੍ਰਾਈਸਟਚਰਚ 'ਚ ਖੇਡਿਆ ਜਾਵੇਗਾ।



ਹਾਰਦਿਕ ਤੇ ਕੋਚ ਵੀਵੀਐਸ ਲਕਸ਼ਮਣ ਲਈ ਭਾਰਤ ਨੇ ਸੀਰੀਜ਼ ਲਈ ਚੁਣੀ ਗਈ ਟੀਮ ਵਿੱਚ ਓਪਨਿੰਗ ਜੋੜੀ ਬਣਾਉਣਾ ਮੁਸ਼ਕਲ ਹੋ ਸਕਦਾ ਹੈ। ਇਸ ਸੀਰੀਜ਼ ਲਈ ਚੁਣੀ ਗਈ ਟੀਮ 'ਚ ਸਿਰਫ ਦੋ ਅਜਿਹੇ ਬੱਲੇਬਾਜ਼ ਹਨ ਜੋ ਟੀ-20 'ਚ ਲਗਾਤਾਰ ਓਪਨਿੰਗ ਕਰ ਰਹੇ ਹਨ। ਈਸ਼ਾਨ ਕਿਸ਼ਨ ਅਤੇ ਸ਼ੁਭਮਨ ਗਿੱਲ ਕੋਲ ਚੰਗੀ ਸ਼ੁਰੂਆਤ ਦਾ ਤਜਰਬਾ ਹੈ, ਪਰ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਗਿੱਲ ਆਪਣੀ ਸ਼ੁਰੂਆਤ ਕਰਨਗੇ। ਇਨ੍ਹਾਂ ਬੱਲੇਬਾਜ਼ਾਂ ਨੂੰ ਛੱਡ ਕੇ ਟੀਮ 'ਚ ਚੰਗੀ ਸ਼ੁਰੂਆਤੀ ਤਜ਼ਰਬੇ ਵਾਲੇ ਬੱਲੇਬਾਜ਼ਾਂ ਦੀ ਘਾਟ ਹੈ। ਦੀਪਕ ਹੁੱਡਾ ਅਤੇ ਸੂਰਿਆਕੁਮਾਰ ਯਾਦਵ ਨੇ ਕੁਝ ਮੌਕਿਆਂ 'ਤੇ ਓਪਨਿੰਗ ਕੀਤੀ ਹੈ।

## ਮੁੱਕੇਬਾਜ਼ ਮੈਰੀਕਾਮ ਐਥਲੀਟ ਕਮਿਸ਼ਨ ਦੀ ਪ੍ਰਧਾਨ ਬਣੀ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ): ਓਲੰਪਿਕ ਮੈਡਲ ਜੇਤੂ ਮੁੱਕੇਬਾਜ਼ ਐੱਮਸੀ ਮੈਰੀਕਾਮ ਨੂੰ ਸਰਬਸੰਮਤੀ ਨਾਲ ਭਾਰਤੀ ਓਲੰਪਿਕ ਸੰਘ (ਆਈਓਏ) ਦੇ ਐਥਲੀਟ ਕਮਿਸ਼ਨ ਦੀ ਪ੍ਰਧਾਨ ਚੁਣਿਆ ਗਿਆ ਹੈ ਜਦਕਿ ਤਜਰਬੇਕਾਰ ਟੇਬਲ ਟੈਨਿਸ ਖਿਡਾਰੀ ਅਚੰਤਾ ਸ਼ਰਤ ਕਮਲ ਨੂੰ ਕਮਿਸ਼ਨ ਦਾ ਉੱਪ ਪ੍ਰਧਾਨ ਚੁਣਿਆ ਗਿਆ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮੈਰੀਕਾਮ, ਪੀਵੀ ਸਿੰਧੂ ਤੇ ਸ਼ਰਤ ਸਮੇਤ 10 ਪ੍ਰਸਿੱਧ ਖਿਡਾਰੀਆਂ ਨੂੰ ਆਈਓਏ ਐਥਲੀਟ ਕਮਿਸ਼ਨ ਦੇ ਮੈਂਬਰ ਦੇ ਰੂਪ ਵਿਚ ਬਿਨਾਂ ਵਿਰੋਧ ਚੁਣਿਆ ਗਿਆ ਸੀ। ਕਮਿਸ਼ਨ ਦੇ ਪ੍ਰਧਾਨ ਤੇ ਉੱਪ ਪ੍ਰਧਾਨ ਅਹੁਦੇ ਦੀ ਚੋਣ ਇਹ ਚੁਣੇ ਹੋਏ ਮੈਂਬਰ ਆਪਣੇ ਵਿਚੋਂ ਹੀ ਕਰਦੇ ਹਨ। ਇਨ੍ਹਾਂ ਲੋਕਾਂ ਨੇ ਅੱਠ ਉੱਚ ਯੋਗਤਾ ਵਾਲੇ ਖਿਡਾਰੀ (ਐੱਸਓਐੱਮ) ਦੀ ਚੋਣ ਕਰਨੀ ਹੈ। ਐਥਲੀਟ ਕਮਿਸ਼ਨ ਦੇ ਪ੍ਰਧਾਨ ਤੇ ਉੱਪ ਪ੍ਰਧਾਨ ਦੇ ਨਾਲ ਐੱਸਓਐੱਮ 10 ਦਸੰਬਰ ਨੂੰ ਹੋਣ ਵਾਲੀਆਂ ਆਈਓਏ ਪ੍ਰਧਾਨ ਦੀਆਂ ਚੋਣਾਂ ਲਈ ਚੋਣ ਮੰਡਲ ਦਾ ਗਠਨ ਕਰਨਗੇ।



# ਆਸਟ੍ਰੇਲੀਅਨ ਓਪਨ ਲਈ ਨੋਵਾਕ ਜੋਕੋਵਿਕ ਨੂੰ ਵੀਜ਼ਾ ਮਿਲਣਾ ਤੈਅ

ਮੈਲਬੌਰਨ, 17 ਨਵੰਬਰ (ਪੋਸਟ ਬਿਊਰੋ): ਸਟਾਰ ਟੈਨਿਸ ਖਿਡਾਰੀ ਨੋਵਾਕ ਜੋਕੋਵਿਕ ਨੂੰ ਜਨਵਰੀ ਵਿਚ ਆਸਟ੍ਰੇਲੀਆ ਤੋਂ ਬਾਹਰ ਕੱਢੇ ਜਾਣ ਦੇ ਬਾਵਜੂਦ ਅਗਲੇ ਸਾਲ ਹੋਣ ਵਾਲੇ ਆਸਟ੍ਰੇਲੀਅਨ ਓਪਨ ਲਈ ਵੀਜ਼ਾ ਮਿਲਣਾ ਤੈਅ ਹੈ।



ਆਸਟ੍ਰੇਲਿਆਈ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਮੰਗਲਵਾਰ ਨੂੰ ਕਿਹਾ ਕਿ ਉਸ ਨੇ ਖ਼ਬਰਾਂ ਦੀਆਂ ਰਿਪੋਰਟਾਂ ਦੀ ਪੁਸ਼ਟੀ ਕੀਤੀ ਹੈ ਕਿ ਇੰਮੀਗ੍ਰੇਸ਼ਨ ਮੰਤਰੀ ਨੇ ਜੋਕੋਵਿਕ ਦੇ ਸੰਭਾਵਿਤ ਤਿੰਨ ਸਾਲ ਦੀ ਪਾਬੰਦੀ ਦੇ ਫ਼ੈਸਲੇ ਨੂੰ ਪਲਟ ਦਿੱਤਾ ਹੈ। ਆਸਟ੍ਰੇਲਿਆਈ ਬਾਰਡਰ ਫੋਰਸ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਕੁਝ ਹਾਲਾਤ ਵਿਚ ਪਾਬੰਦੀ ਦੇ ਸਮੇਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇੰਮੀਗ੍ਰੇਸ਼ਨ ਮੰਤਰੀ ਐਂਡਰਿਊ ਜਾਈਲਸ ਦੇ ਦਫਤਰ ਨੇ ਨਿੱਜਤਾ ਦੇ ਆਧਾਰ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਸਰਬੀਆ ਦੇ 21 ਵਾਰ ਦੇ ਗਰੈਂਡ ਸਲੈਮ ਚੈਂਪੀਅਨ ਜੋਕੋਵਿਕ ਨੂੰ ਇਸ ਸਾਲ ਦੇ ਸ਼ੁਰੂ ਵਿਚ ਆਸਟ੍ਰੇਲੀਅਨ ਓਪਨ ਵਿਚ ਆਪਣੇ ਖ਼ਿਤਾਬ ਦੇ ਬਚਾਅ ਦਾ ਮੌਕਾ ਨਹੀਂ ਮਿਲ ਸਕਿਆ ਸੀ ਕਿਉਂਕਿ ਕੋਵਿਡ-19 ਦਾ ਟੀਕਾਕਰਨ ਨਾ ਕਰਵਾਉਣ ਕਾਰਨ ਉਨ੍ਹਾਂ ਨੂੰ 10 ਦਿਨ ਤਕ ਚੱਲੇ ਨਾਟਕੀ ਘਟਨਾਕ੍ਰਮ ਤੋਂ ਬਾਅਦ ਆਸਟ੍ਰੇਲੀਆ ਤੋਂ ਬਾਹਰ ਕਰ ਦਿੱਤਾ ਗਿਆ ਸੀ। ਕੋਵਿਡ-19 ਦਾ ਟੀਕਾ ਨਾ ਲਗਵਾਉਣ ਲਈ ਜੋਕੋਵਿਕ ਇਸ ਸਾਲ ਕਈ ਟੂਰਨਾਮੈਂਟਾਂ ਵਿਚ ਹਿੱਸਾ ਨਹੀਂ ਲੈ ਸਕੇ ਸਨ।

## ਮਾਈਕਲ ਵਾਨ ਨੂੰ ਹਾਰਦਿਕ ਨੇ ਦਿੱਤਾ ਜਵਾਬ: ਕਿਹਾ, ਭਾਰਤੀ ਖਿਡਾਰੀਆਂ ਨੂੰ ਕੁਝ ਸਾਬਤ ਕਰਨ ਦੀ ਲੋੜ ਨਹੀਂ

ਵੇਲਿੰਗਟਨ, 17 ਨਵੰਬਰ (ਪੋਸਟ ਬਿਊਰੋ): ਨਿਊਜ਼ੀਲੈਂਡ ਵਿਰੁੱਧ ਟੀ-20 ਲੜੀ ਲਈ ਭਾਰਤ ਦੇ ਕਪਤਾਨ ਹਾਰਦਿਕ ਪੰਡਯਾ ਨੇ ਇੰਗਲੈਂਡ ਦੇ ਸਾਬਕਾ ਕ੍ਰਿਕਟਰ ਮਾਈਕਲ ਵਾਨ ਨੂੰ ਜਵਾਬ ਦਿੰਦੇ ਹੋਏ ਬੁੱਧਵਾਰ ਨੂੰ ਕਿਹਾ ਕਿ ਭਾਰਤੀ ਖਿਡਾਰੀਆਂ ਨੂੰ 'ਕਿਸੇ ਨੂੰ ਕੁਝ ਸਾਬਤ ਕਰਨ ਦੀ ਲੋੜ ਨਹੀਂ ਹੈ।''ਜ਼ਿਕਰਯੋਗ ਹੈ ਕਿ ਵਾਨ ਨੇ ਟੀ-20 ਵਿਸ਼ਵ ਕੱਪ 2022 ਦੀ ਸਮਾਪਤੀ ਤੋਂ ਬਾਅਦ ਡੇਲੀ ਟੈਲੀਗ੍ਰਾਫ ਅਖਬਾਰ ਵਿਚ ਲਿਖਿਆ ਸੀ ਕਿ ਭਾਰਤ ਨੇ 'ਸੀਮਤ ਓਵਰ ਕ੍ਰਿਕਟ' ਵਿਚ ਹਮੇਸ਼ਾ ਉਮੀਦਾਂ ਤੋਂ ਘੱਟ ਪ੍ਰਦਰਸ਼ਨ ਕੀਤਾ ਹੈ।'' ਪੰਡਯਾ ਨੇ ਟੀ-20 ਲੜੀ ਤੋਂ ਪਹਿਲਾਂ ਇੱਥੇ ਆਯੋਜਿਤ ਪੱਤਰਕਾਰ ਸੰਮੇਲਨ ਵਿਚ ਕਿਹਾ,''ਜਦੋਂ ਤੁਸੀਂ ਚੰਗਾ ਪ੍ਰਦਰਸ਼ਨ ਨਹੀਂ ਕਰਦੇ ਤਾਂ ਲੋਕ ਆਪਣੇ ਵਿਚਾਰ ਦੇਣਗੇ, ਜਿਸ ਦਾ ਅਸੀਂ ਸਨਮਾਨ ਕਰਦੇ ਹਾਂ। ਮੈਂ ਸਮਝਦਾ ਹਾਂ ਕਿ ਲੋਕਾਂ ਦਾ ਵੱਖ-ਵੱਖ ਨਜ਼ਰੀਆ ਹੁੰਦਾ ਹੈ। ਕੌਮਾਂਤਰੀ ਪੱਧਰ 'ਤੇ ਹੋਣ ਦੇ ਨਾਤੇ, ਮੈਨੂੰ ਨਹੀਂ ਲੱਗਦਾ ਕਿ ਸਾਨੂੰ ਕਿਸੇ ਨੂੰ ਕੁਝ ਸਾਬਤ ਕਰਨ ਦੀ ਲੋੜ ਹੈ।''ਪੰਡਯਾ ਨੇ ਕਿਹਾ,''ਇਹ ਇਕ ਖੇਡ ਹੈ। ਤੁਸੀਂ ਬਿਹਤਰ ਹੋਣ ਦੀ ਕੋਸ਼ਿਸ਼ ਕਰਦੇ ਹੋ ਤੇ ਜਦੋਂ ਇਸਦਾ ਨਤੀਜਾ ਮਿਲਣ ਦਾ ਸਮਾਂ ਹੁੰਦਾ ਹੈ, ਤਦ ਨਤੀਜਾ ਮਿਲਦਾ ਹੈ। ਕੁਝ ਚੀਜ਼ਾਂ ਹਨ, ਜਿਨ੍ਹਾਂ 'ਤੇ ਸਾਨੂੰ ਕੰਮ ਕਰਨ ਦੀ ਲੋੜ ਹੈ। ਅੱਗੇ ਵਧਦੇ ਹੋਏ ਅਸੀਂ ਆਪਣੀਆਂ ਗਲਤੀਆਂ ਨੂੰ ਸੁਧਾਰਾਂਗੇ ਤੇ ਉਨ੍ਹਾਂ 'ਤੇ ਕੰਮ ਕਰਾਂਗੇ।''


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
MCNE
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
2500-3000 sq feet ਦਾ Detached ਘਰ
$3,700/month (4 ਬੈਂਡਰੂਮ + 1 ਡੇਨ+ 4 ਵਾਸ਼ਰੂਮ)
ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
2nd ਫਲੋਰ ਤੇ 9 ਫੁੱਟ ਦੀ ਸੀਲੀਂਗ
ਪੂਰਾ ਘਰ $4700/month with unfurnished ਬੇਸਮੇਂਟ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
1ਸਾਲ ਦੀ Lease, Credit Report, Full Rental App.
First & Last month + Key Deposit
LISTED IN BRAMPTON
MAYFIELD / MCLAUGHLIN
Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
3+1 ਬੈਂਡਰੂਮ + 4 ਵਾਸ਼ਰੂਮ
1 ਬੈਂਡਰੂਮ Legal Finished Basement with Seperate Entrance
9 ਫੁੱਟ ਦੀ ਸੀਲੀਂਗ
ਸਟੈਂਡਰਡ ਓਕ ਸਟੈਅਰ ਕੇਸ
ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
1500-2000 sq feet ਦਾ ਘਰ
3+1 ਬੈਂਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
Extended ਡਰਾਈਵਵੇਅ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
Call JAG AUJLA DIR:416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


Tri-City
Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
SOLD
$1,749,900
8337 ਗਲਫ ਲਾਈਨ
416-802-5866
SOLD
$1,950,000
26 Yellow RomeRd


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017